ਸੱਚ ਦੀ ਆਵਾਜ਼ ਹੱਕ ਦੀ ਆਵਾਜ਼

# ਜ਼ਿਕਰ ਪੰਜਾਬ

ਕੁਲ ਪੰਨੇ : 8 ਮੁੱਲ : 3/- ਰੁਪਏ
ਲੁਧਿਆਣਾ : ਸੋਮਵਾਰ, 18 ਮਈ ਤੋਂ ਐਤਵਾਰ, 24 ਮਈ, 2026

WEEKLY ZIKAR PUNJAB
ਮੁੱਖ ਸੰਪਾਦਕ : ਅਸ਼ਵਨੀ ਜੇਤਲੀ/ਸਹਿ-ਸੰਪਾਦਕ : ਬਲਵਿੰਦਰ ਕੁਮਾਰ

ਹਫਤਾਵਾਰੀ ਅਖ਼ਬਾਰ
Ludhiana : Monday, 18 May to Sunday, 24 May 2026

E-mail : zikarpunjab44@gmail.com | RNI-PUNPUN/2017/75418 | ਮੋਬਾਈਲ ਨੰ. : 9815024577 | ਸਾਲ : 10 ਅੰਕ : 20 | Website : www.zikarpunjab.com

## ਭਾਰਤ ਵਾਪਸ ਆਵੇਗੀ 1000 ਸਾਲ ਪੁਰਾਣੀ ਚੋਲ ਵਿਰਾਸਤ

### ਨੀਦਰਲੈਂਡ ਨੇ ਵਾਪਸ ਕੀਤੀਆਂ ਤਾਂਬੇ ਦੀਆਂ ਪਲੇਟਾਂ



ਜ਼ਿਕਰ ਪੰਜਾਬ

**ਐਮਸਟਰਡਮ/ਬਿਊਰੋ**

ਨੀਦਰਲੈਂਡ ਨੇ ਸ਼ਨੀਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਮੌਜੂਦਗੀ ਵਿੱਚ ਚੋਲ ਰਾਜਵੰਸ਼ ਨਾਲ ਸਬੰਧਤ ਤਾਂਬੇ ਦੀਆਂ ਪਲੇਟਾਂ ਭਾਰਤ ਨੂੰ ਵਾਪਸ ਕਰ ਦਿੱਤੀਆਂ। ਇਹ ਤਾਂਬੇ ਦੀਆਂ ਪਲੇਟਾਂ 11ਵੀਂ ਸਦੀ ਦੀਆਂ ਹਨ ਅਤੇ ਇਸ ਕਦਮ ਨੂੰ ਦੋਵਾਂ ਦੇਸ਼ਾਂ ਵਿਚਕਾਰ ਮਜ਼ਬੂਤ ਸਬੰਧਾਂ ਦੇ ਪ੍ਰਤੀਕ ਵਜੋਂ ਦੇਖਿਆ ਜਾ ਰਿਹਾ ਹੈ। ਪੀਐਮ ਮੋਦੀ ਸ਼ੁੱਕਰਵਾਰ ਨੂੰ ਸੰਯੁਕਤ ਅਰਬ ਅਮੀਰਾਤ (ਯੂਏਈ) ਦਾ ਦੌਰਾ ਕਰਨ ਤੋਂ ਬਾਅਦ ਨੀਦਰਲੈਂਡ ਪਹੁੰਚੇ, ਜੋ ਕਿ ਉਨ੍ਹਾਂ ਦੇ ਪੰਜ ਦੇਸ਼ਾਂ ਦੇ ਦੌਰੇ ਦਾ ਦੂਜਾ ਪੜਾਅ ਹੈ, ਜਿਸ ਵਿੱਚ ਸਵੀਡਨ, ਨਾਰਵੇ ਅਤੇ ਇਟਲੀ ਵੀ ਸ਼ਾਮਲ ਹਨ। ਉਨ੍ਹਾਂ ਨੇ ਇਸ ਮੌਕੇ ਨੂੰ "ਹਰ ਭਾਰਤੀ ਲਈ ਖੁਸ਼ੀ ਦਾ ਪਲ" ਦੱਸਿਆ। ਪੀਐਮ ਮੋਦੀ ਨੇ ਐਕਸ 'ਤੇ ਲਿਖਿਆ, "ਸਾਰੇ ਭਾਰਤੀਆਂ ਲਈ ਖੁਸ਼ੀ ਦਾ ਪਲ! 11ਵੀਂ ਸਦੀ ਦੇ ਚੋਲ ਕਾਲ ਦੇ ਤਾਂਬੇ ਦੇ ਸ਼ਿਲਾਲੇਖ ਨੀਦਰਲੈਂਡਜ਼ ਤੋਂ ਭਾਰਤ ਵਾਪਸ ਕੀਤੇ ਜਾ ਰਹੇ ਹਨ। ਮੈਨੂੰ ਇਸ ਮੌਕੇ 'ਤੇ ਹੋਏ ਸਮਾਰੋਹ ਵਿੱਚ ਪ੍ਰਧਾਨ ਮੰਤਰੀ ਮਾਰਕ ਰੁਟੇ ਨਾਲ ਮੌਜੂਦ ਰਹਿਣ ਦਾ ਸੁਭਾਗ ਪ੍ਰਾਪਤ ਹੋਇਆ।" ਉਨ੍ਹਾਂ ਕਿਹਾ ਕਿ ਚੋਲ ਕਾਲ ਦੇ ਇਨ੍ਹਾਂ ਤਾਂਬੇ ਦੇ ਸ਼ਿਲਾਲੇਖਾਂ ਵਿੱਚ 21 ਵੱਡੇ ਅਤੇ 3 ਛੋਟੇ ਸ਼ਿਲਾਲੇਖ ਸ਼ਾਮਲ ਹਨ। ਇਨ੍ਹਾਂ ਵਿੱਚੋਂ ਜ਼ਿਆਦਾਤਰ ਸ਼ਿਲਾਲੇਖ ਤਾਮਿਲ ਵਿੱਚ ਉੱਕਰੇ ਹੋਏ ਹਨ, ਜੋ ਕਿ ਦੁਨੀਆ ਦੀਆਂ ਸਭ ਤੋਂ ਸੁੰਦਰ ਭਾਸ਼ਾਵਾਂ ਵਿੱਚੋਂ ਇੱਕ ਹੈ। ਇਹ ਸ਼ਿਲਾਲੇਖ ਸਮਰਾਟ ਰਾਜੇਂਦਰ ਚੋਲ ਪਹਿਲੇ ਦੁਆਰਾ ਆਪਣੇ ਪਿਤਾ ਰਾਜਰਾਜ ਚੋਲ ਪਹਿਲੇ ਨਾਲ ਕੀਤੇ ਗਏ ਮੌਖਿਕ ਵਾਅਦੇ ਨੂੰ ਰਸਮੀ ਰੂਪ ਦਿੰਦੇ ਹਨ। ਇਸ ਤੋਂ ਇਲਾਵਾ, ਉਹ ਚੋਲਾਂ ਦੀ ਮਹਿਮਾ ਦੀ ਵਡਿਆਈ ਕਰਦੇ ਹਨ। ਭਾਰਤੀ ਹੋਣ ਦੇ ਨਾਤੇ, ਸਾਨੂੰ ਚੋਲ ਸੱਭਿਆਚਾਰ ਅਤੇ ਜਲ ਸੈਨਾ ਸ਼ਕਤੀ 'ਤੇ ਬਹੁਤ ਮਾਣ ਹੈ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ, "ਮੈਂ ਨੀਦਰਲੈਂਡ ਸਰਕਾਰ ਅਤੇ ਖਾਸ ਕਰਕੇ ਲੀਡੇਨ ਯੂਨੀਵਰਸਿਟੀ ਦਾ ਧੰਨਵਾਦ ਕਰਦਾ ਹਾਂ, ਜਿਸਨੇ 19ਵੀਂ ਸਦੀ ਦੇ ਪਰਿਵਰਤਨਸ਼ੀਲ ਸਮੇਂ ਤੋਂ ਇਨ੍ਹਾਂ ਤਾਂਬੇ ਦੇ ਸ਼ਿਲਾਲੇਖਾਂ ਨੂੰ ਸੁਰੱਖਿਅਤ ਰੱਖਿਆ ਹੈ। ਭਾਰਤ 2012 ਤੋਂ ਨੀਦਰਲੈਂਡ ਵਿੱਚ ਲੀਡੇਨ ਪਲੇਟਾਂ ਵਜੋਂ ਜਾਣੀਆਂ ਜਾਂਦੀਆਂ ਅਨਾਈਮੰਗਲਮ ਤਾਂਬੇ ਦੀਆਂ ਪਲੇਟਾਂ ਦੀ • ਬਾਕੀ ਸਫ਼ਾ 2 'ਤੇ

## ਪ੍ਰਧਾਨ ਮੰਤਰੀ ਮੋਦੀ ਨੂੰ ਮਿਲਿਆ ਸਵੀਡਨ ਦਾ ਵੱਕਾਰੀ ਸਨਮਾਨ 'ਰੌਇਲ ਆਰਡਰ ਆਫ਼ ਪੋਲਰ ਸਟਾਰ'



ਜ਼ਿਕਰ ਪੰਜਾਬ

**ਸਟਾਕਹੋਲਮ/ਬਿਊਰੋ**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਐਤਵਾਰ ਨੂੰ ਸਵੀਡਨ ਦੇ ਸਰਵਉੱਚ ਸਨਮਾਨ 'ਰੌਇਲ ਆਰਡਰ ਆਫ਼ ਪੋਲਰ ਸਟਾਰ' ਨਾਲ ਨਿਵਾਜਿਆ ਗਿਆ। ਇਹ ਇਸ ਸਕੈਂਡੀਨੇਵਿਆਈ ਦੇਸ਼ ਵੱਲੋਂ ਕਿਸੇ ਵੀ ਦੇਸ਼ ਦੇ ਸਰਕਾਰ ਦੇ ਮੁਖੀ ਨੂੰ ਦਿੱਤਾ ਜਾਣ ਵਾਲਾ ਸਭ ਤੋਂ ਵੱਡਾ ਅਤੇ ਵੱਕਾਰੀ ਸਨਮਾਨ ਹੈ। ਇਹ ਅੰਤਰਰਾਸ਼ਟਰੀ ਪੱਧਰ 'ਤੇ ਪ੍ਰਧਾਨ ਮੰਤਰੀ ਮੋਦੀ ਨੂੰ ਮਿਲਣ ਵਾਲਾ 31ਵਾਂ ਸਰਵਉੱਚ ਸਨਮਾਨ ਹੈ, ਜੋ ਵਿਸ਼ਵ ਪੱਧਰ 'ਤੇ ਉਨ੍ਹਾਂ ਦੀ ਮਜ਼ਬੂਤ ਲੀਡਰਸ਼ਿਪ ਨੂੰ ਦਰਸਾਉਂਦਾ ਹੈ। 'ਰੌਇਲ ਆਰਡਰ ਆਫ਼ ਪੋਲਰ ਸਟਾਰ' ਦੀ ਸਥਾਪਨਾ ਸਾਲ • ਬਾਕੀ ਸਫ਼ਾ 2 'ਤੇ

## ਖ਼ਤਰਨਾਕ ਵਾਇਰਸ ਇਬੋਲਾ ਦਾ ਕਹਿਰ, 80 ਮੌਤਾਂ



ਜ਼ਿਕਰ ਪੰਜਾਬ

**ਕਾਂਗੋ /ਬਿਊਰੋ**

ਵਿਸ਼ਵ ਸਿਹਤ ਸੰਗਠਨ ਨੇ ਐਤਵਾਰ ਨੂੰ ਕਾਂਗੋ ਅਤੇ ਯੁਗਾਂਡਾ ਦੇ ਲੋਕਤੰਤਰੀ ਗਣਰਾਜ ਵਿੱਚ ਇਬੋਲਾ ਵਾਇਰਸ ਦੇ ਪ੍ਰਕੋਪ ਨੂੰ ਅੰਤਰਰਾਸ਼ਟਰੀ ਜਨਤਕ ਸਿਹਤ ਐਮਰਜੈਂਸੀ ਘੋਸ਼ਿਤ ਕੀਤਾ ਹੈ। ਹਾਲਾਂਕਿ, ਡਬਲਿਊ ਐੱਚ ਓ ਨੇ ਸਪੱਸ਼ਟ ਕੀਤਾ ਕਿ ਬੁੰਡੀਬੁਗਿਓ ਵਾਇਰਸ ਕਾਰਨ ਹੋਣ ਵਾਲਾ ਇਨਫੈਕਸ਼ਨ ਮਹਾਂਮਾਰੀ ਦੇ ਮਾਪਦੰਡਾਂ ਨੂੰ ਪੂਰਾ ਨਹੀਂ ਕਰਦਾ। ਸੰਯੁਕਤ ਰਾਸ਼ਟਰ ਦੀ ਸਿਹਤ ਏਜੰਸੀ ਦੇ ਅਨੁਸਾਰ ਸ਼ਨੀਵਾਰ ਤੱਕ ਕਾਂਗੋ ਦੇ ਇਟੂਰੀ ਪ੍ਰਾਂਤ ਵਿੱਚ ਘੱਟੋ-ਘੱਟ ਤਿੰਨ ਸਿਹਤ ਖੇਤਰਾਂ (ਬੁਨੀਆ, ਰਵਾਂਪਾਰਾ ਅਤੇ ਮੋਂਗਬਵਾਲੂ) ਵਿੱਚ 80 ਸ਼ੱਕੀ ਮੌਤਾਂ, 8 ਪ੍ਰਯੋਗਸ਼ਾਲਾ-ਪੁਸ਼ਟੀ ਕੀਤੇ ਕੇਸ ਅਤੇ 246 ਸ਼ੱਕੀ ਮਾਮਲੇ ਦਰਜ ਕੀਤੇ ਗਏ ਸਨ। ਇਬੋਲਾ ਇੱਕ ਬਹੁਤ ਹੀ ਖਤਰਨਾਕ ਵਾਇਰਸ ਨਾਲ ਹੋਣ ਵਾਲੀ ਬਿਮਾਰੀ ਹੈ। ਇਹ ਸੰਕਰਮਣ ਕਾਫ਼ੀ ਗੰਭੀਰ ਹੁੰਦਾ ਹੈ ਅਤੇ ਕਈ ਵਾਰ ਮੌਤ ਦਾ ਕਾਰਨ ਵੀ ਬਣ ਸਕਦਾ ਹੈ। ਇਹ ਵਾਇਰਸ ਸੰਕਰਮਿਤ ਵਿਅਕਤੀ ਦੇ ਸਰੀਰਕ ਤਰਲ ਪਦਾਰਥਾਂ ਜਿਵੇਂ ਖ਼ੂਨ, ਉਲਟੀ, ਪਸੀਨਾ ਜਾਂ ਵੀਰਜ ਨਾਲ ਸੰਪਰਕ ਵਿੱਚ ਆਉਣ ਨਾਲ ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਤੱਕ ਫੈਲਦਾ ਹੈ। ਇਸਦਾ ਪੱਕਾ ਇਲਾਜ ਅਜੇ ਤੱਕ ਨਹੀਂ ਹੈ ਪਰ ਇਸ ਤੋਂ ਬਚਾਅ ਲਈ ਵੈਕਸੀਨ ਮੌਜੂਦ ਹੈ। ਕਾਂਗੋ ਤੋਂ ਯਾਤਰਾ ਕਰ ਰਹੇ ਦੋ ਵਿਅਕਤੀਆਂ ਵਿੱਚ 15 ਅਤੇ 16 ਮਈ 2026 ਨੂੰ ਕੰਪਾਲਾ ਵਿੱਚ ਲੈਬ ਦੁਆਰਾ ਪੁਸ਼ਟੀਸ਼ੁਦਾ ਇਬੋਲਾ ਦੇ ਦੋ ਮਾਮਲੇ ਸਾਹਮਣੇ ਆਏ ਹਨ, ਹਾਲਾਂਕਿ ਦੋਹਾਂ ਵਿੱਚ ਕੋਈ ਸਿੱਧਾ ਸੰਬੰਧ ਨਹੀਂ ਮਿਲਿਆ। ਇਟੂਰੀ ਦੇ ਕਈ ਹੈਲਥ ਖੇਤਰਾਂ ਵਿੱਚ ਬੁੰਡੀਬੁਗਿਓ ਵਾਇਰਸ ਰੋਗ ਦੇ ਲੱਛਣਾਂ ਨਾਲ ਮੌਤਾਂ ਦੀਆਂ ਖਬਰਾਂ ਮਿਲ • ਬਾਕੀ ਸਫ਼ਾ 2 'ਤੇ

## ਪੰਜਾਬ-ਚੰਡੀਗੜ੍ਹ 'ਚ ਤੋਂ ਹੀਟਵੇਵ ਦਾ ਅਲਰਟ



ਜ਼ਿਕਰ ਪੰਜਾਬ

**ਚੰਡੀਗੜ੍ਹ/ਬਿਊਰੋ**

ਪੰਜਾਬ ਅਤੇ ਚੰਡੀਗੜ੍ਹ ਵਿੱਚ ਇਕ ਵਾਰ ਫਿਰ ਤਾਪਮਾਨ ਤੇਜ਼ੀ ਨਾਲ ਵੱਧ ਰਿਹਾ ਹੈ। ਅੱਜ 17 ਮਈ ਨੂੰ ਸੂਬੇ ਭਰ ਵਿੱਚ ਮੌਸਮ ਖੁਸ਼ਕ ਰਹਿਣ ਦੀ ਸੰਭਾਵਨਾ ਹੈ, ਜਦਕਿ ਕੱਲ੍ਹ ਤੋਂ ਅਗਲੇ ਪੰਜ ਦਿਨਾਂ ਤੱਕ ਗਰਮੀ ਦੀ ਲਹਿਰ ਲੋਕਾਂ ਨੂੰ ਪਰੇਸ਼ਾਨ ਕਰ ਸਕਦੀ ਹੈ। ਚੰਡੀਗੜ੍ਹ ਮੌਸਮ ਕੇਂਦਰ ਦੇ ਅਨੁਸਾਰ ਸ਼ਨੀਵਾਰ ਦੇ ਮੁਕਾਬਲੇ ਤਾਪਮਾਨ ਵਿੱਚ 2.1 ਡਿਗਰੀ ਸੈਲਸੀਅਸ ਦਾ ਵਾਧਾ ਦਰਜ ਕੀਤਾ ਗਿਆ ਹੈ ਅਤੇ ਹੁਣ ਇਹ ਆਮ ਪੱਧਰ ਦੇ ਨੇੜੇ ਪਹੁੰਚ ਗਿਆ ਹੈ। ਸਭ ਤੋਂ ਵੱਧ ਤਾਪਮਾਨ ਫਰੀਦਕੋਟ ਵਿੱਚ 42.6 ਡਿਗਰੀ ਸੈਲਸੀਅਸ ਦਰਜ ਹੋਇਆ। ਮੌਸਮ ਵਿਭਾਗ ਮੁਤਾਬਕ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ ਤਾਪਮਾਨ 36 ਡਿਗਰੀ ਤੋਂ ਉੱਪਰ ਚਲਾ ਗਿਆ ਹੈ, ਜਦਕਿ ਪਟਿਆਲਾ, ਬਠਿੰਡਾ ਅਤੇ ਫਰੀਦਕੋਟ ਵਿੱਚ ਪਾਰਾ 40 ਡਿਗਰੀ ਤੋਂ ਵੀ ਵੱਧ ਰਿਹਾ। ਚੰਡੀਗੜ੍ਹ ਵਿੱਚ 39 ਡਿਗਰੀ ਤਾਪਮਾਨ ਦਰਜ ਕੀਤਾ ਗਿਆ। ਇਸ ਤੋਂ ਇਲਾਵਾ ਅੰਮ੍ਰਿਤਸਰ 38.2, ਲੁਧਿਆਣਾ 39.8, ਪਟਿਆਲਾ 40.8, ਪਠਾਨਕੋਟ 37.6, ਬਠਿੰਡਾ 40.6, ਗੁਰਦਾਸਪੁਰ 38, ਫਾਜ਼ਿਲਕਾ 39 • ਬਾਕੀ ਸਫ਼ਾ 2 'ਤੇ

## ਜਲੰਧਰ ਪੁਲਿਸ ਵੱਲੋਂ 4 ਸ਼ੂਟਰ ਗ੍ਰਿਫ਼ਤਾਰ, 8 ਪਿਸਤੌਲ ਤੇ 45 ਜਿੰਦਾ ਕਾਰਤੂਸ ਬਰਾਮਦ

ਜ਼ਿਕਰ ਪੰਜਾਬ

**ਜਲੰਧਰ/ਬਲਵਿੰਦਰ ਕੁਮਾਰ**

ਜਲੰਧਰ ਕਮਿਸ਼ਨਰੇਟ ਪੁਲਿਸ ਅਤੇ ਸੀਆਈਏ ਸਟਾਫ ਨੇ ਗੈਂਗਸਟਰ ਗੋਲਡੀ ਬਰਾੜ ਦੇ ਚਾਰ ਸ਼ੂਟਰਾਂ ਨੂੰ ਗ੍ਰਿਫਤਾਰ ਕਰਕੇ ਉਹਨਾਂ ਕੋਲੋਂ ਅੱਠ ਨਜਾਇਜ਼ ਪਿਸਤੌਲ ਅਤੇ 45 ਜ਼ਿੰਦਾ ਕਾਰਤੂਸ ਬਰਾਮਦ ਕੀਤੇ ਹਨ। ਇਸ ਸਬੰਧੀ ਪੁਲਿਸ ਕਮਿਸ਼ਨਰ ਜਲੰਧਰ ਧਨਪ੍ਰੀਤ ਕੌਰ ਨੇ ਦੱਸਿਆ ਕਿ ਡੀਸੀਪੀ ਮਨਪ੍ਰੀਤ ਸਿੰਘ ਢਿੱਲੋਂ, ਏਡੀਸੀਪੀ ਜੈਅੰਤਪੁਰੀ, ਏਸੀਪੀ ਅਮਰਬੀਰ ਸਿੰਘ ਅਤੇ ਇੰਚਾਰਜ ਸੀਆਈਏ ਸੁਰਿੰਦਰ ਕੁਮਾਰ ਨੇ ਅੰਤਰਰਾਸ਼ਟਰੀ ਗੈਂਗਸਟਰ ਗੋਲਡੀ ਬਰਾੜ ਦੇ ਸ਼ੂਟਰਾਂ ਨੂੰ ਕਾਬੂ ਕਰਨ ਲਈ ਵਿਸ਼ੇਸ਼ ਰਣਨੀਤੀ ਬਣਾਈ ਸੀ। ਉਨ੍ਹਾਂ ਦੱਸਿਆ ਕਿ ਜਲੰਧਰ ਕੈਂਟ ਰੋਡ ਗਸ਼ਤ ਦੌਰਾਨ ਉਹਨਾਂ ਨੂੰ ਸੂਚਨਾ ਮਿਲੀ ਕਿ ਕੁਝ ਲੋਕ ਸਵਿਫਟ ਕਾਰ




ਵਿੱਚ ਅਸਲਾ ਲੈ ਕੇ ਘੁੰਮ ਰਹੇ ਹਨ। ਪੁਲਿਸ ਨੇ ਡੇਅਰੀ ਕੰਪਲੈਕਸ ਜਮਸ਼ੇਰ ਤੋਂ ਅਰਬਨ ਸਟੇਟ ਫੇਸ ਦੋ ਨੂੰ ਜਾਂਦੀ ਸੜਕ 'ਤੇ ਨਾਕਾਬੰਦੀ ਕਰਕੇ ਸਿਲਵਰ ਰੰਗ ਦੀ ਸਵਿਫਟ ਕਾਰ ਨੂੰ ਰੋਕ ਕੇ ਚੈੱਕ ਕੀਤਾ ਤਾਂ ਚਾਰ ਸ਼ੂਟਰਾਂ ਨੂੰ ਮੌਕੇ ਤੋਂ ਗ੍ਰਿਫਤਾਰ ਕਰ ਲਿਆ ਹੈ। ਉਨ੍ਹਾਂ ਦੱਸਿਆ ਕਿ ਫੜੇ ਗਏ ਸ਼ੂਟਰਾਂ ਦੀ ਪਹਿਚਾਣ ਸੁਖਵੰਤ ਸਿੰਘ ਸੁੱਖਾ ਸੇਖੋ ਪੁੱਤਰ ਰੇਸ਼ਮ ਸਿੰਘ • ਬਾਕੀ ਸਫ਼ਾ 2 'ਤੇ

## ਹੈਦਰਾਬਾਦ ਉਤਰਣ ਵਾਲੇ ਜਹਾਜ਼ਾਂ ਨੂੰ ਲਗਾਤਾਰ ਮਿਲ ਰਹੀ ਬੰਬ ਦੀ ਧਮਕੀ

ਜ਼ਿਕਰ ਪੰਜਾਬ

**ਨਵੀਂ ਦਿੱਲੀ/ਬਿਊਰੋ**

ਹੈਦਰਾਬਾਦ ਦੇ ਰਾਜੀਵ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਐਤਵਾਰ ਨੂੰ ਉਸ ਸਮੇਂ ਹੜਕੰਪ ਮੱਚ ਗਿਆ, ਜਦੋਂ ਐਮਸਟਰਡਮ ਤੋਂ ਆ ਰਹੇ ਇੱਕ ਜਹਾਜ਼ ਵਿੱਚ ਬੰਬ ਹੋਣ ਦੀ ਧਮਕੀ ਭਰੀ ਈਮੇਲ ਮਿਲੀ। ਇਸ ਤੋਂ ਬਾਅਦ ਪੂਰੇ ਏਅਰਪੋਰਟ ਨੂੰ ਹਾਈ ਅਲਰਟ 'ਤੇ ਰੱਖ ਦਿੱਤਾ ਗਿਆ। ਪਿਛਲੇ ਤਿੰਨ ਦਿਨਾਂ ਵਿੱਚ ਹੈਦਰਾਬਾਦ ਏਅਰਪੋਰਟ ਨੂੰ ਨਿਸ਼ਾਨਾ ਬਣਾ ਕੇ ਭੇਜੀ ਗਈ ਇਹ ਤੀਜੀ ਅਜਿਹੀ ਧਮਕੀ ਹੈ। ਅਧਿਕਾਰਤ ਸੂਤਰਾਂ ਅਨੁਸਾਰ, ਐਤਵਾਰ ਤੜਕੇ ਏਅਰਪੋਰਟ ਦੇ ਕਸਟਮਰ ਕੇਅਰ ਨੂੰ ਇੱਕ ਅਣਪਛਾਤੇ ਵਿਅਕਤੀ ਵੱਲੋਂ ਈਮੇਲ ਪ੍ਰਾਪਤ ਹੋਈ। ਇਸ ਈਮੇਲ ਵਿੱਚ ਦਾਅਵਾ • ਬਾਕੀ ਸਫ਼ਾ 2 'ਤੇ

## ਹੁਸ਼ਿਆਰਪੁਰ 'ਚ ਖੇਤਾਂ 'ਚੋਂ ਮਿਲਿਆ ਪਾਕਿਸਤਾਨੀ ਜਹਾਜ਼ ਦੀ ਸ਼ਕਲ ਦਾ ਗੁਬਾਰਾ

ਜ਼ਿਕਰ ਪੰਜਾਬ

**ਹੁਸ਼ਿਆਰਪੁਰ/ਬਿਊਰੋ**

ਐਤਵਾਰ ਸਵੇਰੇ ਹੁਸ਼ਿਆਰਪੁਰ-ਦਸੂਹਾ ਰੋਡ 'ਤੇ ਸਥਿਤ ਪਿੰਡ ਸਤੌਰ ਦੇ ਬਾਹਰਵਾਰ ਉਸ ਵੇਲੇ ਡਰ ਦਾ ਮਾਹੌਲ ਬਣ ਗਿਆ, ਜਦੋਂ ਖੇਤਾਂ ਵਿੱਚ ਇੱਕ ਛੋਟੇ ਜਹਾਜ਼ ਵਰਗੀ ਸ਼ੱਕੀ ਚੀਜ਼ ਪਈ ਹੋਈ ਮਿਲੀ। ਦੂਰੋਂ ਦੇਖਣ 'ਤੇ ਇਹ ਚੀਜ਼ ਇੱਕ ਡਰੋਨ ਵਰਗੀ ਪ੍ਰਤੀਤ ਹੋ ਰਹੀ ਸੀ, ਜਿਸ ਕਾਰਨ ਸਥਾਨਕ ਨਿਵਾਸੀਆਂ ਵਿੱਚ ਚਿੰਤਾ ਪੈਦਾ ਹੋ ਗਈ। ਖੇਤਾਂ ਵੱਲ ਜਾ ਰਹੇ ਕੁਝ ਪਿੰਡ ਵਾਸੀਆਂ ਨੇ ਇਸ ਚੀਜ਼ ਨੂੰ ਦੇਖਿਆ ਅਤੇ ਤੁਰੰਤ ਪਿੰਡ ਦੀ ਸਰਪੰਚ ਕੁਲਦੀਪ ਕੌਰ ਅਤੇ ਸੰਮਤੀ ਮੈਂਬਰ ਪਰਮਜੀਤ ਸਿੰਘ ਨੂੰ ਸੂਚਿਤ ਕੀਤਾ। ਇਸ ਤੋਂ ਬਾਅਦ ਪੁਲਿਸ ਨੂੰ ਸੂਚਨਾ ਦਿੱਤੀ ਗਈ। ਮੁਢਲੀ ਜਾਂਚ ਦੌਰਾਨ ਪੁਲਿਸ ਨੇ ਪਾਇਆ ਕਿ ਇਹ ਚੀਜ਼ ਅਸਲ ਵਿੱਚ ਇੱਕ ਹਵਾਈ ਜਹਾਜ਼ ਦੀ ਸ਼ਕਲ ਦਾ ਗਰਮ ਹਵਾ ਵਾਲਾ




ਗੁਬਾਰਾ (ਹੌਟ ਏਅਰ ਬੈਲੂਨ) ਸੀ, ਜਿਸ 'ਤੇ 'ਪੀਆਈਏ' (ਪਾਕਿਸਤਾਨ ਇੰਟਰਨੈਸ਼ਨਲ ਏਅਰਲਾਈਨਜ਼) ਲਿਖਿਆ ਹੋਇਆ ਸੀ। ਪੁਲਿਸ ਹੁਣ ਇਸ ਗੱਲ ਦੀ ਜਾਂਚ ਕਰ ਰਹੀ ਹੈ ਕਿ ਇਹ ਗੁਬਾਰਾ ਕਿੱਥੋਂ ਆਇਆ ਸੀ ਅਤੇ ਕੀ ਇਸ ਇਲਾਕੇ ਵਿੱਚ ਕੋਈ ਸਮੱਗਰੀ ਤਾਂ ਨਹੀਂ ਸੁੱਟੀ ਗਈ। ਆਲੇ-ਦੁਆਲੇ ਦੇ ਖੇਤਾਂ ਅਤੇ ਨੇੜਲੇ ਇਲਾਕਿਆਂ ਵਿੱਚ ਤਲਾਸ਼ੀ ਮੁਹਿੰਮ ਵੀ ਚਲਾਈ ਜਾ ਰਹੀ ਹੈ।

## ਸੰਯੁਕਤ ਅਰਬ ਅਮੀਰਾਤ ਦੇ ਪ੍ਰਮਾਣੂ ਪਾਵਰ ਪਲਾਂਟ 'ਤੇ ਡਰੋਨ ਹਮਲਾ

ਜ਼ਿਕਰ ਪੰਜਾਬ

**ਅਬੂ ਧਾਬੀ/ਬਿਊਰੋ**

ਸੰਯੁਕਤ ਅਰਬ ਅਮੀਰਾਤ ਦੇ ਬਰਾਕਾਹ ਪਰਮਾਣੂ ਪਾਵਰ ਪਲਾਂਟ ਨੂੰ ਐਤਵਾਰ ਨੂੰ ਇੱਕ ਡਰੋਨ ਹਮਲੇ ਰਾਹੀਂ ਨਿਸ਼ਾਨਾ ਬਣਾਇਆ ਗਿਆ। ਇਸ ਹਮਲੇ ਕਾਰਨ ਪਲਾਂਟ ਦੀ ਬਾਹਰੀ ਸੀਮਾ 'ਤੇ ਲੱਗੇ ਇੱਕ ਬਿਜਲੀ ਜਨਰੇਟਰ ਨੂੰ ਅੱਗ ਲੱਗ ਗਈ। ਇਸ ਕਾਰਨ ਜੰਗਬੰਦੀ 'ਤੇ ਸਵਾਲ ਖੜ੍ਹੇ ਹੋ ਗਏ ਹਨ। ਯੂਏਈ ਦੀ ਰਾਜਧਾਨੀ ਅਬੂ ਧਾਬੀ ਦੇ ਅਧਿਕਾਰੀਆਂ ਨੇ ਦੱਸਿਆ ਕਿ ਇਸ ਹਮਲੇ ਦੀ ਤੁਰੰਤ ਕਿਸੇ ਨੇ ਵੀ ਜ਼ਿੰਮੇਵਾਰੀ ਨਹੀਂ ਲਈ ਹੈ ਪਰ ਇਸ ਕਾਰਨ ਕੋਈ ਰੇਡੀਓਐਕਟਿਵ ਲੀਕੇਜ ਨਹੀਂ ਹੋਈ ਅਤੇ ਨਾ ਹੀ ਕੋਈ ਜਾਨੀ ਨੁਕਸਾਨ ਹੋਇਆ ਹੈ। ਹਾਲਾਂਕਿ, ਇਸ ਹਮਲੇ ਦਾ ਸਿੱਧਾ ਸ਼ੱਕ ਇਰਾਨ 'ਤੇ ਜਤਾਇਆ ਜਾ ਰਿਹਾ ਹੈ। ਇਰਾਨ ਪਿਛਲੇ ਕੁਝ ਦਿਨਾਂ



ਤੋਂ ਯੂਏਈ ਨੂੰ ਲਗਾਤਾਰ ਚਿਤਾਵਨੀ ਦੇ ਰਿਹਾ ਸੀ, ਕਿਉਂਕਿ ਯੂਏਈ ਨੇ ਜੰਗ ਦੌਰਾਨ ਇਜ਼ਰਾਈਲ ਦੇ ਆਇਰਨ ਡੋਮ ਮਿਜ਼ਾਈਲ ਰੱਖਿਆ ਪ੍ਰਣਾਲੀ ਅਤੇ ਸੈਨਿਕਾਂ ਦੀ ਮੇਜ਼ਬਾਨੀ ਕੀਤੀ ਸੀ। ਇਹ ਹਮਲਾ ਅਜਿਹੇ ਸਮੇਂ ਹੋਇਆ ਹੈ ਜਦੋਂ ਇਰਾਨ ਨੇ ਸਟਰੇਟ ਆਫ ਹੋਰਮੁਜ਼ 'ਤੇ ਆਪਣਾ ਸ਼ਿਕੰਜਾ ਕੱਸਿਆ ਹੋਇਆ ਹੈ। ਇਹ ਉਹ ਮਹੱਤਵਪੂਰਨ ਸਮੁੰਦਰੀ ਰਸਤਾ ਹੈ ਜਿੱਥੋਂ ਜੰਗ ਸ਼ੁਰੂ ਹੋਣ ਤੋਂ ਪਹਿਲਾਂ ਦੁਨੀਆ ਦਾ ਲਗਪਗ ਪੰਜਵਾਂ ਹਿੱਸਾ ਤੇਲ ਅਤੇ ਕੁਦਰਤੀ ਗੈਸ ਲੰਘਦੀ ਸੀ, ਜਿਸ ਕਾਰਨ ਹੁਣ ਵਿਸ਼ਵ ਪੱਧਰ 'ਤੇ ਊਰਜਾ ਦੀ ਸਪਲਾਈ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ਦੂਜੇ ਪਾਸੇ, ਜੰਗਬੰਦੀ ਨੂੰ ਮਜ਼ਬੂਤ ਕਰਨ ਲਈ ਚੱਲ ਰਹੀਆਂ ਗੱਲਬਾਤਾਂ ਦੇ ਅਸਫਲ ਹੋਣ ਤੋਂ ਬਾਅਦ ਅਮਰੀਕਾ ਲਗਾਤਾਰ ਇਰਾਨੀ ਬੰਦਰਗਾਹਾਂ ਦੀ ਘੇਰਾਬੰਦੀ ਕਰ ਰਿਹਾ ਹੈ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਵੀ ਸੰਕੇਤ ਦਿੱਤੇ ਹਨ ਕਿ ਦੁਸ਼ਮਣੀ ਦੁਬਾਰਾ ਸ਼ੁਰੂ ਹੋ ਸਕਦੀ ਹੈ, ਅਤੇ ਇਰਾਨੀ ਸਰਕਾਰੀ ਟੈਲੀਵਿਜ਼ਨ ਲਗਾਤਾਰ ਅਜਿਹੇ ਪ੍ਰੋਗਰਾਮ ਦਿਖਾ ਰਿਹਾ ਹੈ ਜਿਸ ਵਿੱਚ ਕਲਾਸ਼ਨੀਕੋਵ • ਬਾਕੀ ਸਫ਼ਾ 2 'ਤੇ

## ਪੰਜਾਬ ਪੁਲਿਸ ਵੱਲੋਂ 573 ਥਾਵਾਂ 'ਤੇ ਛਾਪੇਮਾਰੀ ; 279 ਕਾਬੂ

ਜ਼ਿਕਰ ਪੰਜਾਬ

**ਚੰਡੀਗੜ੍ਹ/ਬਿਊਰੋ**

ਸੂਬੇ ਵਿੱਚ ਚੱਲ ਰਹੀ ਫੈਸਲਾਕੁੰਨ ਮੁਹਿੰਮ 'ਗੈਂਗਸਟਰਾਂ ਤੇ ਵਾਰ' ਦੇ 117ਵੇਂ ਦਿਨ ਪੰਜਾਬ ਪੁਲਿਸ ਨੇ ਅੱਜ ਰਾਜ ਭਰ ਵਿੱਚ ਗੈਂਗਸਟਰਾਂ ਦੇ ਸਾਥੀਆਂ ਦੇ ਪਛਾਣੇ ਗਏ ਅਤੇ ਮੈਪ ਕੀਤੇ 573 ਟਿਕਾਣਿਆਂ 'ਤੇ ਛਾਪੇਮਾਰੀ ਕੀਤੀ। ਜ਼ਿਕਰਯੋਗ ਹੈ ਕਿ 'ਗੈਂਗਸਟਰਾਂ ਤੇ ਵਾਰ' - ਪੰਜਾਬ ਨੂੰ ਗੈਂਗਸਟਰ ਮੁਕਤ ਸੂਬਾ ਬਣਾਉਣ ਲਈ ਫੈਸਲਾਕੁੰਨ ਜੰਗ ਹੈ, ਜਿਸ ਦੀ ਸ਼ੁਰੂਆਤ 20 ਜਨਵਰੀ, 2026 ਨੂੰ ਪੁਲਿਸ ਡਾਇਰੈਕਟਰ ਜਨਰਲ (ਡੀਜੀਪੀ) ਪੰਜਾਬ • ਬਾਕੀ ਸਫ਼ਾ 2 'ਤੇ

## ਅਕਾਲੀ ਦਲ ਵਾਰਿਸ ਪੰਜਾਬ ਦੇ ਅਤੇ ਅਕਾਲੀ ਦਲ ਪੁਨਰ ਸੁਰਜੀਤ ਦਾ ਗੱਠਜੋੜ ਟੁੱਟਿਆ

ਜ਼ਿਕਰ ਪੰਜਾਬ

**ਅੰਮ੍ਰਿਤਸਰ/ਬਿਊਰੋ**

ਦੇਸ਼-ਵਿਦੇਸ਼ ਵਿੱਚ ਵੱਸਦੀਆਂ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਅਤੇ ਪੰਥਕ ਏਕਤਾ ਨੂੰ ਮੁੱਖ ਰੱਖਦਿਆਂ 'ਅਕਾਲੀ ਦਲ-ਵਾਰਿਸ ਪੰਜਾਬ ਦੇ' ਅਤੇ ਅਕਾਲੀ ਦਲ-ਪੁਨਰ ਸੁਰਜੀਤ ਧਿਰ ਵਿਚਕਾਰ ਇੱਕ ਸਾਂਝੀ 8 ਮੈਂਬਰੀ "ਪੰਥਕ ਏਕਤਾ ਤਾਲਮੇਲ ਕਮੇਟੀ" ਦਾ ਗਠਨ ਕੀਤਾ ਗਿਆ ਸੀ। ਇਸ ਕਮੇਟੀ ਵੱਲੋਂ ਲਗਾਤਾਰ ਕਈ ਮੀਟਿੰਗਾਂ ਅਤੇ ਵਿਚਾਰ-ਵਟਾਂਦਰੇ ਕੀਤੇ ਗਏ, ਪਰ ਕੁਝ ਮੂਲ ਅਤੇ ਅਹਿਮ ਸਿਧਾਂਤਕ ਮੁੱਦਿਆਂ 'ਤੇ ਸਹਿਮਤੀ ਨਾਂ ਬਣ ਸਕਣ ਕਾਰਨ ਇਹ ਤਾਲਮੇਲ ਅੱਗੇ ਨਹੀਂ ਵੱਧ ਸਕਿਆ। ਇਹ ਬਿਆਨ ਜਾਰੀ ਕਰਦਿਆਂ 'ਅਕਾਲੀ ਦਲ-ਵਾਰਿਸ ਪੰਜਾਬ ਦੇ' ਦੀ ਚਾਰ ਮੈਂਬਰੀ ਤਾਲਮੇਲ ਕਮੇਟੀ ਦੇ ਮੈਂਬਰ ਸ੍ਰ ਬਾਬੂ ਸਿੰਘ ਬਰਾੜ, ਭਾਈ ਪਰਮਜੀਤ ਸਿੰਘ ਜੌਹਲ, ਭਾਈ ਪ੍ਰਗਟ ਸਿੰਘ ਰਈਆ ਅਤੇ ਭਾਈ ਰਛਪਾਲ ਸਿੰਘ ਸੋਸਣ ਨੇ ਕਿਹਾ ਕਿ ਦੇਸ਼-ਵਿਦੇਸ਼ ਦੀਆਂ ਸਿੱਖ ਸੰਗਤਾਂ ਦੀ ਸਪੱਸ਼ਟ ਭਾਵਨਾ ਹੈ ਕਿ ਪੰਥ ਅਤੇ ਪੰਜਾਬ ਦੀ ਅਗਵਾਈ ਸਿਰਫ ਉਹੀ ਆਗੂ ਕਰਨ ਜੋ ਪੰਥ ਪ੍ਰਵਾਨਿਤ, ਇਮਾਨਦਾਰ ਅਤੇ ਸਾਫ-ਸੁਥਰੇ ਅਕਸ ਵਾਲੇ ਹੋਣ। ਉਹਨਾਂ ਕਿਹਾ ਕਿ "ਪੰਥਕ ਏਕਤਾ ਤਾਲਮੇਲ ਕਮੇਟੀ" ਦੇ ਗਠਨ ਤੋਂ ਪਹਿਲਾਂ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ 2 ਦਸੰਬਰ ਨੂੰ ਜਾਰੀ ਹੋਏ ਹੁਕਮਨਾਮੇ ਦੀ ਰੌਸ਼ਨੀ ਵਿੱਚ ਇਹ ਆਪਸੀ ਸਹਿਮਤੀ ਬਣੀ ਸੀ ਕਿ ਜਿਹੜੇ ਆਗੂ "ਪੰਥ ਦੀ ਅਗਵਾਈ ਕਰਨ ਦਾ ਨੈਤਿਕ ਆਧਾਰ ਗੁਆ ਚੁੱਕੇ ਹਨ , ਉਹਨਾਂ ਨੂੰ ਅਗਵਾਈ ਤੋਂ ਪਾਸੇ ਕੀਤਾ ਜਾਵੇਗਾ। ਪਰੰਤੂ ਦੂਜੀ ਧਿਰ ਵੱਲੋਂ ਨਾਂ ਸਿਰਫ ਅਜਿਹੇ ਆਗੂਆਂ ਨੂੰ ਸਨਮਾਨਿਤ ਅਹੁਦੇ ਦਿੱਤੇ ਗਏ, ਸਗੋਂ ਉਹਨਾਂ ਨੂੰ ਅਗਵਾਈ ਦੀ ਕਮਾਨ ਵੀ ਸੌਂਪੀ ਗਈ, ਜੋ ਪੰਥਕ ਏਕਤਾ ਦੀ ਭਾਵਨਾ ਅਤੇ ਸੰਗਤਾਂ ਦੀਆਂ ਉਮੀਦਾਂ ਦੇ ਉਲਟ ਹੈ। ਉਹਨਾਂ ਕਿਹਾ ਕਿ ਦੂਜੀ ਧਿਰ ਦੀ ਲੀਡਰਸ਼ਿਪ ਵੱਲੋਂ ਲਗਾਤਾਰ ਗੈਰ-ਜ਼ਿੰਮੇਵਾਰਾਨਾ ਬਿਆਨਬਾਜ਼ੀ ਕੀਤੀ ਜਾ ਰਹੀ ਸੀ, ਜਿਸ ਨਾਲ ਗਠਜੋੜ ਦੀ • ਬਾਕੀ ਸਫ਼ਾ 2 'ਤੇ

## ਰਾਜਧਾਨੀ ਐਕਸਪ੍ਰੈਸ ਦੇ ਦੋ ਡੱਬਿਆਂ 'ਚ ਲੱਗੀ ਭਿਆਨਕ ਅੱਗ, 68 ਯਾਤਰੀ ਸੁਰੱਖਿਅਤ ਬਚਾਏ



ਜ਼ਿਕਰ ਪੰਜਾਬ

**ਕੋਟਾ/ਬਿਊਰੋ**

ਕੋਟਾ ਡਿਵੀਜ਼ਨ ਵਿੱਚ ਐਤਵਾਰ ਸਵੇਰੇ ਉਸ ਵੇਲੇ ਹੜਕੰਪ ਮਚ ਗਿਆ ਜਦੋਂ ਤ੍ਰਿਵੇਂਦਰਮ-ਹਜ਼ਰਤ ਨਿਜ਼ਾਮੂਦੀਨ ਰਾਜਧਾਨੀ ਐਕਸਪ੍ਰੈਸ ਦੇ ਦੋ ਡੱਬਿਆਂ ਵਿੱਚ ਅਚਾਨਕ ਭਿਆਨਕ ਅੱਗ ਲੱਗ ਗਈ। ਇਹ ਘਟਨਾ ਸਵੇਰੇ ਕਰੀਬ 5:15 ਵਜੇ ਲੂਨੀ ਰਿਚਾ ਅਤੇ ਵਿਕਰਮਗੜ੍ਹ ਅਲੋਟ ਸਟੇਸ਼ਨਾਂ ਦੇ ਵਿਚਕਾਰ ਵਾਪਰੀ। ਅੱਗ ਸਭ ਤੋਂ ਪਹਿਲਾਂ ਕੋਚ ਨੰਬਰ ਬੀ-1 ਵਿੱਚ ਲੱਗੀ ਅਤੇ ਕੁਝ ਹੀ ਸਮੇਂ ਵਿੱਚ ਨਾਲ ਲੱਗੇ ਸਾਮਾਨ-ਕਮ-ਗਾਰਡ ਵੈਨ ਤੱਕ ਫੈਲ ਗਈ। ਘਟਨਾ ਦੀ ਜਾਣਕਾਰੀ ਮਿਲਦਿਆਂ ਹੀ ਟ੍ਰੇਨ ਦੇ ਗਾਰਡ ਨੇ ਤੁਰੰਤ ਲੋਕੋ ਪਾਇਲਟ ਨੂੰ ਸੂਚਿਤ ਕੀਤਾ, ਜਿਸ ਤੋਂ ਬਾਅਦ ਟ੍ਰੇਨ ਨੂੰ ਐਮਰਜੈਂਸੀ ਤੌਰ 'ਤੇ ਰੋਕ ਦਿੱਤਾ ਗਿਆ। ਕੋਟਾ ਜੰਕਸ਼ਨ ਅਤੇ ਨੇੜਲੇ ਸਟੇਸ਼ਨਾਂ 'ਤੇ ਤੁਰੰਤ ਸਾਇਰਨ ਵਜਾਏ ਗਏ ਅਤੇ ਬਚਾਅ ਟੀਮਾਂ ਨੂੰ ਮੌਕੇ 'ਤੇ ਭੇਜਿਆ ਗਿਆ। ਰੇਲਵੇ ਅਧਿਕਾਰੀਆਂ ਮੁਤਾਬਕ, ਟ੍ਰੇਨ ਵਿੱਚ ਕੁੱਲ 68 ਯਾਤਰੀ • ਬਾਕੀ ਸਫ਼ਾ 2 'ਤੇ

## ਭਾਰਤ ਨੇ ਸਿੰਧੂ ਜਲ ਸੰਧੀ 'ਤੇ ਅੰਤਰਰਾਸ਼ਟਰੀ ਅਦਾਲਤ ਦੇ ਫੈਸਲੇ ਨੂੰ ਕੀਤਾ ਰੱਦ

ਜ਼ਿਕਰ ਪੰਜਾਬ

**ਨਵੀਂ ਦਿੱਲੀ/ਬਿਊਰੋ**

ਭਾਰਤ ਨੇ ਸਿੰਧੂ ਜਲ ਸੰਧੀ ਨੂੰ ਲੈ ਕੇ ਹੇਗ ਵਿੱਚ ਬਣਾਈ ਗਈ ਕਥਿਤ ਕੋਰਟ ਆਫ ਆਰਬਿਟ੍ਰੇਸ਼ਨ ਦੇ ਤਾਜ਼ਾ ਫੈਸਲੇ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਹੈ। ਭਾਰਤ ਨੇ ਸਾਫ ਕਿਹਾ ਹੈ ਕਿ ਇਹ ਅਦਾਲਤ ਗੈਰਕਾਨੂੰਨੀ ਤਰੀਕੇ ਨਾਲ ਬਣਾਈ ਗਈ ਹੈ ਅਤੇ ਇਸਦਾ ਕੋਈ ਕਾਨੂੰਨੀ ਵਜੂਦ ਨਹੀਂ। ਇਸ ਲਈ ਇਸ ਦੇ ਕਿਸੇ ਵੀ ਫੈਸਲੇ, ਹੁਕਮ ਜਾਂ ਕਾਰਵਾਈ ਨੂੰ ਭਾਰਤ ਮਾਨਤਾ ਨਹੀਂ ਦਿੰਦਾ। ਮੀਡੀਆ ਦੇ ਸਵਾਲਾਂ ਦੇ ਜਵਾਬ ਵਿੱਚ ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ ਕਿ ਗੈਰ-ਕਾਨੂੰਨੀ ਤੌਰ 'ਤੇ ਬਣਾਈ ਗਈ ਅਖੌਤੀ ਆਰਬਿਟਰੇਸ਼ਨ ਕੋਰਟ ਨੇ 15 ਮਈ, 2026 ਨੂੰ ਸਿੰਧੂ ਜਲ ਸੰਧੀ ਅਧੀਨ ਵੱਧ ਤੋਂ ਵੱਧ ਪਾਣੀ ਭੰਡਾਰਨ ਸਮਰੱਥਾ ਨਾਲ ਸਬੰਧਤ ਇੱਕ ਮਾਮਲੇ ਵਿੱਚ ਇੱਕ ਅਖੌਤੀ ਫੈਸਲਾ ਜਾਰੀ ਕੀਤਾ ਸੀ। ਉਨ੍ਹਾਂ ਕਿਹਾ ਕਿ ਭਾਰਤ ਇਸ ਕਥਿਤ ਫੈਸਲੇ ਨੂੰ ਪੂਰੀ ਤਰ੍ਹਾਂ ਰੱਦ ਕਰਦਾ ਹੈ, ਜਿਵੇਂ ਪਹਿਲਾਂ ਦੇ ਸਾਰੇ ਫੈਸਲੇ ਰੱਦ ਕੀਤੇ ਗਏ ਸਨ। ਭਾਰਤ ਨੇ ਕਦੇ ਵੀ ਇਸ ਅਦਾਲਤ ਦੇ ਗਠਨ ਨੂੰ ਮਾਨਤਾ ਨਹੀਂ ਦਿੱਤੀ। ਇਸ ਕਰਕੇ ਇਸ ਅਦਾਲਤ ਦੀ ਕਿਸੇ ਵੀ ਕਾਰਵਾਈ, ਫੈਸਲੇ ਜਾਂ ਹੁਕਮ ਦੀ ਕੋਈ ਕਾਨੂੰਨੀ ਮਹੱਤਤਾ ਨਹੀਂ ਅਤੇ ਇਹ ਪੂਰੀ ਤਰ੍ਹਾਂ ਨਲ ਐਂਡ ਵੋਇਡ, ਯਾਨੀ ਸ਼ੂਨਿਆ ਅਤੇ ਅਵੈਧ ਹੈ। ਵਿਦੇਸ਼ ਮੰਤਰਾਲੇ ਨੇ ਸਪੱਸ਼ਟ ਕੀਤਾ ਕਿ ਸਿੰਧੂ ਜਲ ਸੰਧੀ ਨੂੰ ਮੁਅੱਤਲ ਕਰਨ ਦਾ ਭਾਰਤ ਦਾ ਫੈਸਲਾ ਲਾਗੂ ਰਹਿੰਦਾ ਹੈ। ਸਿੰਧੂ ਨਦੀ ਪ੍ਰਣਾਲੀ ਦੇ ਪਾਣੀਆਂ ਦੀ



ਵਰਤੋਂ ਸੰਬੰਧੀ 19 ਸਤੰਬਰ, 1960 ਨੂੰ ਭਾਰਤ ਅਤੇ ਪਾਕਿਸਤਾਨ ਵਿਚਕਾਰ ਹਸਤਾਖਰ ਕੀਤੀ ਗਈ ਇਹ ਸੰਧੀ ਲਾਗੂ ਰਹਿੰਦੀ ਹੈ। ਭਾਰਤ ਨੇ ਪਿਛਲੇ ਸਾਲ ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਅੰਤਰਰਾਸ਼ਟਰੀ ਕਾਨੂੰਨ ਦੇ ਤਹਿਤ ਆਪਣੇ ਪ੍ਰਭੂਸੱਤਾ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਸੰਧੀ ਨੂੰ ਮੁਅੱਤਲ ਕਰ ਦਿੱਤਾ ਸੀ। ਭਾਰਤ ਨੇ ਕਿਹਾ ਕਿ ਇਹ ਸੰਧੀ ਉਦੋਂ ਤੱਕ ਮੁਅੱਤਲ ਰਹੇਗੀ ਜਦੋਂ ਤੱਕ ਪਾਕਿਸਤਾਨ ਸਰਹੱਦ ਪਾਰ ਅੱਤਵਾਦ ਨੂੰ ਆਪਣਾ ਭਰੋਸੇਯੋਗ ਅਤੇ ਨਿਰੰਤਰ ਸਮਰਥਨ ਬੰਦ ਨਹੀਂ ਕਰ ਦਿੰਦਾ। ਵਿਦੇਸ਼ ਮੰਤਰਾਲੇ ਨੇ ਜੂਨ 2025 ਵਿੱਚ ਇਹ ਵੀ ਸਪੱਸ਼ਟ ਤੌਰ 'ਤੇ ਕਿਹਾ ਸੀ ਕਿ ਜਿੰਨਾ ਚਿਰ ਸੰਧੀ ਨੂੰ ਮੁਅੱਤਲ ਕੀਤਾ ਜਾਂਦਾ ਹੈ, ਭਾਰਤ ਸੰਧੀ ਦੇ ਤਹਿਤ ਕਿਸੇ ਵੀ ਜ਼ਿੰਮੇਵਾਰੀ ਨੂੰ ਪੂਰਾ ਕਰਨ ਲਈ ਮਜਬੂਰ ਨਹੀਂ ਹੈ। ਭਾਰਤ ਨੇ ਕਿਹਾ ਕਿ ਕੋਈ ਵੀ ਆਰਬਿਟਰੇਸ਼ਨ ਅਦਾਲਤ, ਖਾਸ ਕਰਕੇ ਅਜਿਹੀ ਗੈਰ-ਕਾਨੂੰਨੀ ਤੌਰ 'ਤੇ ਗਠਿਤ ਸੰਸਥਾ, ਭਾਰਤ ਦੇ ਪ੍ਰਭੂਸੱਤਾ ਅਧਿਕਾਰਾਂ ਦੇ ਤਹਿਤ ਕੀਤੀਆਂ ਗਈਆਂ ਕਾਰਵਾਈਆਂ ਦੀ ਜਾਇਜ਼ਤਾ 'ਤੇ ਸਵਾਲ ਨਹੀਂ ਉਠਾ ਸਕਦੀ। ਪਿਛਲੇ ਸਾਲ ਵੀ ਵਿਦੇਸ਼ ਮੰਤਰਾਲੇ ਨੇ ਕਥਿਤ ਕੋਰਟ ਆਫ ਆਰਬਿਟ੍ਰੇਸ਼ਨ ਦੀ ਆਲੋਚਨਾ ਕੀਤੀ ਸੀ, ਜਦ ਉਸ ਨੇ ਜੰਮੂ ਅਤੇ ਕਸ਼ਮੀਰ ਵਿੱਚ ਕਿਸ਼ਨਗੰਗਾ ਅਤੇ ਰਤਲੇ ਜਲ ਵਿਦਯੁਤ ਪ੍ਰੋਜੈਕਟਾਂ ਨੂੰ ਲੈ ਕੇ ਆਪਣੇ ਅਧਿਕਾਰ ਖੇਤਰ 'ਤੇ "ਸਪਲੀਮੈਂਟਲ ਅਵਾਰਡ" ਜਾਰੀ ਕੀਤਾ ਸੀ। ਭਾਰਤ ਨੇ ਉਸ ਵੇਲੇ ਵੀ ਕਿਹਾ ਸੀ ਕਿ ਉਸ ਨੇ ਕਦੇ ਇਸ ਕਥਿਤ ਅਦਾਲਤ ਦੇ • ਬਾਕੀ ਸਫ਼ਾ 2 'ਤੇ

## ਖੇਤੀ ਤੇ ਡੇਅਰੀ ਸੈਕਟਰ ਦੀ ਤਰੱਕੀ ਲਈ ਸਹਿਕਾਰਤਾ ਲਹਿਰ ਬੇਹੱਦ ਜ਼ਰੂਰੀ : ਰਾਜਪਾਲ ਕਟਾਰੀਆ

ਜ਼ਿਕਰ ਪੰਜਾਬ

**ਪਟਿਆਲਾ/ਬਿਊਰੋ**

ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਅੱਜ ਸਹਿਕਾਰ ਭਾਰਤੀ ਪੰਜਾਬ ਜਾਗਰੂਕਤਾ ਸੰਗੋਸ਼ਠੀ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਸਹਿਕਾਰਤਾ ਅੰਦੋਲਨ ਨੂੰ ਪਿੰਡਾਂ ਦੇ ਵਿਕਾਸ ਅਤੇ ਸਮਾਜਕ ਮਜ਼ਬੂਤੀ ਦਾ ਅਹਿਮ ਆਧਾਰ ਕਰਾਰ ਦਿੱਤਾ। ਆਪਣੇ ਸੰਬੋਧਨ ਦੌਰਾਨ ਉਨ੍ਹਾਂ ਕਿਹਾ ਕਿ ਸਹਿਕਾਰ ਭਾਰਤੀ ਇੱਕ ਬਹੁਤ ਪੁਰਾਣੀ ਅਤੇ ਮਜ਼ਬੂਤ ਸੰਸਥਾ ਹੈ, ਜੋ 1979 ਵਿੱਚ ਸਥਾਪਿਤ ਕੀਤੀ ਗਈ ਸੀ ਅਤੇ ਉਸ ਸਮੇਂ ਤੋਂ ਹੀ ਪਿੰਡਾਂ ਅਤੇ ਆਮ ਲੋਕਾਂ ਦੀ ਭਲਾਈ ਲਈ ਨਿਰੰਤਰ ਕੰਮ ਕਰ ਰਹੀ ਹੈ ਰਾਜਪਾਲ ਨੇ ਕਿਹਾ ਕਿ ਸਹਿਕਾਰਤਾ ਦੀ ਭਾਵਨਾ ਲੋਕਾਂ ਨੂੰ ਆਪਸੀ ਭਾਈਚਾਰੇ,



ਸਹਿਯੋਗ ਅਤੇ ਸਮਰਪਣ ਨਾਲ ਜੋੜਦੀ ਹੈ। ਉਨ੍ਹਾਂ ਕਿਹਾ, ਸੰਸਕਾਰ ਤੋਂ ਸਹਿਕਾਰ ਦਾ ਸਿਧਾਂਤ ਸਮਾਜ ਨੂੰ ਮਜ਼ਬੂਤ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਜਦੋਂ ਸਮਾਜ ਵਿੱਚ ਚੰਗੇ ਸੰਸਕਾਰ ਪੈਦਾ ਹੁੰਦੇ ਹਨ ਤਾਂ ਲੋਕ ਇਕ-ਦੂਜੇ ਦੀ ਮਦਦ ਲਈ ਅੱਗੇ ਆਉਂਦੇ ਹਨ ਅਤੇ ਇਸ ਨਾਲ ਸਹਿਕਾਰਤਾ ਦੀ ਭਾਵਨਾ ਹੋਰ ਮਜ਼ਬੂਤ ਹੁੰਦੀ ਹੈ। ਉਨ੍ਹਾਂ ਕਿਹਾ ਕਿ ਸਹਿਕਾਰਤਾ ਖੇਤਰ ਦਾ ਸਭ ਤੋਂ ਵੱਡਾ ਯੋਗਦਾਨ ਖੇਤੀਬਾੜੀ ਅਤੇ ਡੇਅਰੀ ਖੇਤਰ ਵਿੱਚ ਹ। ਕਿਸਾਨਾਂ ਨੂੰ ਖਾਦ, ਬੀਜ ਅਤੇ ਹੋਰ ਸਹੂਲਤਾਂ ਪ੍ਰਦਾਨ ਕਰਨ ਵਿੱਚ ਸਹਿਕਾਰਤਾ ਸੰਸਥਾਵਾਂ ਦੀ ਅਹਿਮ ਭੂਮਿਕਾ ਰਹੀ ਹੈ। ਡੇਅਰੀ ਖੇਤਰ ਵਿੱਚ ਵੀ ਸਹਿਕਾਰਤਾ ਨੇ ਪਿੰਡਾਂ ਦੇ ਲੋਕਾਂ ਨੂੰ ਆਤਮਨਿਰਭਰ ਬਣਾਉਣ ਵਿੱਚ • ਬਾਕੀ ਸਫ਼ਾ 2 'ਤੇ

## ਮਿੰਨੀ ਕਹਾਣੀ : ਬੱਚਿਆਂ ਦਾ ਖੇਡ ਅਤੇ ਤਮਾਸ਼ਾ

ਵਿਨੀਤਾ ਦਾ ਹਾਲ ਹੀ ਵਿੱਚ ਤਲਾਕ ਹੋਇਆ ਸੀ। ਉਹ ਆਪਣੀ ਧੀ ਛੁਟਕੀ ਨਾਲ ਕਲੋਨੀ ਦੇ ਇੱਕ ਫਲੈਟ ਵਿੱਚ ਰਹਿੰਦੀ ਸੀ। ਛੁਟਕੀ ਹਰ ਸ਼ਾਮ ਨੂੰ ਕਲੋਨੀ ਦੇ ਦੂਜੇ ਬੱਚਿਆਂ ਨਾਲ ਖੇਡਣ ਲਈ ਪਾਰਕ ਜਾਂਦੀ ਸੀ। ਹਮੇਸ਼ਾ ਵਾਂਗ, ਛੁਟਕੀ ਅੱਜ ਸ਼ਾਮ ਨੂੰ ਵੀ ਪਾਰਕ ਗਈ ਸੀ। ਪਰ ਜਦੋਂ ਉਹ ਵਾਪਸ ਆਈ, ਤਾਂ ਉਹ ਰੋ ਰਹੀ ਸੀ। ਉਸਨੂੰ ਰੋਂਦੇ ਹੋਏ ਦੇਖ ਕੇ, ਵਿਨੀਤਾ ਨੇ ਉਸਨੂੰ ਪੁੱਛਿਆ ਕਿ ਕਿਉਂ।

ਚੁਟਕੀ ਨੇ ਹੰਝੂਆਂ ਭਰਦੇ ਹੋਏ ਕਿਹਾ, 'ਮੈਂ ਦੁਬਾਰਾ ਕਦੇ ਪਾਰਕ ਵਿੱਚ ਖੇਡਣ ਨਹੀਂ ਜਾਵਾਂਗੀ।'

'ਪਰ, ਕੀ ਹੋਇਆ?'

'ਦੋ ਬੱਚਿਆਂ ਨੇ ਤੁਹਾਡੀ ਅਤੇ ਪਾਪਾ ਦੀ ਨਕਲ ਕੀਤੀ।'

'ਤੁਸੀਂ ਕੀ ਕਹਿ ਰਹੇ ਹੋ?'

'ਹਾਂ, ਮੈਂ ਸੱਚ ਕਹਿ ਰਹੀ ਹਾਂ।'

ਇੱਕ ਪਲ ਲਈ, ਵਿਨੀਤਾ ਨੂੰ ਵੀ ਇਹ ਸੁਣਨਾ ਪਸੰਦ ਨਹੀਂ ਆਇਆ। ਪਰ ਉਸਨੇ ਇਹ ਕਹਿ ਕੇ ਪੱਲਾ ਝਾੜ ਲਿਆ, 'ਤਾਂ ਕੀ ਹੋਇਆ ਜੇ ਬੱਚੇ ਸਾਡੀ ਨਕਲ ਕਰਦੇ? ਕਪਿਲ ਸ਼ਰਮਾ ਦੇ ਸ਼ੋਅ 'ਤੇ ਵੀ, ਅਦਾਕਾਰ ਵੱਡੇ ਨਾਵਾਂ ਦੀ ਨਕਲ ਕਰਦੇ ਹਨ।'

'ਪਰ, ਮੰਮੀ...'

'ਪਰ ਕੀ?'

'ਆਖਰਕਾਰ, ਇੱਕ ਬੱਚਾ ਜੋ ਪਾਪਾ ਦੀ ਨਕਲ ਕਰ ਰਿਹਾ ਸੀ, ਨੇ ਕੁੜੀ ਨੂੰ ਕਿਹਾ ਕਿ ਉਹ ਉਸਨੂੰ ਤਲਾਕ ਦੇ ਰਿਹਾ ਹੈ, ਜਿਵੇਂ ਪਾਪਾ ਨੇ ਤੁਹਾਨੂੰ ਦੱਸਿਆ ਸੀ...' ਛੁਟਕੀ ਦੇ ਸ਼ਬਦਾਂ ਤੋਂ ਵਿਨੀਤਾ ਹੈਰਾਨ ਰਹਿ ਗਈ। ਉਸਨੂੰ ਇੰਝ ਲੱਗਾ ਜਿਵੇਂ ਉਹ ਅਦਾਲਤ ਵਿੱਚ ਖੜ੍ਹੀ ਹੋਵੇ ਅਤੇ ਜੱਜ ਨੇ ਹੁਣੇ ਹੀ ਤਲਾਕ ਦਾ ਫੈਸਲਾ ਸੁਣਾਇਆ ਹੋਵੇ।

- ਮਨੋਜ ਧੀਮਾਨ

# ਬੇਅਦਬੀ ਐਕਟ ਸਬੰਧੀ ਪੰਥਕ ਇਤਰਾਜਾਂ ਤੋਂ ਸੰਗਤਾਂ ਨੂੰ ਜਾਣੂ ਕਰਵਾਉਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਾ ਸਾਹਿਬਾਨ ਦੇ ਬਾਹਰ ਲਗਾਏ ਗਏ ਫਲੈਕਸ ਬੋਰਡ

ਜ਼ਿਕਰ ਪੰਜਾਬ

**ਅੰਮ੍ਰਿਤਸਰ/ਬਿਊਰੋ**

ਪੰਜਾਬ ਸਰਕਾਰ ਵੱਲੋਂ ਪਾਸ ਕੀਤੇ ਗਏ 'ਦ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ (2026)' ਵਿੱਚ ਮੌਜੂਦ ਖਾਮੀਆਂ ਅਤੇ ਪੰਥਕ ਇਤਰਾਜ਼ਾਂ ਬਾਰੇ ਸੰਗਤ ਨੂੰ ਜਾਣੂ ਕਰਵਾਉਣ ਲਈ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਅਨੁਸਾਰ ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੱਖ-ਵੱਖ ਗੁਰਦੁਆਰਾ ਸਾਹਿਬਾਨ ਦੇ ਬਾਹਰ ਜਾਣਕਾਰੀ ਭਰਪੂਰ ਫਲੈਕਸ ਬੋਰਡ ਲਗਾਏ ਗਏ ਹਨ। ਇਨ੍ਹਾਂ ਬੋਰਡਾਂ ਵਿੱਚ ਸਰਕਾਰ ਵੱਲੋਂ ਬਣਾਏ ਐਕਟ ਵਿੱਚ ਕਸਟੋਡੀਅਨ ਸ਼ਬਦ ਜ਼ਰੀਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਕ ਧਿਰ, ਗ੍ਰੰਥੀ ਤੇ ਅਖੰਡਪਾਠੀ ਸਿੰਘਾਂ, ਗੁਰਦੁਆਰਾ ਕਮੇਟੀਆਂ ਤੇ ਸ੍ਰੀ ਅਖੰਡ ਪਾਠ ਸਾਹਿਬ ਕਰਵਾਉਣ ਵਾਲੇ ਸ਼ਰਧਾਲੂਆਂ ਨੂੰ ਬੇਅਦਬੀ ਜਾਂ ਮਰਿਯਾਦਾ ਦੀ ਉਲੰਘਣਾ ਦੇ ਮਾਮਲਿਆਂ ਵਿਚ ਜਿੰਮੇਵਾਰ ਬਣਾ ਕੇ ਸਜ਼ਾ ਤੇ ਜੁਰਮਾਨਿਆਂ ਦੇ ਘੇਰੇ ਵਿੱਚ ਲਿਆਉਣ, ਮਰਿਆਦਾ ਦੀ ਉਲੰਘਣਾ ਨੂੰ ਕਨੂੰਨੀ ਉਲੰਘਣਾ ਵਜੋਂ ਦੋਸ਼ ਦੇ ਘੇਰੇ ਵਿੱਚ ਲਿਆ ਕੇ ਸੰਗਤਾਂ ਅੰਦਰ ਡਰ ਪੈਦਾ ਕਰਨ, ਪੁਲਿਸ ਵੱਲੋਂ ਗੁਰਦੁਆਰਾ ਸਾਹਿਬਾਨ ਅੰਦਰ ਸਿੱਧਾ ਦਖ਼ਲ ਦੇਣ



ਲਈ ਰਾਹ ਬਨਾਉਣ, ਪੰਥਕ ਸ਼ਬਦਾਵਲੀ ਨੂੰ ਬਦਲਣ ਅਤੇ ਸੇਵਾ ਸੰਭਾਲ ਨਾਲ ਜੁੜੀ ਸ਼ਬਦਾਵਲੀ ਤੇ ਅਸਥਾਨਾਂ ਨੂੰ ਸਿੱਖ ਭਾਵਨਾਵਾਂ ਅਨੁਸਾਰ ਪ੍ਰਭਾਸ਼ਿਤ ਨਾ ਕਰਨ ਸਬੰਧੀ ਜਾਣਕਾਰੀ ਸਾਮਲ ਕੀਤੀ ਗਈ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸ਼ਖੋਮਣੀ ਕਮੇਟੀ ਦੇ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ ਨੇ ਕਿਹਾ ਕਿ ਇਹ ਕੌਮ ਦੀਆਂ ਭਾਵਨਾਵਾਂ ਨਾਲ ਜੁੜਿਆ ਹੋਇਆ ਬੇਹੱਦ ਸੰਜੀਦਾ ਮਾਮਲਾ ਹੈ। ਪੰਜਾਬ ਸਰਕਾਰ ਵੱਲੋਂ ਪਾਸ ਕੀਤੇ ਗਏ ਐਕਟ ਬਾਰੇ ਸਿੱਖ ਵਿਦਵਾਨਾਂ ਅਤੇ ਬੁੱਧੀਜੀਵੀਆਂ ਵੱਲੋਂ ਗੰਭੀਰ ਇਤਰਾਜ ਪ੍ਰਗਟ ਕੀਤੇ ਗਏ ਹਨ। ਇਨ੍ਹਾਂ ਗੰਭੀਰ ਇਤਰਾਜਾਂ ਤੋਂ ਸੰਗਤਾਂ ਨੂੰ ਜਾਣੂ ਕਰਵਾਇਆ ਜਾਣਾ ਬੇਹੱਦ ਜ਼ਰੂਰੀ ਹੈ। ਇਸੇ ਦੇ ਮੱਦੇਨਜ਼ਰ ਇਹ ਬੋਰਡ ਲਗਾਏ ਗਏ ਹਨ। ਉਨ੍ਹਾਂ ਕਿਹਾ ਕਿ ਕਿਹਾ ਕਿ ਸਿੱਖ ਕੌਮ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਮਾਮਲੇ ਬਹੁਤ ਹੀ ਸੰਵੇਦਨਸ਼ੀਲ ਹਨ ਅਤੇ ਇਸ ਸਬੰਧੀ ਬਣਾਇਆ ਜਾਣ ਵਾਲਾ ਕੋਈ ਵੀ ਕਾਨੂੰਨ ਪੰਥਕ ਭਾਵਨਾਵਾਂ, ਗੁਰਮਤਿ ਸਿਧਾਂਤਾਂ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਰਹਿਨੁਮਾਈ ਅਨੁਸਾਰ ਹੋਣਾ ਲਾਜ਼ਮੀ ਹੈ। ਉਨ੍ਹਾਂ ਸਮੂਹ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਇਸ ਮਾਮਲੇ ਸਬੰਧੀ ਜਾਗਰੂਕ ਰਹਿਣ ਅਤੇ ਪੰਥਕ ਏਕਤਾ ਤੇ ਸਿਧਾਂਤਾਂ ਦੀ ਰੱਖਿਆ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਹੇਠ ਇਕਜੁੱਟ ਹੋਣ।

'ਜ਼ਿਕਰ ਪੰਜਾਬ' ਨੂੰ
ਲੋੜ ਹੈ
ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਅਤੇ ਕਸਬਿਆਂ ਤੋਂ ਤਜ਼ਰਬੇਕਾਰ ਪੜ੍ਹੇ-ਲਿਖੇ ਪੱਤਰਕਾਰਾਂ ਦੀ
ਸੰਪਰਕ:-
9815024577
E-mail:
zikarpunjab44@gmail.com

ਹਫਤਾਵਾਰੀ 'ਜ਼ਿਕਰ ਪੰਜਾਬ' ਅਖ਼ਬਾਰ ਵਿੱਚ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਛਪਣਯੋਗ ਸਮੱਗਰੀ ਛਪਵਾਉਣ ਲਈ
ਸੰਪਰਕ:-
9815024577
E-mail:
zikarpunjab44@gmail.com

# ਸੋਨੇ ਦੇ ਕਾਰੋਬਾਰ 'ਤੇ ਮੋਦੀ ਦੀ ਅਪੀਲ ਨਾਲ ਸੁਨਿਆਰਾ ਭਾਈਚਾਰੇ ਵਿੱਚ ਚਿੰਤਾ, ਰੋਜ਼ੀ-ਰੋਟੀ 'ਤੇ ਖੜ੍ਹੇ ਹੋਏ ਸਵਾਲ : ਜਗਦੀਪ ਸਿੰਘ ਰਿੰਕੂ ਨਰੂਲਾ

ਜ਼ਿਕਰ ਪੰਜਾਬ

**ਅੰਮ੍ਰਿਤਸਰ/ਬਿਊਰੋ**

ਹਲਕਾ ਦੱਖਣੀ ਤੋਂ ਕਾਂਗਰਸ ਦੇ ਮੁੱਖ ਸੇਵਾਦਾਰ ਅਤੇ ਸਾਬਕਾ ਪਾਰਸ਼ਦ ਜਗਦੀਪ ਸਿੰਘ ਰਿੰਕੂ ਨਰੂਲਾ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਸੋਨਾ ਨਾ ਖਰੀਦਣ ਦੀ ਅਪੀਲ 'ਤੇ ਤਿੱਖੀ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਇਸ ਬਿਆਨ ਨੇ ਦੇਸ਼ ਦੇ ਸੁਨਿਆਰਾ ਭਾਈਚਾਰੇ ਅਤੇ ਇਸ ਕਾਰੋਬਾਰ ਨਾਲ ਜੁੜੇ ਲੱਖਾਂ ਕਾਰੀਗਰਾਂ ਵਿੱਚ ਚਿੰਤਾ ਪੈਦਾ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਤਾਂ ਇਕ ਬਿਆਨ ਦੇ ਦਿੱਤਾ ਗਿਆ, ਪਰ ਉਹਨਾਂ ਪਰਿਵਾਰਾਂ ਬਾਰੇ ਕਿਸੇ ਨੇ ਨਹੀਂ ਸੋਚਿਆ ਜਿਨ੍ਹਾਂ ਦੀ ਰੋਜ਼ੀ-ਰੋਟੀ ਸਾਲਾਂ ਤੋਂ ਇਸ ਕਾਰੋਬਾਰ ਨਾਲ ਚੱਲ ਰਹੀ ਹੈ।



ਅੱਜ ਸੁਨਿਆਰੇ, ਸੋਨੇ ਦੇ ਕਾਰੀਗਰ, ਪੋਲਿਸ਼ ਕਰਨ ਵਾਲੇ ਮਜ਼ਦੂਰ, ਡਿਜ਼ਾਈਨਰ ਅਤੇ ਛੋਟੀਆਂ ਦੁਕਾਨਾਂ ਚਲਾਉਣ ਵਾਲੇ ਲੋਕ ਪਹਿਲਾਂ ਹੀ ਮਹਿੰਗਾਈ, ਜੀਐੱਸਟੀ ਅਤੇ ਘਟਦੇ ਕਾਰੋਬਾਰ ਨਾਲ ਸੰਘਰਸ਼ ਕਰ ਰਹੇ ਹਨ। ਅਜਿਹੇ ਵੇਲੇ 'ਚ ਇਸ ਤਰ੍ਹਾਂ ਦੇ ਬਿਆਨ ਬਾਜ਼ਾਰ ਵਿੱਚ ਡਰ ਅਤੇ ਅਣਸ਼ਚਿਤਤਾ ਦਾ ਮਾਹੌਲ ਬਣਾਉਂਦੇ ਹਨ। ਜਗਦੀਪ ਸਿੰਘ ਰਿੰਕੂ ਨਰੂਲਾ ਨੇ ਸਵਾਲ ਉਠਾਇਆ ਕਿ ਜੇ ਲੋਕ ਸੋਨਾ ਖਰੀਦਣਾ ਘਟਾ ਦੇਣ ਤਾਂ ਉਹਨਾਂ ਪਰਿਵਾਰਾਂ ਦੇ ਘਰ ਦਾ ਚੁੱਲ੍ਹਾ ਕਿਵੇਂ ਜਲੇਗਾ? ਉਹਨਾਂ ਦੇ ਬੱਚਿਆਂ ਦੀ ਪੜ੍ਹਾਈ, ਘਰ ਦਾ ਖਰਚਾ ਅਤੇ ਰੋਜ਼ਾਨਾ ਦੀਆਂ ਲੋੜਾਂ ਦੀ ਜ਼ਿੰਮੇਵਾਰੀ ਕੀ ਸਰਕਾਰ ਲਵੇਗੀ? ਉਨ੍ਹਾਂ ਕਿਹਾ ਕਿ ਭਾਜਪਾ ਸਰਕਾਰ ਦੀਆਂ ਨੀਤੀਆਂ ਨੇ ਪਹਿਲਾਂ ਹੀ ਛੋਟੇ ਵਪਾਰੀਆਂ ਦੀ ਕਮਰ ਤੋੜ ਦਿੱਤੀ ਹੈ ਅਤੇ ਹੁਣ ਅਜਿਹੇ ਬਿਆਨਾਂ ਨਾਲ ਛੋਟੇ ਦੁਕਾਨਦਾਰਾਂ ਅਤੇ ਕਾਰੀਗਰਾਂ ਦਾ ਮਨੋਬਲ ਵੀ ਡਿੱਗ ਰਿਹਾ ਹੈ। ਸੁਨਿਆਰੇ ਸਿਰਫ਼ ਵਪਾਰੀ ਨਹੀਂ, ਸਗੋਂ ਭਾਰਤੀ ਪਰੰਪਰਾ, ਵਿਰਾਸਤ ਅਤੇ ਹੁਨਰ ਦੇ ਪ੍ਰਤੀਕ ਹਨ। ਵਿਆਹਾਂ ਅਤੇ ਧਾਰਮਿਕ ਰਸਮਾਂ ਨਾਲ ਜੁੜਿਆ ਇਹ ਕਾਰੋਬਾਰ ਲੱਖਾਂ ਲੋਕਾਂ ਦੀ ਜ਼ਿੰਦਗੀ ਦਾ ਸਹਾਰਾ ਹੈ।

ਰਿੰਕੂ ਨਰੂਲਾ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਲੋਕਾਂ ਦੀ ਰੋਜ਼ੀ-ਰੋਟੀ ਨਾਲ ਜੁੜੇ ਮਾਮਲਿਆਂ 'ਤੇ ਸੋਚ-ਸਮਝ ਕੇ ਬਿਆਨ ਦਿੱਤੇ ਜਾਣ। ਉਨ੍ਹਾਂ ਮੰਗ ਕੀਤੀ ਕਿ ਸਰਕਾਰ ਤੁਰੰਤ ਸੁਨਿਆਰਾ ਭਾਈਚਾਰੇ ਨਾਲ ਗੱਲਬਾਤ ਕਰੇ ਅਤੇ ਇਹ ਭਰੋਸਾ ਦੇਵੇ ਕਿ ਉਹਨਾਂ ਦੇ ਕਾਰੋਬਾਰ ਅਤੇ ਰੋਜ਼ਗਾਰ ਨੂੰ ਕਿਸੇ ਵੀ ਤਰ੍ਹਾਂ ਦਾ ਨੁਕਸਾਨ ਨਹੀਂ ਹੋਣ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਦੇਸ਼ ਦੀ ਅਰਥਵਿਵਸਥਾ ਛੋਟੇ ਵਪਾਰੀਆਂ, ਮਜ਼ਦੂਰਾਂ ਅਤੇ ਮਿਹਨਤੀ ਕਾਰੀਗਰਾਂ ਨਾਲ ਮਜ਼ਬੂਤ ਹੁੰਦੀ ਹੈ, ਨਾ ਕਿ ਸਿਰਫ਼ ਵੱਡੇ ਉਦਯੋਗਪਤੀਆਂ ਨਾਲ।

## ਕਵਿਤਾ : ਪੈਰਾਂ ਹੇਠ ਬਰੇਤੇ

ਜਿਨ੍ਹਾਂ ਪਾਣੀਆਂ ਕੋਲ ਅਸਾਡੀ
ਤੇਹ ਦਾ ਸੀ ਸਿਰਨਾਵਾਂ।
ਆਪਣੀ ਤੇਹ ਵਿਚ ਮੌਨ ਹੋ ਗਏ
ਛੱਡ ਗਏ ਪਰਛਾਵਾਂ।

ਅਣਚਾਹੀ ਪਰਵਾਜ਼ ਪਰਾਂ ਵਿਚ
ਪੈਰਾਂ ਹੇਠ ਬਰੇਤੇ।
ਛਿਲਤਰ ਛਿਲਤਰ ਹੋਈ ਹਯਾਤੀ
ਗਏ ਧੁਆਂਖੇ ਚੇਤੇ।

ਨੀਂਦ 'ਚ ਸੁਪਨੇ ਬਣੇ ਛਿਲਤਰਾਂ
ਸੂਲਾਂ ਪੁੜੀਆਂ ਸਾਹੀਂ।
ਦਰਦ-ਵਿਹੂਣੇ ਕਿਵੇਂ ਸੁਣਾਈਏ
ਦਰਦਮੰਦਾਂ ਦੀਆਂ ਆਹੀਂ।

ਮਨ ਕੀਤਾ ਬੇਪਰਦ ਅਸਾਨੂੰ
ਤਨ ਦੀ ਲੀਲ੍ਹਾ ਉਹਲੇ।
ਨਾ ਬਾਹਰੋਂ ਕੋਈ ਦਸਤਕ ਦੇਵੇ
ਨਾ ਕੋਈ ਅੰਦਰੋਂ ਬੋਲੇ।

ਜਿਸ ਉਹਲੇ ਵਿਚ ਲਿਸ਼ਕ ਰਿਹਾ ਸੀ
ਤਨ ਮਨ ਦਾ ਉਜਿਆਰਾ।
ਉਸ ਉਜਿਆਰੇ ਸਾਨੂੰ ਡੱਸਿਆ
ਲੂੰ ਲੂੰ ਤੁਰਿਆ ਪਾਰਾ।

ਮਨ 'ਤੇ ਜ਼ਖ਼ਮ ਇਬਾਰਤ ਲਿਖਦੇ
ਪੈਰਾਂ ਹੇਠ ਬਿਆਈਆਂ।
ਸਾਨੂੰ ਆਪਣੇ ਤਨ ਦੀਆਂ ਰੁੱਤਾਂ
ਕਦੇ ਰਾਸ ਨਾ ਆਈਆਂ।

- ਪ੍ਰਮਿੰਦਰਜੀਤ

# ਸ਼੍ਰੋਮਣੀ ਭਗਤ ਰਵਿਦਾਸ ਜੀ ਦੇ 650 ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਜਵੱਦੀ ਟਕਸਾਲ ਵਲੋਂ ਵਿਸ਼ੇਸ਼ ਸੈਮੀਨਾਰ

ਜ਼ਿਕਰ ਪੰਜਾਬ

**ਲੁਧਿਆਣਾ/ਪ੍ਰਿਤਪਾਲ ਸਿੰਘ ਪਾਲੀ**

ਕ੍ਰਾਂਤੀਕਾਰੀ ਸਮਾਜ-ਸੁਧਾਰਕ, ਮਹਾਨ ਚਿੰਤਕ, ਵਿਚਾਰਕ, ਕਰਮਯੋਗੀ, ਮਹਾਂ ਗਿਆਨੀ ਤੇ ਯੁੱਗ ਪੁਰਸ਼ ਭਗਤ ਰਵਿਦਾਸ ਜੀ ਦੇ 650 ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਸੰਤ ਬਾਬਾ ਅਮੀਰ ਸਿੰਘ ਮੁਖੀ ਜਵੱਦੀ ਟਕਸਾਲ ਵਲੋਂ ਭਗਤ ਜੀ ਦੇ ਜੀਵਨ ਅਤੇ ਉਨ੍ਹਾਂ ਦੀ ਬਾਣੀ ਵਿੱਚਲੇ ÷ਬੇਗਮਪੁਰਾ÷ ਦੇ ਸੰਕਲਪ ਵਿਸ਼ੇ ਤੇ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ।ਜਿਸਦੀ ਅਰੰਭਤਾ ਟਕਸਾਲ ਦੇ ਵਿ?ਦਆਰਥੀਆਂ ਵਲੋਂ ਗਾਇਨ ਸ਼ਬਦ ਨਾਲ ਹੋਈ। ਸੈਮੀਨਾਰ ਦੀ ਪ੍ਰਧਾਨਗੀ ਡਾ: ਜਸਪਾਲ ਸਿੰਘ ਸਾਬਕਾ ਵੀ.ਸੀ. ਪੰਜਾਬੀ ਯੂਨੀਵਰਸੀਟੀ ਨੇ ਕੀਤੀ ਅਤੇ ਉਨ੍ਹਾਂ ਅਪਣੀ ਖੋਜ ਕਾਰਜ਼ਾਂ ਦੇ ਹਵਾਲੇ ਨਾਲ ਵਿਚਾਰਾਂ ਦੀ ਸਾਂਝ ਪਾਉਦਿਆਂ ਆਦਰਸ਼ਕ ਸਮਾਜ ਅਤੇ ਰਾਜ ਪ੍ਰਬੰਧ ਕਿਹੋ ਜਿਹਾ ਹੋਣਾ ਚਾਹੀਦਾ ਹੈ ਦੇ ਹਵਾਲੇ ਨਾਲ ਕਿਹਾ ਕਿ ਜਿੱਥੇ ਸਾਰੇ ਆਜ਼ਾਦੀ ਨਾਲ ਵਿਚਰਨ, ਜਿੱਥੇ ਕਿਸੇ ਨੂੰ ਕੋਈ ਦੁੱਖ ਤਕਲੀਫ ਨਾ ਹੋਵੇ, ਸਾਰਿਆਂ ਦੇ ਹੱਕ ਇਕ ਸਮਾਨ ਹੋਣ, ਕੋਈ ਭੁੱਖ-ਨੰਗਾ ਨਾ ਹੋਵੇ, ਸਾਰੇ ਰੱਜੇ ਹੋਣ, ਭਾਵ ਲੋਕਾਂ ਨੂੰ ਕਿਸੇ ਚੀਜ਼ ਦੀ ਘਾਟ ਨਾ ਹੋਵੇ। ਸਮਾਜ ਵਿਚ ਰਹਿੰਦਿਆਂ ਲੋਕਾਂ ਦੇ ਮਨ ਵਿਚ ਕਿਸੇ ਤਰ੍ਹਾ ਦਾ ਡਰ ਨਾ ਹੋਵੇ, ਲੋਕਾਂ ਤੇ ਬੇਲੋੜਾ ਤੇ ਵਾਧੂ ਟੈਕਸ ਦਾ ਬੋਝ ਨੇ ਹੋਵੇ। ਇਸ ਤਰ੍ਹਾਂ ਦੇ ਸਮਾਜ ਅਤੇ ਰਾਜ ਪ੍ਰਬੰਧ ਨੂੰ ਭਗਤ ਜੀ ਬੇਗਮਪੁਰਾ ਦਾ ਨਾਮ ਦਿੰਦੇ ਹਨ। ਵਿਸ਼ੇਸ਼ ਮਹਿਮਾਨ ਸਾਬਕਾ ਰਾਜਦੂਤ ਸ੍ਰ: ਹਰਿੰਦਰ ਸਿੰਘ ਖਾਲਸਾ ਨੇ ਹਲੀਮੀ ਬੋਲਾਂ ਤੋਂ ਅਰੰਭ ਹੋ ਕੇ ਹਲੂਣੇ ਦਿੰਦੇ ਬੋਲਾਂ ਨਾਲ ਆਪਣੀ ਕਹਿਣੀ ਤੇ ਕਰਨੀ ਵਿਚਲੇ ਫਰਕ 'ਚ ਅੰਤਰ ਖਤਮ ਕਰਨ ਤੇ ਜੋਰ ਦਿੱਤਾ।ਡਾ: ਗੁਰਨੇਕ ਸਿੰਘ ਸਾਬਕਾ ਵੀਸੀ ਨੇ ਅਪਣਾ ਪਰਚਾ ਪੜ੍ਹਦਿਆਂ ਪ੍ਰਭੂ ਮਿਲਾਪ ਦੀ ਅਵਸਥਾ, ਅਧਿਆਤਮਿਕ ਜੀਵਨ ਅਵਸਥਾ ਖੇੜੇ ਅਤੇ



ਅਨੰਦ ਨੂੰ ਬੇਗਮਪੁਰਾ ਦੀ ਅਵਸਥਾ ਹੈ। ਇਹ ਜੀਵਨ ਮੁਕਤੀ ਦੀ ਅਵਸਥਾ ਹੀ ਹੈ, ਜਿਸਦਾ ਜ਼ਿਕਰ ਭਗਤ ਜੀ ਗੋਂਡ ਰਾਗ ਵਿਚ ਵੀ ਕਰਦੇ ਹਨ। ਭਗਤ ਜੀ ਮਰਨ ਤੋਂ ਬਾਅਦ ਸਵਰਕ ਨਰਕ ਅਤੇ ਮੁਕਤੀ ਦੀ ਗੱਲ ਨਹੀਂ ਕਰਦੇ, ਉਹ ਤਾਂ ਜਿਉਂਦੇ ਮੁਕਤੀ (ਭਾਵ ਇਸ ਜੀਵਨ ਵਿਚ ਹੀ ਮੁਕਤੀ) ਦੀ ਗੱਲ ਕਰਦੇ ਹਨ।ਸੈਮੀਨਾਰ ਦੌਰਾਨ ਸ੍ਰ: ਅਨੁਰਾਗ ਸਿੰਘ, ਡਾ: ਅਮਰ ਸਿੰਘ, ਪ੍ਰੋ: ਰਵੇਲ ਸਿੰਘ ਦਿੱਲੀ ਅਤੇ ਭਾਈ ਸੁਖਵਿੰਦਰ ਸਿੰਘ ਅਗਵਾਨ ਨੇ ਵੀ ਵਿਚਾਰਾਂ ਸਾਂਝੀਆਂ ਕਰਦਿਆਂ ਕਿਹਾ ਕਿ ਭਗਤ ਜੀ ਦੀ ਬਾਣੀ ਦਾ ਕੇਂਦਰੀ ਅਧਾਰ ਮਨੁੱਖ ਨੂੰ ਸਦਾਚਾਰਕ ਜੀਵਨ ਬਤੀਤ ਕਰਨ ਤੇ ਬਲ ਦਿੰਦਾ ਹੈ। ਉਨ੍ਹਾਂ ਦੀ ਸੰਪੂਰਨ ਵਿਚਾਰਧਾਰਾ ਸਮਾਜਿਕ, ਅਧਿਆਤਮਿਕ ਅਤੇ ਜਨ-ਕਲਿਆਣ ਦੇ ਹਿੱਤ ਤੇ ਕੇਂਦ੍ਰਿਤ ਰਹਿੰਦੀ ਹੋਈ ਉੱਚੀਆਂ ਨੈਤਿਕ ਕਦਰਾਂ ਕੀਮਤਾਂ ਦਾ ਹੋਕਾ ਦਿੰਦੀ ਹੈ। ਉਨ੍ਹਾਂ ਦੀ ਸ਼ੈਲੀ ਉਪਦੇਸ਼ਾਤਿਮਕਤਾ ਦਾ ਬੋਧ ਕਰਵਾਉਂਦੀ ਪ੍ਰਤੀਤ ਹੁੰਦੀ ਹੈ। ਸੈਮੀਨਾਰ ਦੇ ਅੰਥ 'ਚ ਸੰਤ ਬਾਬਾ ਅਮੀਰ ਸਿੰਘ ਮੁਖੀ ਜਵੱਦੀ ਟਕਸਾਲ ਨੇ ਸੰਦੇਸ਼ ਦਿੰਦਿਆਂ ਕਿਹਾ ਕਿ ਪਰਮਾਤਮਾ ਦੁਆਰਾ ਬਖਸ਼ੀ ਬੁੱਧੀ ਤੇ ਗਿਆਨ ਨਾਲ ਹੀ ਮਨੁੱਖ ਦੀ ਹਉਮੈ ਦਾ ਨਾਸ ਸੰਭਵ ਹੈ।ਭਗਤ ਜੀ ਨੇ ਆਪਣੇ ਮਿੱਠੜੇ ਬੋਲਾਂ ਰਾਹੀਂ ਮਨੁੱਖੀ ਏਕਤਾ, ਪ੍ਰਭੂ ਭਗਤੀ, ਸਮਾਜਿਕ ਬਰਾਬਰਤਾ ਦੇ ਸਿਧਾਂਤ ਨੂੰ ਆਪਣੀ ਪ੍ਰੇਮ-ਭਾਵਨਾ ਦੇ ਮਾਧਿਅਮ ਰਾਹੀਂ ਦ੍ਰਿਸ਼ਟੀ ਮੂਲਕ ਕੀਤਾ। ਕੁਦਰਤੀ ਚਿੱਤਰਾਂ, ਬਿੰਬਾਂ ਤੇ ਪ੍ਰਤੀਕਾਂ ਨੇ ਆਪ ਜੀ ਦੀ ਬਾਣੀ ਵਿੱਚ ਵਿਸ਼ੇਸ਼ ਰੰਗ ਭਰਿਆ। ਭਗਤ ਜੀ ਅਨੁਸਾਰ ਪ੍ਰਮਾਤਮਾਂ-ਪ੍ਰਾਪਤੀ (ਪਰਮਪਦ) ਦਾ ਇੱਕੋ-ਇਕ ਸਾਧਨ ਉਸਦੀ ਭਗਤੀ ਹੈ, ਜਿਸਨੂੰ ਸਹਿਜ-ਭਗਤੀ, ਪ੍ਰੇਮ-ਭਗਤੀ, ਭਾਉ-ਭਗਤਿ ਦਾ ਨਾਮ ਦਿੱਤਾ ਜਾ ਸਕਦਾ ਹੈ। ਜੀਵਾਤਮਾ ਗੁਰੂ ਦੀ ਬਖਸ਼ਿਸ਼ ਤੇ ਉਸ ਦੁਆਰਾ ਦਿੱਤੇ ਨਾਮ ਸਿਮਰਨ ਰਾਹੀਂ ਪ੍ਰਮਾਤਮਾਂ ਨਾਲ ਇਕਮਿਕਤਾ ਪ੍ਰਾਪਤ ਕਰਕੇ ਬੇਗਮਪੁਰੇ ਦਾ ਵਾਸੀ ਬਣ ਜਾਂਦੀ ਹੈ।ਭਗਤ ਜੀ ਦੀ ਬਾਣੀ ਰੂਪੀ ਬਚਨਾਂ ਨੂੰ ਜੀਵਨ ਵਿਚ ਵਸਾ ਕੇ, ਅਗਿਆਨਤਾ ਵਿਚ ਅਜ਼ਾਈਂ ਜ਼ਿੰਦਗੀ ਗੁਜ਼ਾਰਨ ਦੀ ਥਾਂ ਉੱਤੇ, ਆਪਣੀ ਇਸ ਉਮਰ ਦੇ ਮੁੱਕਣ ਤੋਂ ਪਹਿਲਾਂ ਆਪਣੀ ਜ਼ਿੰਦਗੀ ਦੀ ਰਾਹ ਨੂੰ ਸਵਾਰਨ ਦਾ ਯਤਨ ਕਰੀਏ। ਸਟੇਜ ਸੰਚਾਲਨ ਦੀ ਜਿੰਮੇਵਾਰੀ ਡਾ: ਹਰਜੋਧ ਸਿੰਘ ਨੇ ਨਿਭਾਈ। ਇਸ ਮੌਕੇ ਗੁਰਪ੍ਰੀਤ ਸਿੰਘ ਤੂਰ ਆਈ.ਪੀ.ਐਸ, ਗੁਰਮੀਤ ਸਿੰਘ ਸੋਹੀ, ਸ੍ਰ: ਮੇਜਰ ਸਿੰਘ ਖਾਲਸਾ, ਤੇਜ ਪ੍ਰਤਾਪ ਸਿੰਘ ਸੰਧੂ, ਕੁਲਵਿੰਦਰ ਸਿੰਘ ਬੈਨੀਪਾਲ, ਉਸਤਾਦ ਜਤਿੰਦਰ ਪਾਲ ਸਿੰਘ, ਡਾ: ਜੋਗਿੰਦਰ ਸਿੰਘ ਝੱਜ, ਡਾ: ਮੇਜਰ ਸਿੰਘ, ਸ੍ਰ: ਜਗੀਰ ਸਿੰਘ ਢਿੱਲੋਂ, ਚਰਨਜੀਤ ਸਿੰਘ, ਬਲਵੀਰ ਸਿੰਘ ਸੇਖੋਂ, ਜੋਗਿੰਦਰ ਸਿੰਘ ਸੰਧੂ ਡੀ ਐਸ ਪੀ, ਸ੍ਰ: ਨਾਇਬ ਸਿੰਘ,ਪ੍ਰੀਤਮ ਸਿੰਘ ਮੁਕੰਦਪੁਰ, ਮਨਜੀਤ ਸਿੰਘ ਬਾਜਵਾ, ਡਾ: ਸੁਖਦੇਵ ਸਿੰਘ, ਗਿ: ਗੁਰਮੇਲ ਸਿੰਘ ਡਾ: ਕੁਲਦੀਪ ਸਿੰਘ, ਡਾ: ਰਤਨ ਸਿੰਘ, ਕੇਵਲ ਸਿੰਘ ਆਦਿ ਹਾਜ਼ਰ ਸਨ।

●----- ਸ.ਫਾ 1 ਦਾ ਬਾਕੀ -----●

### ਭਾਰਤ ਵਾਪਸ ਆਵੇਗੀ 1000 ਸਾਲ ਪੁਰਾਣੀ...

ਵਾਪਸੀ ਦੀ ਕੋਸ਼ਿਸ਼ ਕਰ ਰਿਹਾ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਕਿਹਾ ਕਿ ਇਹ ਤਾਂਬੇ ਦੀਆਂ ਪਲੇਟਾਂ ਚੋਲ ਰਾਜਵੰਸ਼ ਦੀ ਵਿਰਾਸਤ ਨੂੰ ਦਰਸਾਉਂਦੀਆਂ ਹਨ ਅਤੇ ਉਨ੍ਹਾਂ ਦੀ ਵਾਪਸੀ ਵਿਦੇਸ਼ਾਂ ਤੋਂ ਭਾਰਤੀ ਸੱਭਿਆਚਾਰਕ ਵਿਰਾਸਤ ਨੂੰ ਵਾਪਸ ਲਿਆਉਣ ਵੱਲ ਇੱਕ ਹੋਰ ਕਦਮ ਦਰਸਾਉਂਦੀ ਹੈ। ਮੰਤਰਾਲੇ ਵੱਲੋਂ ਜਾਰੀ ਪ੍ਰੈਸ ਰਿਲੀਜ਼ ਦੇ ਅਨੁਸਾਰ, ਡੱਚ ਪ੍ਰਧਾਨ ਮੰਤਰੀ ਰੌਬ ਜੇਟਨ ਵੀ ਇਸ ਸਮਾਗਮ ਵਿੱਚ ਮੌਜੂਦ ਸਨ। ਪ੍ਰੈਸ ਰਿਲੀਜ਼ ਵਿੱਚ ਕਿਹਾ ਗਿਆ ਹੈ ਕਿ ਇਹ ਤਾਂਬੇ ਦੀਆਂ ਪਲੇਟਾਂ ਤਾਮਿਲਨਾਡੂ ਦੇ ਨਾਗਾਪੱਟੀਨਮ ਵਿੱਚ ਇੱਕ ਬੋਧੀ ਮੱਠ, ਚੂਲਾਮਨੀਵਰਮਾ ਵਿਹਾਰ ਨੂੰ ਅਨਾਈਮੰਗਲਮ ਪਿੰਡ ਦੇ ਦਾਨ ਨੂੰ ਰਸਮੀ ਰੂਪ ਦਿੰਦੀਆਂ ਹਨ। ਇਸ ਵਿੱਚ ਅੱਗੇ ਕਿਹਾ ਗਿਆ ਹੈ ਕਿ ਤਾਂਬੇ ਦੀਆਂ ਪਲੇਟਾਂ ਵਿੱਚ ਤਾਮਿਲ ਅਤੇ ਸੰਸਕ੍ਰਿਤ ਵਿੱਚ ਲਿਖੇ ਗਏ ਗ੍ਰੰਥ ਹਨ। ਇਨ੍ਹਾਂ 21 ਤਾਂਬੇ ਦੀਆਂ ਪਲੇਟਾਂ ਨੂੰ ਚੋਲ ਰਾਜਵੰਸ਼ ਦੇ ਸਭ ਤੋਂ ਮਹੱਤਵਪੂਰਨ ਬਚੇ ਹੋਏ ਰਿਕਾਰਡਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ ਅਤੇ ਭਾਰਤ ਤੋਂ ਬਾਹਰ ਕਿਤੇ ਵੀ ਮਿਲੀਆਂ ਤਾਮਿਲ ਵਿਰਾਸਤ ਦੀਆਂ ਸਭ ਤੋਂ ਮਹੱਤਵਪੂਰਨ ਕਲਾਕ੍ਰਿਤੀਆਂ ਵਿੱਚੋਂ ਇੱਕ ਹੈ। ਇਹ ਤਾਂਬੇ ਦੀਆਂ ਪਲੇਟਾਂ, ਜੋ ਕਿ ਰਾਜਰਾਜਾ ਚੋਲ ਪਹਿਲੇ ਦੇ ਰਾਜ ਸਮੇਂ ਦੀਆਂ ਹਨ, ਲਗਭਗ 30 ਕਿਲੋਗ੍ਰਾਮ ਭਾਰ ਦੀਆਂ ਹਨ ਅਤੇ ਚੋਲ ਰਾਜਵੰਸ਼ ਦੀ ਸ਼ਾਹੀ ਮੋਹਰ ਵਾਲੀ ਇੱਕ ਕਾਂਸੀ ਦੀ ਅੰਗੂਠੀ ਨਾਲ ਬੰਨ੍ਹੀਆਂ ਹੋਈਆਂ ਹਨ। ਇਹ ਤਾਂਬੇ ਦੀਆਂ ਪਲੇਟਾਂ ਦੋ ਹਿੱਸਿਆਂ ਵਿੱਚ ਵੰਡੀਆਂ ਹੋਈਆਂ ਹਨ। ਇੱਕ ਹਿੱਸੇ ਵਿੱਚ ਸੰਸਕ੍ਰਿਤ ਵਿੱਚ ਲਿਖਤ ਹੈ, ਦੂਜੇ ਵਿੱਚ ਤਾਮਿਲ ਵਿੱਚ। ਰਾਜਰਾਜਾ ਚੋਲ ਪਹਿਲਾ ਇੱਕ ਹਿੰਦੂ ਸਮਰਾਟ ਸੀ ਜਿਸਨੇ ਇੱਕ ਬੋਧੀ ਮੱਠ ਨੂੰ ਮਾਲੀਆ ਦਾਨ ਦਿੱਤਾ ਸੀ।

### ਪ੍ਰਧਾਨ ਮੰਤਰੀ ਮੋਦੀ ਨੂੰ ਮਿਲਿਆ ਸਵੀਡਨ ਦਾ...

1748 ਵਿੱਚ ਕੀਤੀ ਗਈ ਸੀ। ਸਵੀਡਨ ਸਰਕਾਰ ਦੀ ਵੈੱਬਸਾਈਟ ਮੁਤਾਬਕ, ਇਹ ਵੱਕਾਰੀ ਪੁਰਸਕਾਰ ਸਵੀਡਨ ਦੇ ਹਿੱਤਾਂ ਲਈ ਕੀਤੇ ਗਏ ਨਿੱਜੀ ਯਤਨਾਂ, ਜਨਤਕ ਗਤੀਵਿਧੀਆਂ ਦੇ ਖੇਤਰ ਵਿੱਚ ਬਿਹਤਰੀਨ ਕੰਮ ਕਰਨ ਅਤੇ ਸਰਕਾਰੀ ਜ਼ਿੰਮੇਵਾਰੀਆਂ ਨੂੰ ਸਫ਼ਲਤਾਪੂਰਵਕ ਨਿਭਾਉਣ ਲਈ ਦਿੱਤਾ ਜਾਂਦਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਐਤਵਾਰ ਨੂੰ ਦੋ ਦਿਨਾ ਦੌਰੇ 'ਤੇ ਸਵੀਡਨ ਪਹੁੰਚੇ ਹਨ। ਗੋਥਨਬਰਗ ਹਵਾਈ ਅੱਡੇ 'ਤੇ ਪਹੁੰਚਣ 'ਤੇ ਉਨ੍ਹਾਂ ਦੇ ਸਵੀਡਿਸ਼ ਹਮਰੁਤਬਾ ਉਲਫ਼ ਕ੍ਰਿਸਟਰਸਨ ਨੇ ਖ਼ੁਦ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ। ਇਸ ਦੌਰੇ ਨੂੰ ਦੋਵਾਂ ਦੇਸ਼ਾਂ ਦੇ ਆਪਸੀ ਸਬੰਧਾਂ ਨੂੰ ਮਜ਼ਬੂਤ ਕਰਨ ਵੱਲ ਇੱਕ ਵੱਡੇ ਕਦਮ ਵਜੋਂ ਦੇਖਿਆ ਜਾ ਰਿਹਾ ਹੈ।

### ਖ਼ਤਰਨਾਕ ਵਾਇਰਸ ਇਬੋਲਾ ਦਾ ਕਹਿਰ, 80 ਮੌਤਾਂ

ਰਹੀਆਂ ਹਨ। ਇਸ ਤੋਂ ਇਲਾਵਾ ਪ੍ਰਭਾਵਿਤ ਖੇਤਰਾਂ ਵਿੱਚ ਵਾਇਰਲ ਹੈਮਰੇਜਿਕ ਬੁਖਾਰ ਦੇ ਲੱਛਣਾਂ ਕਾਰਨ 4 ਸਿਹਤ ਕਰਮਚਾਰੀਆਂ ਦੀ ਮੌਤ ਦੀ ਵੀ ਜਾਣਕਾਰੀ ਸਾਹਮਣੇ ਆਈ ਹੈ। ਡਬਲਿਊ ਐੱਚ ਓ ਦੇ ਮਹਾਨਿਰਦੇਸ਼ਕ ਜਲਦ ਹੀ ਅੰਤਰਰਾਸ਼ਟਰੀ ਸਿਹਤ ਨਿਯਮਾਂ ਤਹਿਤ ਇੱਕ ਐਮਰਜੈਂਸੀ ਕਮੇਟੀ ਦੀ ਮੀਟਿੰਗ ਬੁਲਾਉਣਗੇ। ਇਸ ਵਾਇਰਸ ਨਾਲ ਨਜਿੱਠਣ ਲਈ ਅੰਤਰਰਾਸ਼ਟਰੀ ਪੱਧਰ 'ਤੇ ਸਹਿਯੋਗ ਦੀ ਲੋੜ ਦੱਸੀ ਜਾ ਰਹੀ ਹੈ ਤਾਂ ਜੋ ਇਸਦੇ ਫੈਲਾਅ ਅਤੇ ਗੰਭੀਰਤਾ ਨੂੰ ਸਮਝ ਕੇ ਰੋਕਥਾਮ ਦੇ ਯਤਨਾਂ ਨੂੰ ਮਜ਼ਬੂਤ ਕੀਤਾ ਜਾ ਸਕੇ।

### ਪੰਜਾਬ-ਚੰਡੀਗੜ੍ਹ 'ਚ ਤੋਂ ਹੀਟਵੇਵ ਦਾ ਅਲਰਟ

ਅਤੇ ਰੂਪਨਗਰ 38.7 ਡਿਗਰੀ ਸੈਲਸੀਅਸ ਤਾਪਮਾਨ ਨਾਲ ਗਰਮੀ ਦੀ ਚਪੇਟ ਵਿੱਚ ਰਹੇ। ਮੌਸਮ ਮਾਹਿਰਾਂ ਦੇ ਅਨੁਸਾਰ ਦੱਖਣ-ਪੱਛਮੀ ਮਾਨਸੂਨ 26 ਮਈ ਦੇ ਆਸ-ਪਾਸ ਕੇਰਲ ਵਿੱਚ ਦਸਤਕ ਦੇ ਸਕਦਾ ਹੈ, ਹਾਲਾਂਕਿ ਇਸ ਵਿੱਚ ਕੁਝ ਦਿਨਾਂ ਦੀ ਦੇਰੀ ਵੀ ਹੋ ਸਕਦੀ ਹੈ।

ਆਮ ਤੌਰ 'ਤੇ ਮਾਨਸੂਨ ਜੂਨ ਦੇ ਆਖਰੀ ਹਫ਼ਤੇ ਵਿੱਚ ਦਿੱਲੀ ਰਾਹੀਂ ਪੰਜਾਬ ਅਤੇ ਹਰਿਆਣਾ ਵੱਲ ਵਧਦਾ ਹੈ। ਚੰਡੀਗੜ੍ਹ ਮੌਸਮ ਕੇਂਦਰ ਦੇ ਡਾਇਰੈਕਟਰ ਸੁਰੇਂਦਰ ਪਾਲ ਨੇ ਕਿਹਾ ਕਿ ਅਗਲੇ ਚਾਰ ਦਿਨਾਂ ਦੌਰਾਨ ਵੱਧ ਤੋਂ ਵੱਧ ਤਾਪਮਾਨ ਵਿੱਚ ਹੋਰ 4 ਤੋਂ 5 ਡਿਗਰੀ ਤੱਕ ਵਾਧਾ ਹੋ ਸਕਦਾ ਹੈ। 18 ਮਈ ਤੋਂ ਸੂਬੇ ਦੇ ਕਈ ਹਿੱਸਿਆਂ ਵਿੱਚ ਹੀਟਵੇਵ ਦੀ ਸਥਿਤੀ ਬਣ ਸਕਦੀ ਹੈ, ਜਿਸ ਕਾਰਨ ਲੋਕਾਂ ਨੂੰ ਸਾਵਧਾਨ ਰਹਿਣ ਦੀ ਸਲਾਹ ਦਿੱਤੀ ਗਈ ਹੈ।

### ਜਲੰਧਰ ਪੁਲਿਸ ਵੱਲੋਂ 4 ਸ਼ੂਟਰ ਗ੍ਰਿਫ਼ਤਾਰ...

ਵਾਸੀ ਧੀਰਪੁਰ ਥਾਣਾ ਕਰਤਾਰਪੁਰ, ਜੁਗਰਾਜ ਸਿੰਘ ਪੁੱਤਰ ਪ੍ਰੀਤਮ ਸਿੰਘ ਵਾਸੀ ਧੀਰਪੁਰ ਥਾਣਾ ਕਰਤਾਰਪੁਰ, ਗੁਰਪ੍ਰੀਤ ਸਿੰਘ ਪੁੱਤਰ ਧਰਮਪਾਲ ਵਾਸੀ ਮਲੀਆ ਥਾਣਾ ਲੋਹੀਆਂ ਅਤੇ ਨੀਦ ਪੁੱਤਰ ਸੇਵਾ ਰਾਮ ਵਾਸੀ ਬਾਜ਼ੀਗਰ ਮੁਹੱਲਾ ਰਾਮਾ ਮੰਡੀ ਵਜੋਂ ਹੋਈ ਹੈ। ਉਨ੍ਹਾਂ ਦੱਸਿਆ ਕਿ ਫੜੇ ਗਏ ਸ਼ੂਟਰਾਂ ਕੋਲੋਂ ਅੱਠ ਪਿਸਟਲ, 45 ਜ਼ਿੰਦਾ ਕਾਰਤੂਸ ਅਤੇ ਸਵਿਫਟ ਕਾਰ ਬਰਾਮਦ ਹੋਈ ਹੈ। ਉਨ੍ਹਾਂ ਦੱਸਿਆ ਕਿ ਸੁਖਵੰਤ ਖਿਲਾਫ ਦਸ, ਜੁਗਰਾਜ ਖਿਲਾਫ ਚਾਰ, ਗੁਰਪ੍ਰੀਤ ਖਿਲਾਫ ਚਾਰ ਮੁਕਦਮੇ ਦਰਜ ਹਨ ਜਦੋਂ ਕਿ ਫੜੇ ਗਏ ਚੌਥੇ ਸ਼ੂਟਰ ਖਿਲਾਫ ਪਹਿਲਾਂ ਕੋਈ ਮੁਕਦਮਾ ਦਰਜ ਨਹੀਂ ਹੈ। ਇਸ ਸਬੰਧੀ ਪੁਲੀਸ ਡਿਵੀਜ਼ਨ ਨੰਬਰ ਸੱਤ ਵਿੱਚ ਮੁਕਦਮਾ ਦਰਜ ਕੀਤਾ ਹੈ।

### ਹੈਦਰਾਬਾਦ ਉਤਰਣ ਵਾਲੇ ਜਹਾਜ਼ਾਂ ਨੂੰ ਲਗਾਤਾਰ...

ਕੀਤਾ ਗਿਆ ਸੀ ਕਿ ਕੁਆਲਾਲੰਪੁਰ ਏਅਰਵੇਜ਼ ਦੀ ਇੱਕ ਫਲਾਈਟ, ਜੋ ਐਮਸਟਰਡਮ ਤੋਂ ਹੈਦਰਾਬਾਦ ਆ ਰਹੀ ਸੀ, ਉਸ ਵਿੱਚ ਇੱਕ ਬਿਨਾਂ ਮਨੁੱਖ ਵਾਲਾ (ਮਾਨਵਰਹਿਤ) ਬੰਬ ਰੱਖਿਆ ਗਿਆ ਹੈ। ਈਮੇਲ ਵਿੱਚ ਇਹ ਵੀ ਚੇਤਾਵਨੀ ਦਿੱਤੀ ਗਈ ਸੀ ਕਿ ਇਹ ਧਮਾਕਾ ਮੰਜ਼ਿਲ ਤੱਕ ਪਹੁੰਚਣ ਤੋਂ ਬਹੁਤ ਪਹਿਲਾਂ, ਕਿਸੇ ਵੀ ਸਮੇਂ ਹੋ ਸਕਦਾ ਹੈ। ਧਮਕੀ ਦੇ ਬਾਵਜੂਦ ਰਾਹਤ ਦੀ ਗੱਲ ਇਹ ਰਹੀ ਕਿ ਜਹਾਜ਼ ਨੇ ਹੈਦਰਾਬਾਦ ਏਅਰਪੋਰਟ 'ਤੇ ਸੁਰੱਖਿਅਤ ਲੈਂਡਿੰਗ ਕੀਤੀ। ਜਹਾਜ਼ ਦੇ ਉਤਰਦੇ ਹੀ ਏਅਰਪੋਰਟ ਅਧਿਕਾਰੀਆਂ ਨੇ ਤੁਰੰਤ ਮੁਸਤੈਦੀ ਦਿਖਾਈ ਅਤੇ ਉਸ ਨੂੰ ਆਈਸੋਲੇਸ਼ਨ ਬੇਅ (ਵੱਖਰੇ ਹਿੱਸੇ) ਵਿੱਚ ਭੇਜ ਦਿੱਤਾ। ਇਸ ਸਮੇਂ ਏਅਰਪੋਰਟ ਪ੍ਰਸ਼ਾਸਨ ਅਤੇ ਸੁਰੱਖਿਆ ਬਲ ਜਹਾਜ਼ ਦੀ ਬਾਰੀਕੀ ਨਾਲ ਤਲਾਸ਼ੀ ਅਤੇ ਜਾਂਚ ਕਰ ਰਹੇ ਹਨ ਹੈਦਰਾਬਾਦ ਏਅਰਪੋਰਟ ਲਈ ਸੁਰੱਖਿਆ ਪ੍ਰਬੰਧਾਂ ਵਿੱਚ ਵੱਡੀ ਚੂਕ ਅਤੇ ਡਰ ਦਾ ਇਹ ਲਗਾਤਾਰ ਤੀਜਾ ਮਾਮਲਾ ਹੈ। ਇਸ ਤੋਂ ਪਹਿਲਾਂ ਸ਼ਨੀਵਾਰ ਨੂੰ ਵੀ ਇੱਕ ਅਣਪਛਾਤੇ ਸ਼ਰਾਰਤੀ ਅਨਸਰ ਨੇ ਈਮੇਲ ਭੇਜ ਕੇ ਦਾਅਵਾ ਕੀਤਾ ਸੀ ਕਿ ਮਲੇਸ਼ੀਆ ਤੋਂ ਆ ਰਹੇ ਏਅਰਏਸ਼ੀਆ ਦੇ ਇੱਕ ਜਹਾਜ਼ ਵਿੱਚ ਬੰਬ ਹੈ ਉਸ ਈਮੇਲ ਵਿੱਚ ਵੀ ਕਿਹਾ ਗਿਆ ਸੀ ਕਿ ਹੈਦਰਾਬਾਦ ਵਿੱਚ ਲੈਂਡ ਕਰਨ ਤੋਂ ਬਹੁਤ ਪਹਿਲਾਂ ਹੀ ਜਹਾਜ਼ ਨੂੰ ਹਵਾ ਵਿੱਚ ਉਡਾ ਦਿੱਤਾ ਜਾਵੇਗਾ। ਲਗਾਤਾਰ ਮਿਲ ਰਹੀਆਂ ਧਮਕੀਆਂ ਤੋਂ ਬਾਅਦ ਸੁਰੱਖਿਆ ਏਜੰਸੀਆਂ ਨੂੰ ਤੁਰੰਤ ਸੂਚਿਤ ਕੀਤਾ ਗਿਆ ਅਤੇ ਐਮਰਜੈਂਸੀ ਸੁਰੱਖਿਆ ਪ੍ਰੋਟੋਕੋਲ ਲਾਗੂ ਕਰ ਦਿੱਤੇ ਗਏ ਯਾਤਰੀਆਂ ਅਤੇ ਏਅਰਪੋਰਟ ਸਟਾਫ਼ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਨਿਗਰਾਨੀ ਅਤੇ ਸਰਵੇਲੈਂਸ ਨੂੰ ਕਾਫ਼ੀ ਵਧਾ ਦਿੱਤਾ ਗਿਆ ਹੈ। ਯਾਤਰੀਆਂ ਦੀ ਸਕ੍ਰੀਨਿੰਗ ਅਤੇ ਸਾਮਾਨ ਦੀ ਜਾਂਚ ਨੂੰ ਬੇਹੱਦ ਸਖ਼ਤ ਕਰ ਦਿੱਤਾ ਗਿਆ ਹੈ ਬੰਬ ਡਿਟੈਕਸ਼ਨ ਐਂਡ ਡਿਸਪੋਜ਼ਲ ਸਕੁਐਡ ਨਾਲ ਮਿਲ ਕੇ ਏਅਰਪੋਰਟ ਦੇ ਸੰਵੇਦਨਸ਼ੀਲ ਹਿੱਸਿਆਂ ਦੀ ਡੂੰਘਾਈ ਨਾਲ ਤਲਾਸ਼ੀ ਲਈ ਜਾ ਰਹੀ ਹੈ।

### ਸੰਯੁਕਤ ਅਰਬ ਅਮੀਰਾਤ ਦੇ ਪ੍ਰਮਾਣੂ ਪਾਵਰ...

ਵਰਗੀਆਂ ਰਾਈਫਲਾਂ ਫੜ ਕੇ ਲੋਕਾਂ ਨੂੰ ਜੰਗ ਲਈ ਤਿਆਰ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਹੀ ਇਜ਼ਰਾਈਲ ਅਤੇ ਲੈਬਨਾਨ ਵਿੱਚ ਹਿਜ਼ਬੁੱਲਾ ਵਿਚਕਾਰ ਵੀ ਪਿਛਲੇ ਕੁਝ ਦਿਨਾਂ ਵਿੱਚ ਗੋਲੀਬਾਰੀ ਵਧੀ ਹੈ, ਜਿਸ ਨਾਲ ਉੱਥੋਂ ਦੀ ਵੱਖਰੀ ਜੰਗਬੰਦੀ ਨੂੰ ਵੀ ਖਤਰਾ ਪੈਦਾ ਹੋ ਗਿਆ ਹੈ। ਦੱਖਣੀ ਕੋਰੀਆ ਦੀ ਮਦਦ ਨਾਲ ਯੂਏਈ ਵਲੋਂ 20 ਬਿਲੀਅਨ ਡਾਲਰ ਦੀ ਲਾਗਤ ਨਾਲ ਬਣਾਇਆ ਗਿਆ ਬਰਾਕਾਹ ਪਰਮਾਣੂ ਪਾਵਰ ਪਲਾਂਟ ਸਾਲ 2020 ਵਿੱਚ ਸ਼ੁਰੂ ਹੋਇਆ ਸੀ। ਇਹ ਅਰਬ ਪ੍ਰਾਇਦੀਪ ਦਾ ਪਹਿਲਾ ਅਤੇ ਇਕਲੌਤਾ ਪਰਮਾਣੂ ਪਾਵਰ ਪਲਾਂਟ ਹੈ, ਜੋ ਸੱਤ ਅਮੀਰਾਤਾਂ ਦੇ ਸੰਘ ਯੂਏਈ ਦੀਆਂ ਕੁੱਲ ਬਿਜਲੀ ਲੋੜਾਂ ਦਾ ਲਗਪਗ ਚੌਥਾ ਹਿੱਸਾ ਪੂਰਾ ਕਰਨ ਦੀ ਸਮਰੱਥਾ ਰੱਖਦਾ ਹੈ। ਇਹ ਅਰਬ ਜਗਤ ਦਾ ਪਹਿਲਾ ਵਪਾਰਕ ਪਰਮਾਣੂ ਪਲਾਂਟ ਵੀ ਹੈ। ਯੂਏਈ ਦੇ ਪਰਮਾਣੂ ਰੈਗੂਲੇਟਰ ਨੇ ਸਪਸ਼ਟ ਕੀਤਾ ਹੈ ਕਿ ਇਸ ਅੱਗ ਨਾਲ ਪਲਾਂਟ ਦੀ ਸੁਰੱਖਿਆ 'ਤੇ ਕੋਈ ਅਸਰ ਨਹੀਂ ਪਿਆ ਹੈ ਅਤੇ 'ਐਕਸ' 'ਤੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਪਲਾਂਟ ਦੀਆਂ ਸਾਰੀਆਂ ਇਕਾਈਆਂ ਆਮ ਵਾਂਗ ਕੰਮ ਕਰ ਰਹੀਆਂ ਹਨ।

### ਪੰਜਾਬ ਪੁਲਿਸ ਵੱਲੋਂ 573 ਥਾਵਾਂ 'ਤੇ...

ਗੌਰਵ ਯਾਦਵ ਨੇ ਕੀਤੀ ਸੀ। ਐਂਟੀ-ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਪੰਜਾਬ ਦੇ ਤਾਲਮੇਲ ਨਾਲ ਸਾਰੇ ਜ਼ਿਲਿ?ਹਆਂ ਦੀਆਂ ਪੁਲਿਸ ਟੀਮਾਂ ਸੂਬੇ ਭਰ ਵਿੱਚ ਵਿਸ਼ੇਸ਼ ਕਾਰਵਾਈਆਂ ਕਰ ਰਹੀਆਂ ਹਨ।

ਉਨ੍ਹਾਂ ਦੱਸਿਆ ਕਿ 117ਵੇਂ ਦਿਨ, ਪੁਲਿਸ ਟੀਮਾਂ ਨੇ 279 ਵਿਅਕਤੀਆਂ ਨੂੰ ਤਿੰਨ ਹਥਿਆਰਾਂ ਸਮੇਤ ਗ੍ਰਿਫ਼ਤਾਰ ਕੀਤਾ, ਜਿਸ ਦੇ ਨਾਲ ਮੁਹਿੰਮ ਦੀ ਸ਼ੁਰੂਆਤ ਤੋਂ ਹੁਣ ਤੱਕ ਕੁੱਲ ਗ੍ਰਿਫ਼ਤਾਰੀਆਂ ਦੀ ਗਿਣਤੀ 29,979 ਹੋ ਗਈ ਹੈ। ਇਸ ਤੋਂ ਇਲਾਵਾ 143 ਵਿਅਕਤੀਆਂ ਵਿਰੁੱਧ ਇਹਤਿਆਤੀ ਕਾਰਵਾਈ ਕੀਤੀ ਗਈ ਹੈ, ਜਦੋਂ ਕਿ 13 ਵਿਅਕਤੀਆਂ ਨੂੰ ਤਫ਼ਤੀਸ਼ ਅਤੇ ਪੁੱਛਗਿੱਛ ਤੋਂ ਬਾਅਦ ਛੱਡ ਦਿੱਤਾ ਗਿਆ। ਪੁਲਿਸ ਟੀਮਾਂ ਨੇ ਕਾਰਵਾਈ ਦੌਰਾਨ ਅੱਠ ਭਗੌੜੇ ਅਪਰਾਧੀਆਂ (ਪੀਓ) ਨੂੰ ਵੀ ਗ੍ਰਿਫ਼ਤਾਰ ਕੀਤਾ ਹੈ। ਲੋਕ, ਐਂਟੀ ਗੈਂਗਸਟਰ ਹੈਲਪਲਾਈਨ ਨੰਬਰ 93946-93946 ਰਾਹੀਂ ਲੋੜੀਂਦੇ ਅਪਰਾਧੀਆਂ ਅਤੇ ਗੈਂਗਸਟਰਾਂ ਬਾਰੇ ਗੁਪਤ ਰੂਪ ਵਿੱਚ ਰਿਪੋਰਟ ਕਰ ਸਕਦੇ ਹਨ ਅਤੇ ਅਪਰਾਧ ਅਤੇ ਅਪਰਾਧਿਕ ਗਤੀਵਿਧੀਆਂ ਬਾਰੇ ਸੂਹ ਵੀ ਦਿੱਤੀ ਜਾ ਸਕਦੀ ਹੈ।

### ਅਕਾਲੀ ਦਲ ਵਾਰਿਸ ਪੰਜਾਬ ਦੇ ਅਤੇ ਅਕਾਲੀ...

ਬੁਨਿਆਦ ਹੀ ਕਮਜ਼ੋਰ ਹੋ ਰਹੀ ਸੀ। ਇਸ ਸਥਿਤੀ ਨੂੰ ਵੇਖਦਿਆਂ ਅਤੇ 'ਅਕਾਲੀ ਦਲ-ਵਾਰਿਸ ਪੰਜਾਬ ਦੇ' ਦੀ ਸੀਨੀਅਰ ਲੀਡਰਸ਼ਿਪ ਵੱਲੋਂ ਵਿਸਥਾਰਤ ਰਾਇ-ਮਸ਼ਵਰਾ ਕਰਨ ਉਪਰੰਤ ਇਹ ਫੈਸਲਾ ਲਿਆ ਗਿਆ ਹੈ। ਤਾਲਮੇਲ ਕਮੇਟੀ ਨੇ ਇਹ ਵੀ ਕਿਹਾ ਕਿ ਦੂਜੀ ਧਿਰ ਵਿੱਚ ਮੌਜੂਦ ਕਈ ਸੁਹਿਰਦ, ਪੰਥਕ ਸੋਚ ਵਾਲੇ ਅਤੇ ਸਾਫ ਅਕਸ ਦੇ ਆਗੂਆਂ ਨੇ ਇਸ ਗਠਜੋੜ ਨੂੰ ਸਫਲ ਬਣਾਉਣ ਲਈ ਇਮਾਨਦਾਰ ਕੋਸ਼ਿਸ਼ਾਂ ਕੀਤੀਆਂ, ਪਰ ਮੌਜੂਦਾ ਹਾਲਾਤਾਂ ਵਿੱਚ ਉਹ ਖੁਦ ਵੀ ਬੇਵੱਸ ਨਜ਼ਰ ਆ ਰਹੇ ਹਨ। ਉਹਨਾਂ ਸਪੱਸ਼ਟ ਕੀਤਾ ਕਿ ਪੰਥ ਪ੍ਰਵਾਨਿਤ, ਇਮਾਨਦਾਰ ਅਤੇ ਸੁਹਿਰਦ ਆਗੂਆਂ ਲਈ 'ਅਕਾਲੀ ਦਲ-ਵਾਰਿਸ ਪੰਜਾਬ ਦੇ' ਦੇ ਦਰਵਾਜ਼ੇ ਹਮੇਸ਼ਾਂ ਖੁੱਲ੍ਹੇ ਰਹਿਣਗੇ ਅਤੇ ਪੰਥ ਤੇ ਪੰਜਾਬ ਦੀ ਚੜ੍ਹਦੀ ਕਲਾ ਲਈ ਸਾਫ-ਸੁਥਰੀ ਪੰਥਕ ਸਿਆਸਤ ਦਾ ਸੰਘਰਸ਼ ਜਾਰੀ ਰਹੇਗਾ।

### ਰਾਜਧਾਨੀ ਐਕਸਪ੍ਰੈਸ ਦੇ ਦੋ ਡੱਬਿਆਂ...

ਸਵਾਰ ਸਨ, ਜਿਨ੍ਹਾਂ ਨੂੰ ਬਿਨਾਂ ਘਬਰਾਹਟ ਦੇ ਸੁਰੱਖਿਅਤ ਬਾਹਰ ਕੱਢ ਲਿਆ ਗਿਆ। ਕਰੀਬ 15 ਮਿੰਟਾਂ ਵਿੱਚ ਪੂਰਾ ਪ੍ਰਭਾਵਿਤ ਡੱਬਾ ਖਾਲੀ ਕਰਵਾ ਦਿੱਤਾ ਗਿਆ। ਅੱਗ ਨੇ ਕੁਝ ਮਿੰਟਾਂ ਵਿੱਚ ਹੀ ਦੋਵੇਂ ਡੱਬਿਆਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ, ਜਿਸ ਕਾਰਨ ਯਾਤਰੀਆਂ ਦਾ ਕਾਫ਼ੀ ਸਾਮਾਨ ਸੜ ਕੇ ਖਾਕ ਹੋ ਗਿਆ। ਹਾਲਾਂਕਿ, ਰਾਹਤ ਦੀ ਗੱਲ ਇਹ ਰਹੀ ਕਿ ਇਸ ਘਟਨਾ ਵਿੱਚ ਕੋਈ ਜਾਨੀ ਨੁਕਸਾਨ ਜਾਂ ਗੰਭੀਰ ਜ਼ਖਮੀ ਹੋਣ ਦੀ ਖ਼ਬਰ ਨਹੀਂ ਮਿਲੀ। ਰੇਲਵੇ ਸੁਰੱਖਿਆ ਬਲ, ਫਾਇਰ ਬ੍ਰਿਗੇਡ ਅਤੇ ਰੇਲਵੇ ਕਰਮਚਾਰੀਆਂ ਨੇ ਮਿਲ ਕੇ ਤੁਰੰਤ ਕਾਰਵਾਈ ਕਰਦਿਆਂ ਅੱਗ 'ਤੇ ਕਾਬੂ ਪਾਇਆ। ਸੁਰੱਖਿਆ ਨੂੰ ਧਿਆਨ ਵਿੱਚ ਰੱਖਦਿਆਂ ਓਵਰਹੈੱਡ ਬਿਜਲੀ ਸਪਲਾਈ ਵੀ ਅਸਥਾਈ ਤੌਰ 'ਤੇ ਬੰਦ ਕਰ ਦਿੱਤੀ ਗਈ ਅਤੇ ਸੜੇ ਹੋਏ ਡੱਬਿਆਂ ਨੂੰ ਟ੍ਰੇਨ ਤੋਂ ਵੱਖ ਕਰ ਦਿੱਤਾ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਅੱਗ ਲੱਗਣ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ। ਇਸ ਹਾਦਸੇ ਕਾਰਨ ਨਵੀਂ ਦਿੱਲੀ-ਮੁੰਬਈ ਰੇਲ ਮਾਰਗ 'ਤੇ ਰੇਲ ਆਵਾਜਾਈ ਵੀ ਪ੍ਰਭਾਵਿਤ ਹੋਈ। ਕਈ ਰੇਲਗੱਡੀਆਂ ਨੂੰ ਵੱਖ-ਵੱਖ ਸਟੇਸ਼ਨਾਂ 'ਤੇ ਰੋਕਣਾ ਪਿਆ, ਜਿਨ੍ਹਾਂ ਵਿੱਚ ਮੁੰਬਈ-ਜੈਪੁਰ ਸੁਪਰਫਾਸਟ ਐਕਸਪ੍ਰੈਸ ਵੀ ਸ਼ਾਮਲ ਸੀ। ਬਾਅਦ ਵਿੱਚ ਪਟੜੀਆਂ ਸਾਫ਼ ਕਰਕੇ ਰੇਲ ਸੇਵਾ ਮੁੜ ਸ਼ੁਰੂ ਕਰ ਦਿੱਤੀ ਗਈ।

### ਭਾਰਤ ਨੇ ਸਿੰਧੂ ਜਲ ਸੰਧੀ 'ਤੇ ਅੰਤਰਰਾਸ਼ਟਰੀ...

ਕਾਨੂੰਨੀ ਅਸਤਿਤਵ ਨੂੰ ਸਵੀਕਾਰ ਨਹੀਂ ਕੀਤਾ।

ਭਾਰਤ ਦੇ ਮੁਤਾਬਕ ਇਸ ਮੱਧਸਥਤਾ ਨਿਕਾਇ ਦਾ ਗਠਨ ਹੀ ਸਿੰਧੂ ਜਲ ਸੰਧੀ ਦਾ ਗੰਭੀਰ ਉਲੰਘਣ ਹੈ ਅਤੇ ਇਸ ਦੇ ਤਹਿਤ ਕੀਤੀਆਂ ਸਾਰੀਆਂ ਕਾਰਵਾਈਆਂ ਅਤੇ ਫੈਸਲੇ ਅਵੈਧ ਹਨ। ਭਾਰਤ ਨੇ ਪਾਕਿਸਤਾਨ 'ਤੇ ਅੰਤਰਰਾਸ਼ਟਰੀ ਮੰਚਾਂ ਦੇ ਦੁਰਪਯੋਗ ਦਾ ਆਰੋਪ ਵੀ ਲਗਾਇਆ। ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਪਾਕਿਸਤਾਨ ਵੱਲੋਂ ਇਸ "ਫਰਜ਼ੀ ਮੱਧਸਥਤਾ ਪ੍ਰਕਿਰਿਆ"ਦਾ ਸਹਾਰਾ ਲੈਣਾ ਉਸਦੀ ਲੰਬੇ ਸਮੇਂ ਤੋਂ ਚੱਲ ਰਹੀ ਧੋਖਾਧੜੀ ਅਤੇ ਅੰਤਰਰਾਸ਼ਟਰੀ ਮੰਚਾਂ ਦੇ ਦੁਰਪਯੋਗ ਦੀ ਨੀਤੀ ਦਾ ਹਿੱਸਾ ਹੈ। ਭਾਰਤ ਨੇ ਇਹ ਵੀ ਕਿਹਾ ਕਿ ਪਾਕਿਸਤਾਨ ਅਜਿਹੇ ਕਦਮਾਂ ਰਾਹੀਂ ਅੱਤਵਾਦ ਦੇ ਗਲੋਬਲ ਕੇਂਦਰ ਵਜੋਂ ਆਪਣੀ ਜ਼ਿੰਮੇਵਾਰੀ ਤੋਂ ਬਚਣ ਦੀ ਕੋਸ਼ਿਸ਼ ਕਰ ਰਿਹਾ ਹੈ।

### ਖੇਤੀ ਤੇ ਡੇਅਰੀ ਸੈਕਟਰ ਦੀ ਤਰੱਕੀ ਲਈ....

ਮਦਦ ਕੀਤੀ ਹੈ। ਉਨ੍ਹਾਂ ਕਿਹਾ ਕਿ ਜੇ ਸਹਿਕਾਰਤਾ ਨੂੰ ਹੋਰ ਮਜ਼ਬੂਤ ਕੀਤਾ ਜਾਵੇ ਤਾਂ ਪਿੰਡਾਂ ਦੀ ਆਰਥਿਕਤਾ ਨੂੰ ਵੱਡਾ ਫਾਇਦਾ ਹੋ ਸਕਦਾ ਹੈ ਰਾਜਪਾਲ ਨੇ ਕਿਹਾ ਕਿ ਕਿਸੇ ਵੀ ਸੰਸਥਾ, ਸਮਾਜ ਜਾਂ ਦੇਸ਼ ਦੀ ਤਰੱਕੀ ਲਈ ਲੀਡਰ ਦਾ ਇਮਾਨਦਾਰ ਹੋਣਾ ਬਹੁਤ ਜ਼ਰੂਰੀ ਹੈ। ਜੇ ਲੀਡਰ ਇਮਾਨਦਾਰ, ਨਿਸ਼ਠਾਵਾਨ ਅਤੇ ਲੋਕ-ਹਿਤੈਸ਼ੀ ਹੋਵੇਗਾ ਤਾਂ ਸੰਸਥਾਵਾਂ ਮਜ਼ਬੂਤ ਬਣਦੀਆਂ ਹਨ ਅਤੇ ਲੋਕਾਂ ਦਾ ਭਰੋਸਾ ਵੀ ਵਧਦਾ ਹੈ। ਉਨ੍ਹਾਂ ਕਿਹਾ ਕਿ ਸਹਿਕਾਰਤਾ ਸੰਸਥਾਵਾਂ ਵਿੱਚ ਚੰਗੇ ਅਤੇ ਯੋਗ ਵਿਅਕਤੀਆਂ ਦੀ ਚੋਣ ਕੀਤੀ ਜਾਣੀ ਚਾਹੀਦੀ ਹੈ ਤਾਂ ਜੋ ਇਹ ਸੰਸਥਾਵਾਂ ਲੋਕਾਂ ਦੀ ਭਲਾਈ ਲਈ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰ ਸਕਣ।

# ਸ੍ਰੀ ਗੁਰੂ ਤੇਗ ਬਹਾਦਰ ਕਾਲਜ ਵੂਮੈਨ ਦੀਆਂ ਵਿਦਿਆਰਥਣਾਂ ਨੇ 12ਵੀਂ ਪ੍ਰੀਖਿਆ 'ਚ ਸ਼ਾਨਦਾਰ ਨਤੀਜਾ ਹਾਸਲ ਕੀਤਾ



ਜ਼ਿਕਰ ਪੰਜਾਬ

**ਅੰਮ੍ਰਿਤਸਰ** : ਖਾਲਸਾ ਕਾਲਜ ਗਵਰਨਿੰਗ ਕੌਂਸਲ ਅਧੀਨ ਸ੍ਰੀ ਗੁਰੂ ਤੇਗ ਬਹਾਦਰ ਕਾਲਜ ਫਾਰ ਵੂਮੈਨ ਦੀਆਂ ਵਿਦਿਆਰਥਣਾਂ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ 12ਵੀਂ ਪ੍ਰੀਖਿਆ ਦੇ ਨਤੀਜ਼ਿਆਂ 'ਚ ਸ਼ਾਨਦਾਰ ਸਥਾਨ ਪ੍ਰਾਪਤ ਕਰਕੇ ਕਾਲਜ ਅਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ।ਉਕਤ ਨਤੀਜਿਆਂ 'ਚ ਪੂਰੀ ਕਲਾਸ ਨੇ ਸ਼ਾਨਦਾਰ ਡਵੀਜ਼ਨ ਪ੍ਰਾਪਤ ਕਰਕੇ ਆਪਣੀ ਅਕਾਦਮਿਕ ਯੋਗਤਾ, ਮਿਹਨਤ ਅਤੇ ਲਗਨ ਦਾ ਸਬੂਤ ਦਿੱਤਾ। ਇਸ ਮਹੱਤਵਪੂਰਨ ਉਪਲਬਧੀ 'ਤੇ ਖੁਸ਼ੀ ਜ਼ਾਹਿਰ ਕਰਦਿਆਂ ਕਾਲਜ ਪ੍ਰਿੰਸੀਪਲ ਡਾ. ਲਕਸ਼ਮੀ ਮਲਹੋਤਰਾ ਨੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ। ਉਨ੍ਹਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਿਦਿਆਰਥਣ ਹਰਲੀਨ ਕੌਰ ਨੇ 90% ਅੰਕ ਪ੍ਰਾਪਤ ਕਰਕੇ ਸ਼ਾਨਦਾਰ ਪ੍ਰਦਰਸ਼ਨ ਕੀਤਾ, ਜਦਕਿ ਹਰਸ਼ਿਕਾ ਸੋਨੀ ਨੇ 88% ਅਤੇ ਯੁਵਿਕਾ ਅਰੋੜਾ ਨੇ 86% ਅੰਕ ਪ੍ਰਾਪਤ ਕਰਕੇ ਆਪਣੀ ਕਾਬਲੀਅਤ ਅਤੇ ਸਖਤ ਮਿਹਨਤ ਨਾਲ ਕਾਲਜ ਦਾ ਮਾਣ ਵਧਾਇਆ ਹੈ। ਇਸ ਮੌਕੇ ਉਨ੍ਹਾਂ ਉਕਤ ਸਫਲਤਾ ਲਈ ਸਟਾਫ ਦੇ ਅਟੁੱਟ ਸਹਿਯੋਗ, ਨਿਰੰਤਰ ਮਿਹਨਤ ਅਤੇ ਸਮਰਪਣ ਦੀ ਸ਼ਲਾਘਾ ਕਰਦਿਆਂ ਵਿਦਿਆਰਥਣਾਂ ਨੂੰ ਸੁਨਿਹਰੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।ਉਨ੍ਹਾਂ ਵਿਦਿਆਰਥਣਾਂ ਨੂੰ ਜੀਵਨ ਦੇ ਹਰ ਖੇਤਰ 'ਚ ਉੱਚਾਈਆਂ ਛੂਹਣ ਅਤੇ ਸਖਤ ਮਿਹਨਤ ਨਾਲ ਅਗਾਂਹ ਵੱਧਣ ਲਈ ਪ੍ਰੇਰਿਤ ਕੀਤਾ।

# 'ਆਪ' ਵੱਲੋਂ ਪੰਜਾਬ ਵਿੱਚ ਐਸ.ਆਈ.ਆਰ. ਦੌਰਾਨ ਇੱਕ ਵੀ ਯੋਗ ਵੋਟ ਹਟਾਉਣ ਨਹੀਂ ਦਿੱਤੀ ਜਾਵੇਗੀ : ਮਾਨ

ਜ਼ਿਕਰ ਪੰਜਾਬ

**ਚੰਡੀਗੜ੍ਹ** : ਦੇਸ਼ ਦੇ ਕਈ ਸੂਬਿਆਂ ਵਿੱਚ ਵੋਟਰ ਸੂਚੀਆਂ 'ਚ ਬੇਨਿਯਮੀਆਂ ਨੂੰ ਲੈ ਕੇ ਵਧਦੀਆਂ ਚਿੰਤਾਵਾਂ ਦੇ ਚਲਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਐਲਾਨ ਕੀਤਾ ਕਿ ਆਮ ਆਦਮੀ ਪਾਰਟੀ (ਆਪ) ਵੱਲੋਂ ਸਪੈਸ਼ਲ ਇੰਟੈਂਸਿਵ ਰਿਵੀਜ਼ਨ (ਐਸ.ਆਈ.ਆਰ.) ਪ੍ਰਕਿਰਿਆ ਤਹਿਤ ਪੰਜਾਬ ਵਿੱਚ ਕਿਸੇ ਵੀ ਯੋਗ ਵੋਟਰ ਦੀ ਵੋਟ ਹਟਾਉਣ ਨਹੀਂ ਦਿੱਤੀ ਜਾਵੇਗੀ। ਕਿਸੇ ਖਾਸ ਰਾਜਨੀਤਿਕ ਪਾਰਟੀ ਲਈ ਜਾਅਲੀ ਵੋਟਾਂ ਬਣਾਉਣ ਦੀ ਕਿਸੇ ਵੀ ਕੋਸ਼ਿਸ਼ ਵਿਰੁੱਧ ਚੇਤਾਵਨੀ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਆਪ ਆਗੂ ਅਤੇ ਵਰਕਰ ਸੂਬੇ ਭਰ ਦੇ ਹਰੇਕ ਪੋਲਿੰਗ ਬੂਥ 'ਤੇ ਬੂਥ ਲੈਵਲ ਅਫਸਰਾਂ (ਬੀ.ਐਲ.ਓਜ਼.) ਦੇ ਨਾਲ ਤਾਇਨਾਤ ਰਹਿਣਗੇ ਤਾਂ ਜੋ ਇਸ ਪ੍ਰਕਿਰਿਆ ਦੀ ਸਖ਼ਤ ਨਿਗਰਾਨੀ ਕੀਤੀ ਜਾ ਸਕੇ ਅਤੇ ਬੇਨਿਯਮੀਆਂ ਨੂੰ ਰੋਕਿਆ ਜਾ ਸਕੇ। ਹੋਰ ਸੂਬਿਆਂ ਤੋਂ ਲੱਖਾਂ ਯੋਗ ਵੋਟਾਂ ਨੂੰ ਹਟਾਉਣ ਅਤੇ ਤਸਦੀਕ ਪ੍ਰਕਿਰਿਆ ਵਿੱਚ ਬੇਨਿਯਮੀਆਂ ਸਬੰਧੀ ਆਈਆਂ ਸ਼ਿਕਾਇਤਾਂ ਦਾ ਹਵਾਲਾ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਲੋਕ ਸੂਬੇ ਵਿੱਚ ਅਜਿਹੀਆਂ ਬੇਨਿਯਮੀਆਂ ਦੀ ਇਜਾਜ਼ਤ ਨਹੀਂ ਦੇਣਗੇ। ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ (ਈ.ਸੀ.) ਨੂੰ ਐਸ.ਆਈ.ਆਰ. ਪ੍ਰਕਿਰਿਆ ਨੂੰ ਪੂਰੀ ਇਮਾਨਦਾਰੀ, ਪਾਰਦਰਸ਼ਤਾ ਅਤੇ ਨਿਰਪੱਖਤਾ ਨਾਲ ਨੇਪਰੇ ਚਾੜ੍ਹਨ ਅਤੇ ਜਨਤਕ ਇਤਰਾਜ਼ਾਂ ਦਾ ਨਿਪਟਾਰਾ ਬਿਨਾਂ ਦੇਰੀ ਤੋਂ ਕਰਨ ਦੀ ਅਪੀਲ ਕੀਤੀ ਗਈ ਹੈ। ਮੀਡੀਆ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਵੋਟਰ ਸੂਚੀਆਂ ਦੀ ਸਪੈਸ਼ਲ ਇੰਟੈਂਸਿਵ ਰਿਵੀਜ਼ਨ ਪੂਰੀ ਪਾਰਦਰਸ਼ਤਾ, ਇਮਾਨਦਾਰੀ, ਨਿਰਪੱਖਤਾ ਅਤੇ ਜਵਾਬਦੇਹੀ ਨਾਲ ਕੀਤੀ ਜਾਣੀ ਚਾਹੀਦੀ ਹੈ ਤਾਂ ਜੋ ਹਰ ਯੋਗ ਵੋਟਰ ਬਿਨਾਂ ਕਿਸੇ ਡਰ ਜਾਂ ਨਿਰਵਿਘਨ ਢੰਗ ਨਾਲ ਆਪਣੇ ਜਮਹੂਰੀ ਅਧਿਕਾਰ ਦੀ ਵਰਤੋਂ ਕਰ ਸਕੇ। ਪੂਰੀ ਪ੍ਰਕਿਰਿਆ ਦੌਰਾਨ ਸਾਰੀਆਂ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦੇ ਸਰਗਰਮੀ ਨਾਲ ਸ਼ਾਮਲ ਹੋਣਗੇ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਪੰਜਾਬ ਵਿੱਚ ਕਿਤੇ ਵੀ ਕੋਈ ਹੇਰਾਫੇਰੀ ਨਾ ਹੋਵੇ। ਮੁੱਖ ਮੰਤਰੀ ਨੇ ਕਿਹਾ, "ਵੱਖ-ਵੱਖ ਸੂਬਿਆਂ ਵਿੱਚ ਯੋਗ ਵੋਟਾਂ ਨੂੰ ਹਟਾਉਣ ਅਤੇ ਜਾਅਲੀ ਐਂਟਰੀਆਂ ਕਰਨ ਬਾਰੇ ਪੈਦਾ ਹੋਏ ਖਦਸ਼ਿਆਂ ਕਾਰਨ ਨਾਗਰਿਕਾਂ ਦਰਮਿਆਨ ਚਿੰਤਾ ਪੈਦਾ ਹੋ ਗਈ ਹੈ, ਜਿਸ ਕਾਰਨ ਚੋਣ ਕਮਿਸ਼ਨ ਲਈ ਪੂਰੀ ਜ਼ਿੰਮੇਵਾਰੀ ਅਤੇ ਨਿਰਪੱਖਤਾ ਨਾਲ ਕੰਮ ਕਰਨਾ ਲਾਜ਼ਮੀ ਹੋ ਗਿਆ ਹੈ।

ਸੰਪਾਦਕੀ

# ਲੋਕਾਂ ਨੂੰ ਬੁਨਿਆਦੀ ਸਹੂਲਤਾਂ ਮਿਲਣ

ਐਨਓਸੀ ਨਾ ਮਿਲਣ ਕਾਰਨ ਲੋਕਾਂ ਨੂੰ ਜਾਇਦਾਦਾਂ ਦੀ ਰਜਿਸਟਰੀ ਕਰਵਾਉਣ ਵਿਚ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਨਅਤੀ ਸ਼ਹਿਰ ਲੁਧਿਆਣਾ ਵਿੱਚ ਇਹ ਦਿੱਕਤ ਲੋਕਾਂ ਲਈ ਜੀ ਦਾ ਜੰਜਾਲ ਬਣੀ ਹੋਈ ਹੈ। ਗਲਾਡਾ ਉੱਪਰ ਤਾਂ ਲੋਕਾਂ ਨੂੰ ਐਨਓਸੀ ਨਾ ਜਾਰੀ ਕਰਕੇ ਪਰੇਸ਼ਾਨ ਕਰਨ ਦੇ ਗੰਭੀਰ ਦੋਸ਼ ਵੀ ਲਗਾਏ ਜਾ ਰਹੇ ਹਨ। ਲੋਕਾਂ ਦਾ ਕਹਿਣਾ ਹੈ ਕਿ ਸਥਾਨਕ ਸਰਕਾਰਾਂ ਮੰਤਰੀ ਵੱਲੋਂ 31 ਮਾਰਚ, 2026 ਤੱਕ ਸਾਰੀਆਂ ਬਕਾਇਆ ਐਨਓਸੀ ਜਾਰੀ ਕਰਨ ਦਾ ਭਰੋਸਾ ਦਿੱਤਾ ਗਿਆ ਸੀ, ਲੇਕਿਨ ਹਾਲੇ ਵੀ



ਬਕਾਇਆ ਕੇਸਾਂ ਦਾ ਢੇਰ ਜਿਉਂ ਦਾ ਤਿਉਂ ਬਣਿਆ ਹੋਇਆ ਹੈ। ਸਰਕਾਰ ਦਾ ਇਹ ਵਾਅਦਾ ਖੋਖਲਾ ਸਾਬਤ ਹੋਇਆ ਹੈ ਅਤੇ ਹਜ਼ਾਰਾਂ ਲੋਕ ਸਰਕਾਰੀ ਲਾਪਰਵਾਹੀ ਕਾਰਨ ਦਫ਼ਤਰੀ ਚੱਕਰਾਂ ਵਿੱਚ ਬੁਰੀ ਤਰ੍ਹਾਂ ਫਸੇ ਹੋਏ ਹਨ। ਇਸ ਸਥਿਤੀ ਨੂੰ "ਲੋਕਾਂ ਦੇ ਭਰੋਸੇ ਨਾਲ ਧੋਖਾ"ਕਰਾਰ ਦਿੱਤਾ ਗਿਆ ਹੈ ਅਧਿਕਾਰੀਆਂ ਨੂੰ ਖਾਲੀ ਮਿਆਦਾਂ ਦੇਣ ਦੀ ਬਜਾਏ ਢੁਕਵੇਂ ਕਦਮ ਚੁੱਕਣੇ ਚਾਹੀਦੇ ਹਨ। ਲਾਜ਼ਮੀ ਐਨਓਸੀ ਨਾ ਹੋਣ ਕਾਰਨ ਲੋਕ ਆਪਣੀਆਂ ਜਾਇਦਾਦਾਂ ਦੀਆਂ ਰਜਿਸਟਰੀਆਂ ਨਹੀਂ ਕਰਵਾ ਪਾ ਰਹੇ ਅਤੇ ਦਫ਼ਤਰੀ ਜੰਜਾਲ ਵਿੱਚ ਫਸੇ ਹੋਏ ਹਨ। ਜੇਕਰ ਗਲਾਡਾ ਦੇ ਅਧਿਕਾਰੀ ਢੰਗ ਨਾਲ ਕੰਮ ਕਰਨ ਅਤੇ ਸਮੇਂ ਸਿਰ ਐਨਓਸੀ ਜਾਰੀ ਕੀਤੀ ਜਾਵੇ, ਤਾਂ ਇਸ ਨਾਲ ਨਾ ਸਿਰਫ ਲੋਕਾਂ ਦੀ ਪਰੇਸ਼ਾਨੀ ਘਟੇਗੀ, ਸਗੋਂ ਗਲਾਡਾ ਨੂੰ ਵੀ ਵੱਡੀ ਆਮਦਨ ਹੋਵੇਗੀ। ਜਦਕਿ ਅਸਲੀਅਤ ਇਹ ਹੈ ਕਿ ਲੋਕਾਂ ਨੂੰ ਲਗਾਤਾਰ ਪਰੇਸ਼ਾਨ ਕੀਤਾ ਜਾ ਰਿਹਾ ਹੈ, ਜਿਹੜਾ ਦਰਸਾਉਂਦਾ ਹੈ ਕਿ ਅਯੋਗਤਾ ਦਾ ਨੁਕਸਾਨ ਲੋਕਾਂ ਅਤੇ ਸਰਕਾਰ ਦੋਵਾਂ ਨੂੰ ਝੱਲਣਾ ਪੈ ਰਿਹਾ ਹੈ। ਐਨਓਸੀ ਨਾ ਮਿਲਣ ਕਾਰਨ ਰਜਿਸਟਰੀਆਂ ਨਹੀਂ ਹੋ ਰਹੀਆਂ ਹਨ ਅਤੇ ਲੋਕਾਂ ਵੱਲੋਂ ਮੁਸ਼ਕਲ ਸਮੇਂ ਲਈ ਖਰੀਦੀ ਗਈ ਜ਼ਮੀਨ ਵੀ ਉਨ੍ਹਾਂ ਦੇ ਕੰਮ ਨਹੀਂ ਆ ਰਹੀ ਹੈ। ਦੂਜੇ ਪਾਸੇ ਸਰਕਾਰ ਨੂੰ ਰਜਿਸਟਰੀਆਂ ਨਾ ਹੋਣ ਕਾਰਨ ਮਾਲੀਆ ਨਾ ਮਿਲਣ ਕਰਕੇ ਆਮਦਨ ਦਾ ਨੁਕਸਾਨ ਉਠਾਉਣਾ ਪੈ ਰਿਹਾ ਹੈ। ਗਲਾਡਾ ਨੇ ਕੁਝ ਸਮੇਂ ਲਈ ਐਨਓਸੀ ਜਾਰੀ ਕਰਨ ਦੀ ਪ੍ਰਕਿਰਿਆ ਮੁੜ ਸ਼ੁਰੂ ਕੀਤੀ ਸੀ, ਪਰ ਇਹ ਰਾਹਤ ਥੋੜ੍ਹੇ ਸਮੇਂ ਲਈ ਹੀ ਰਹੀ। ਗਲਾਡਾ ਨੇ ਇੱਕ ਵਾਰ ਫਿਰ ਐਨਓਸੀ ਜਾਰੀ ਕਰਨ ਦੀ ਪ੍ਰਕਿਰਿਆ ਰੋਕ ਦਿੱਤੀ ਹੈ। ਗਲਾਡਾ ਦੇ ਅਧੀਨ ਆਉਂਦੀਆਂ ਕਈ ਪੁਰਾਣੀਆਂ ਕਾਲੋਨੀਆਂ ਦੇ ਵਸਨੀਕਾਂ ਨੂੰ ਲਾਜ਼ਮੀ ਐਨਓਸੀ ਨਾ ਹੋਣ ਕਾਰਨ ਬਿਜਲੀ ਕੁਨੈਕਸ਼ਨ ਤੱਕ ਨਹੀਂ ਮਿਲ ਰਹੇ। ਤਤਕਾਲੀ ਸਥਾਨਕ ਸਰਕਾਰਾਂ ਮੰਤਰੀ ਨੇ ਵੀ ਮੰਨਿਆ ਸੀ ਕਿ ਐਨਓਸੀ ਦੇ ਕੇਸ ਲਗਭਗ ਦੋ ਸਾਲਾਂ ਤੋਂ ਲੰਬਿਤ ਪਏ ਹਨ, ਜਿਸ ਕਾਰਨ ਲੋਕ ਪਰੇਸ਼ਾਨ ਅਤੇ ਬੇਬਸ ਹੋ ਚੁੱਕੇ ਹਨ। ਸਰਕਾਰੀ ਵਿਭਾਗਾਂ ਦਾ ਇੰਨਾ ਲਾਪਰਵਾਹ ਅਤੇ ਬੇਤਰਤੀਬ ਢੰਗ ਨਾਲ ਕੰਮ ਕਰਨਾ ਵਾਜਿਬ ਨਹੀਂ ਹੈ। ਇਹ ਸਿਰਫ ਅਯੋਗਤਾ ਹੀ ਨਹੀਂ, ਸਗੋਂ ਲੋਕਾਂ ਦੇ ਭਰੋਸੇ ਨਾਲ ਪੂਰੀ ਤਰ੍ਹਾਂ ਨਾਲ ਧੋਖਾ ਹੈ। ਸੜਕਾਂ ਅਤੇ ਹੋਰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣਾ ਗਲਾਡਾ ਦੀ ਮੁੱਖ ਜ਼ਿੰਮੇਵਾਰੀ ਹੈ। ਫਿਰ ਵੀ ਗਲਾਡਾ ਦੇ ਅਧੀਨ ਆਉਂਦੀਆਂ ਕਈ ਕਾਲੋਨੀਆਂ ਅੱਜ ਵੀ ਬੁਨਿਆਦੀ ਸਹੂਲਤਾਂ ਤੋਂ ਵਾਂਝੀਆਂ ਹਨ। ਇਹ ਬਹੁਤ ਹੀ ਮਾੜੀ ਗੱਲ ਹੈ। ਗਲਾਡਾ ਨੂੰ ਆਪਣੀ ਜ਼ਿੰਮੇਵਾਰੀ ਸਮਝਣੀ ਚਾਹੀਦੀ ਹੈ ਅਤੇ ਆਪਣੀਆਂ ਕਾਲੋਨੀਆਂ ਦੇ ਵਸਨੀਕਾਂ ਨੂੰ ਸੜਕਾਂ, ਪਾਣੀ ਅਤੇ ਸਫ਼ਾਈ ਵਰਗੀਆਂ ਸਹੂਲਤਾਂ ਬਿਨਾਂ ਕਿਸੇ ਦੇਰੀ ਦੇ ਮੁਹੱਈਆ ਕਰਵਾਉਣੀਆਂ ਚਾਹੀਦੀਆਂ ਹਨ।

**- ਅਸ਼ਵਨੀ ਜੇਤਲੀ**

# ਹਰੇਕ ਬੋਲੀ ਨਾਲ ਜੁੜਿਆ ਅਕਾਸ਼ਵਾਣੀ ਦੇ 90 ਸਾਲਾਂ ਦਾ ਸਫ਼ਰ

ਜ਼ਿਕਰ ਪੰਜਾਬ

ਆਧੁਨਿਕ ਯੁੱਗ 'ਚ ਜਦੋਂ ਮਨੋਰੰਜਨ ਅਤੇ ਜਾਣਕਾਰੀ ਦੇ ਅਨੇਕਾਂ ਡਿਜ਼ੀਟਲ ਸਾਧਨ ਮੌਜੂਦ ਹਨ, ਉਸ ਦੇ ਬਾਵਜੂਦ ਵੀ ਅਕਾਸ਼ਵਾਣੀ ਆਪਣੀ ਵਿਲੱਖਣ ਪਛਾਣ ਅਤੇ ਮਹੱਤਤਾ ਕਾਇਮ ਰੱਖਣ ਵਿੱਚ ਸਫ਼ਲ ਹੋ ਰਿਹਾ ਹੈ। ਸਰੋਤਿਆਂ ਦੀਆਂ ਭਾਵਨਾਵਾਂ, ਸੱਭਿਆਚਾਰਕ ਚੇਤਨਾ ਅਤੇ ਸਮਾਜਿਕ ਜੀਵਨ ਨਾਲ ਜੁੜਿਆ ਇੱਕ ਅਜਿਹਾ ਵਿਸ਼ਵਾਸਯੋਗ ਮਾਧਿਅਮ, ਜਿਸ ਨੇ ਪਿਛਲੇ 9 ਦਹਾਕਿਆਂ ਦੌਰਾਨ ਕਰੋੜਾਂ ਦਿਲਾਂ ਨਾਲ ਆਪਣੀ ਅਟੁੱਟ ਸਾਂਝ ਪਾਈ।

ਅੱਜ ਅਕਾਸ਼ਵਾਣੀ ਆਪਣੇ 90ਵੇਂ ਵਰ੍ਹੇ ਵਿੱਚ ਪ੍ਰਵੇਸ਼ ਕਰਦਿਆਂ ਸਿਰਫ਼ ਇੱਕ ਪ੍ਰਸਾਰਣ ਮਾਧਿਅਮ ਹੀ ਨਹੀਂ, ਸਗੋਂ ਸੱਭਿਆਚਾਰਕ ਵਿਰਾਸਤ ਦਾ ਪ੍ਰਤੀਕ ਵੀ ਬਣ ਚੁਕਿਆ ਹੈ। ਅਕਾਸ਼ਵਾਣੀ ਕੇਂਦਰਾਂ ਨਾਲ ਜੁੜੀਆਂ ਲਾਇਬ੍ਰੇਰੀਆਂ ਸਾਲਾਂ ਪੁਰਾਣੀਆਂ ਰਿਕਾਰਡਿੰਗਾਂ, ਸਾਹਿਤਕ ਦਸਤਾਵੇਜ਼ਾਂ ਅਤੇ ਇਤਿਹਾਸਕ ਸਮੱਗਰੀ ਨੂੰ ਸੰਭਾਲ ਕੇ ਇਸ ਦੇ ਸ਼ਾਨਦਾਰ ਇਤਿਹਾਸਕ ਗਾਥਾ ਦੀ ਗਵਾਹੀ ਭਰ ਰਹੀਆਂ ਹਨ। ਕਿਉਂਕਿ ਜਦੋਂ ਜਾਣਕਾਰੀ ਦੇ ਸਾਧਨ ਬਹੁਤ ਘੱਟ ਸਨ, ਉਸ ਵੇਲੇ ਅਕਾਸ਼ਵਾਣੀ ਹੀ ਲੋਕਾਂ ਤੱਕ ਖ਼ਬਰਾਂ, ਜਾਣਕਾਰੀ ਅਤੇ ਮਨੋਰੰਜਨ ਪਹੁੰਚਾਉਣ ਦਾ ਸਭ ਤੋਂ ਤੇਜ਼ ਅਤੇ ਭਰੋਸੇਯੋਗ ਸਾਧਨ ਬਣਿਆ। ਦੇਸ਼ ਦੀ ਆਜ਼ਾਦੀ ਦੀ ਘੋਸ਼ਣਾ ਤੋਂ ਲੈ ਕੇ ਕੁਦਰਤੀ ਆਫ਼ਤਾਂ ਅਤੇ ਜੰਗਾਂ ਦੇ ਸਮੇਂ ਤੱਕ, ਅਕਾਸ਼ਵਾਣੀ ਨੇ ਹਮੇਸ਼ਾਂ ਹੀ ਲੋਕਾਂ ਦੀ ਆਵਾਜ਼ ਬਣ ਕੇ ਆਪਣੀ ਜ਼ਿੰਮੇਵਾਰੀ ਨਿਭਾਈ। ਅਕਾਸ਼ਵਾਣੀ ਦੀ ਸਭ ਤੋਂ ਵੱਡੀ ਖ਼ਾਸੀਅਤ ਇਸ ਦੀ ਹਰ ਥਾਂ ਤੱਕ ਪਹੁੰਚ ਹੈ। ਘਰਾਂ, ਖੇਤਾਂ, ਗੱਡੀਆਂ, ਦੁਕਾਨਾਂ ਅਤੇ ਦੂਰ-ਦਰਾਜ਼ ਪਿੰਡਾਂ ਤੱਕ ਇਸ ਦੀ ਗੂੰਜ ਸਦੀਆਂ ਤੋਂ ਸੁਣਾਈ ਦਿੰਦੀ ਆ ਰਹੀ ਹੈ। ਪੜ੍ਹਨ ਜਾਂ ਦੇਖਣ ਵਿੱਚ ਅਸਮਰਥ ਲੋਕਾਂ ਲਈ ਵੀ ਇਹ ਜਾਣਕਾਰੀ ਅਤੇ ਮਨੋਰੰਜਨ ਦਾ ਇੱਕ ਮਹੱਤਵਪੂਰਨ ਸਰੋਤ ਬਣਿਆ। ਇਹੀ ਕਾਰਨ ਹੈ ਕਿ ਅਕਾਸ਼ਵਾਣੀ ਹਰ ਵਰਗ ਦੇ ਲੋਕਾਂ ਦੇ ਦਿਲਾਂ ਵਿੱਚ ਆਪਣੀ ਵਿਲੱਖਣ ਥਾਂ ਬਣਾਉਣ ਵਿੱਚ ਪਿਛਲੇ 90 ਵਰ੍ਹਿਆਂ ਤੋਂ ਕਾਮਯਾਬ ਰਹਿਆ।

ਭਾਰਤ ਵਿੱਚ ਰੇਡੀਓ ਪ੍ਰਸਾਰਣ ਦੀ ਸ਼ੁਰੂਆਤ ਅਜਾਦੀ ਤੋਂ ਪਹਿਲਾਂ 23 ਜੁਲਾਈ 1927 ਨੂੰ ਬੰਬਈ ਵਿਖੇ 'ਭਾਰਤੀ ਬ੍ਰਾਡਕਾਸਟਿੰਗ ਕੰਪਨੀ' ਹੇਠ ਹੋਈ ਅਤੇ 8 ਜੂਨ 1936 ਨੂੰ ਇਸ ਨੂੰ "ਆਲ ਇੰਡੀਆ ਰੇਡੀਓ"ਦਾ ਨਾਮ ਦਿੱਤਾ ਗਿਆ ਜੋਕਿ 1957 ਤੋਂ "ਅਕਾਸ਼ਵਾਣੀ"ਦੇ ਨਾਂ ਨਾਲ ਲੋਕਾਂ ਵਿੱਚ ਪ੍ਰਸਿੱਧ ਹੋਇਆ। ਅੱਜ ਨੱਬੇ ਸਾਲਾਂ ਦੇ ਇਸ ਸੁਨਿਹਰੇ ਸਫ਼ਰ ਦੌਰਾਨ ਅਕਾਸ਼ਵਾਣੀ ਸਿਰਫ਼ ਇਹ ਜਾਣਕਾਰੀ ਹੀ ਸਾਂਝੀ ਨਹੀਂ ਕਰ ਰਿਹਾ, ਸਗੋਂ ਦੇਸ਼ ਦੀ ਸੱਭਿਆਚਾਰਕ ਅਤੇ ਭਾਸ਼ਾਈ ਵਿਰਾਸਤ ਨੂੰ ਸੰਭਾਲਣ ਵਿੱਚ ਵੀ ਅਹਿਮ ਭੂਮਿਕਾ ਨਿਭਾ ਰਿਹਾ ਹੈ।




ਸਮੇਂ ਦੇ ਨਾਲ ਸਮੁੱਚੇ ਭਾਰਤ 'ਚ ਵੱਖ ਵੱਖ ਭਾਸ਼ਾਵਾਂ ਦੇ ਅਕਾਸ਼ਵਾਣੀ ਕੇਂਦਰ ਸਥਾਪਿਤ ਕੀਤੇ ਗਏ। ਅੱਜ ਦੇਸ਼ ਭਰ ਵਿੱਚ ਇਸ ਦੇ ਲਗਭਗ 591 ਕੇਂਦਰ ਹਨ, ਜਿੰਨ੍ਹਾਂ ਦੇ ਪ੍ਰੋਗਰਾਮ ਭਾਰਤ ਦੀ ਲਗਭਗ 98 ਫ਼ੀਸਦੀ ਅਬਾਦੀ ਦੇ ਸਰੋਤਿਆਂ ਤੱਕ ਪਹੁੰਚਦੇ ਹਨ।

ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਦੇ ਪ੍ਰਚਾਰ ਵਿੱਚ ਵੀ ਅਕਾਸ਼ਵਾਣੀ ਦਾ ਯੋਗਦਾਨ ਅਮੋਲਕ ਰਿਹਾ। ਲਾਹੌਰ ਤੋਂ ਸ਼ੁਰੂ ਹੋਏ ਪੰਜਾਬੀ ਪ੍ਰਸਾਰਣ ਨੇ ਬਾਅਦ ਵਿੱਚ ਜਲੰਧਰ ਤੋਂ ਆਪਣੀ ਨਵੀਂ ਪਛਾਣ ਬਣਾਈ। ਜਿੱਥੇ ਪੰਜਾਬੀ ਲੋਕ-ਗੀਤਾਂ, ਭੈਣਾਂ ਸੰਬਧੀ ਪ੍ਰੋਗਰਾਮ (ਵਸਦੇ ਵਿਹੜੇ),ਦਿਹਾਤੀ ਪ੍ਰੋਗਰਾਮ, ਕਵਿਤਾਵਾਂ, ਨਾਟਕਾਂ ਅਤੇ ਸਾਹਿਤ ਨੂੰ ਘਰ-ਘਰ ਤੱਕ ਪਹੁੰਚਾਉਣ ਵਿੱਚ ਅਕਾਸ਼ਵਾਣੀ ਜਲੰਧਰ ਨੇ ਵਿਸ਼ੇਸ਼ ਯੋਗਦਾਨ ਦਿੱਤਾ ਉੱਥੇ ਹੀ ਸਵੇਰ ਦੀ ਪਹਿਲੀ ਕਿਰਨ ਦੇ ਨਾਲ ਇਸ ਕੇਂਦਰ ਤੋਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਗੁਰਬਾਣੀ ਦੇ ਸਿੱਧੇ ਪ੍ਰਸਾਰਣ ਦੀ ਮਿੱਠੀ ਧੁਨ ਫ਼?ਜ਼ਾਵਾਂ ਵਿੱਚ ਰਸ ਘੋਲਦੀ ਹੋਈ ਮਨ ਨੂੰ ਸ਼ਾਂਤੀ ਅਤੇ ਭਗਤੀ ਦੇ ਰੰਗ ਵਿੱਚ ਰੰਗਦੀ ਆ ਰਹੀ ਹੈ।

ਭਾਰਤ ਦੇ ਅਮੀਰ ਸੱਭਿਆਚਾਰ ਅਤੇ ਵਿਰਸੇ ਨੂੰ ਆਪਣੇ ਸੁਰਾਂ ਵਿੱਚ ਸੰਜੋਏ ਅਕਾਸ਼ਵਾਣੀ ਅੱਜ ਵੀ ਸਮਾਜ ਦੇ ਹਰ ਵਰਗ ਨਾਲ ਗੂੜ੍ਹਾ ਨਾਤਾ ਜੋੜੀ ਬੈਠੀ ਹੈ। ਪੇਂਡੂ ਲੋਕਾਂ ਲਈ ਖੇਤੀਬਾੜੀ ਅਤੇ ਵਿਗਿਆਨਕ ਤਰੀਕਿਆਂ ਬਾਰੇ ਜਾਣਕਾਰੀ ਭਰਪੂਰ ਪ੍ਰੋਗਰਾਮਾਂ ਤੋਂ ਲੈ ਕੇ ਸਿਹਤ, ਸਫ਼ਾਈ ਅਤੇ ਸਮਾਜਿਕ ਜਾਗਰੂਕਤਾ ਫੈਲਾਉਣ ਵਾਲੇ ਪ੍ਰਸਾਰਣਾਂ ਤੱਕ, ਅਕਾਸ਼ਵਾਣੀ ਆਪਣੀ ਸਮਾਜਿਕ ਜ਼ਿੰਮੇਵਾਰੀ ਨਿਭਾ ਰਿਹਾ ਹੈ। ਔਰਤਾਂ, ਨੌਜਵਾਨਾਂ, ਬੱਚਿਆਂ, ਯੁਵਾ , ਬਜ਼ੁਰਗ ਨਾਗਰਿਕਾਂ ਅਤੇ ਫੌਜ ਦੇ ਜਵਾਨਾਂ ਲਈ ਵਿਸ਼ੇਸ਼ ਪ੍ਰੋਗਰਾਮਾਂ ਦੇ ਨਾਲ-ਨਾਲ ਸਾਹਿਤਕ ਰਚਨਾਵਾਂ, ਕਵਿਤਾਵਾਂ, ਨਾਟਕਾਂ ਅਤੇ ਲੋਕ-ਸੱਭਿਆਚਾਰ ਨਾਲ ਜੁੜੇ ਪ੍ਰਸਾਰਣ ਇਸ ਮਾਧਿਅਮ ਨੂੰ ਲੋਕ ਜੀਵਨ ਦੇ ਹੋਰ ਵੀ ਨੇੜੇ ਲਿਆਉਂਦੇ ਹਨ। ਇਸ ਤੋਂ ਇਲਾਵਾ ਦੇਸ਼ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਵਲੋਂ "ਮਨ ਕੀ ਬਾਤ"ਵੀ ਅਕਾਸ਼ਵਾਣੀ ਰਾਹੀਂ ਪ੍ਰਸਾਰਿਤ ਕੀਤੀ ਜਾਂਦੀ ਹੈ, ਜੋ ਲੋਕਾਂ ਨੂੰ ਰਾਸ਼ਟਰੀ ਮੁੱਦਿਆਂ ਅਤੇ ਦੇਸ਼ ਦੀ ਤਰੱਕੀ ਨਾਲ ਜੋੜਨ ਦਾ ਮਹੱਤਵਪੂਰਨ ਸਾਧਨ ਬਣ ਚੁੱਕਿਆ ਹੈ। ਅੱਜ ਭਾਵੇਂ ਡਿਜ਼ੀਟਲ ਅਤੇ ਸੋਸ਼ਲ ਮੀਡੀਆ ਦਾ ਯੁੱਗ ਹੈ, ਪਰ ਫਿਰ ਵੀ ਅਕਾਸ਼ਵਾਣੀ ਦੀ ਆਵਾਜ਼ ਲੋਕਾਂ ਦੇ ਦਿਲਾਂ ਵਿੱਚ ਉਹੀ ਪਿਆਰ ਅਤੇ ਆਪਣਾਪਨ ਜਗਾ ਰਹੀ ਹੈ।ਇੰਟਰਨੈਟ ਅਤੇ ਮੋਬਾਈਲ ਐਪਸ ਰਾਹੀਂ ਵੀ ਅਕਾਸ਼ਵਾਣੀ ਹੁਣ ਵਿਸ਼ਵ ਭਰ ਦੇ ਸਰੋਤਿਆਂ ਨਾਲ ਜੁੜ ਚੁੱਕੀ ਹੈ।

ਅਕਾਸ਼ਵਾਣੀ ਦੇ 90ਵੇਂ ਵਰ੍ਹੇ ਦੇ ਇਸ ਇਤਿਹਾਸਕ ਮੌਕੇ 'ਤੇ ਅਸੀਂ ਇਸ ਮਹਾਨ ਮਾਧਿਅਮ ਨੂੰ ਨਮਨ ਕਰਦੇ ਹਾਂ, ਜਿਸ ਨੇ ਪੀੜ੍ਹੀ ਦਰ ਪੀੜ੍ਹੀ ਲੋਕਾਂ ਦੇ ਦਿਲਾਂ ਨੂੰ ਸੁਰਾਂ, ਸ਼ਬਦਾਂ ਅਤੇ ਸੰਵੇਦਨਾਵਾਂ ਨਾਲ ਜੋੜ ਕੇ ਰੱਖਿਆ। ਅੱਜ ਸਾਡੀ ਪ੍ਰਮਾਤਮਾ ਅੱਗੇ ਇਹੋ ਅਰਦਾਸ ਹੈ ਕਿ ਅਕਾਸ਼ਵਾਣੀ ਦੀ ਇਹ ਮਿੱਠੀ ਗੂੰਜ ਇਸੇ ਤਰ੍ਹਾਂ ਆਉਣ ਵਾਲੀਆਂ ਪੀੜ੍ਹੀਆਂ ਤੱਕ ਹਮੇਸ਼ਾਂ ਗੂੰਜਦੀ ਰਹੇ।



**ਪ੍ਰਭਜੋਤ ਕੌਰ**
**ਸਹਾਇਕ ਲਾਇਬ੍ਰੇਰੀ ਅਤੇ ਜਾਣਕਾਰੀ ਅਧਿਕਾਰੀ**
**ਆਲ ਇੰਡੀਆ ਰੇਡੀਓ, ਜਲੰਧਰ।**

# ਪਰਿਵਾਰਾਂ ਦੀ ਏਕਤਾ ਨਾਲ ਹੀ ਮਹਿਕਦਾ ਸਮਾਜ

ਜ਼ਿਕਰ ਪੰਜਾਬ

ਅੱਜ ਦੇ ਤੇਜ਼ ਰਫ਼ਤਾਰ ਅਤੇ ਸਵਾਰਥੀ ਯੁੱਗ ਵਿੱਚ ਜਿੱਥੇ ਮਨੁੱਖ ਆਪਣੀਆਂ ਜ਼ਿੰਮੇਵਾਰੀਆਂ ਅਤੇ ਲੋੜਾਂ ਦੀ ਭੀੜ ਵਿੱਚ ਜਕੜਿਆ ਹੋਇਆ ਹੈ, ਉੱਥੇ ਹੀ ਪਰਿਵਾਰਕ ਰਿਸ਼ਤਿਆਂ ਦੀ ਮਿਠਾਸ ਹੌਲੀ-ਹੌਲੀ ਘਟਦੀ ਜਾ ਰਹੀ ਹੈ। ਇੱਕ ਸਮਾਂ ਸੀ ਜਦੋਂ ਇੱਕ ਹੀ ਛੱਤ ਹੇਠ ਦਾਦਾ-ਦਾਦੀ, ਚਾਚੇ-ਤਾਏ, ਭੈਣ-ਭਰਾ ਅਤੇ ਬੱਚੇ ਇਕੱਠੇ ਰਹਿੰਦੇ ਸਨ। ਘਰ ਸਿਰਫ਼ ਇੱਟਾਂ ਦਾ ਮਕਾਨ ਨਹੀਂ ਹੁੰਦਾ ਸੀ, ਸਗੋਂ ਪਿਆਰ, ਸਤਿਕਾਰ ਅਤੇ ਆਪਣੇਪਣ ਨਾਲ ਭਰਿਆ ਹੋਇਆ ਇੱਕ ਸੋਹਣਾ ਸੰਸਾਰ ਹੁੰਦਾ ਸੀ। ਪਰ ਸਮੇਂ ਦੀ ਬਦਲਦੀ ਚਾਲ, ਪੱਛਮੀ ਪ੍ਰਭਾਵ ਅਤੇ ਵਧਦੇ ਸਵਾਰਥ ਨੇ ਮਨੁੱਖ ਨੂੰ ਇਕੱਲੇਪਨ ਵੱਲ ਧੱਕ ਦਿੱਤਾ। ਅੱਜ ਵੱਡੇ-ਵੱਡੇ ਮਕਾਨ ਤਾਂ ਜਰੂਰ ਬਣ ਗਏ ਹਨ, ਪਰ ਉਹਨਾਂ ਵਿੱਚ ਰਹਿਣ ਵਾਲਿਆ ਦੀ ਗਿਣਤੀ ਘੱਟ ਹੋ ਗਈ।

ਹਰੇਕ ਸਾਲ 15 ਮਈ ਨੂੰ ਸੰਸਾਰ ਭਰ 'ਚ "ਅੰਤਰਰਾਸ਼ਟਰੀ ਪਰਿਵਾਰ ਦਿਵਸ"ਮਨਾਇਆ ਜਾਂਦਾ ਹੈ। ਇਸ ਦਿਵਸ ਦੀ ਸ਼ੁਰੂਆਤ ਸੰਯੁਕਤ ਰਾਸ਼ਟਰ ਵੱਲੋਂ 1993 ਵਿੱਚ ਕੀਤੀ ਗਈ ਸੀ ਤਾਂ ਜੋ ਲੋਕਾਂ ਨੂੰ ਪਰਿਵਾਰ ਦੇ ਮਹੱਤਵ ਅਤੇ ਉਸ ਦੀ ਮਜ਼ਬੂਤੀ ਬਾਰੇ ਜਾਗਰੂਕ ਕੀਤਾ ਜਾ ਸਕੇ। ਕਿਉਂਕਿ ਪਰਿਵਾਰ ਹੀ ਮਨੁੱਖ ਦੀ ਜ਼ਿੰਦਗੀ ਦੇ ਪਹਿਲੇ ਸਬਕ ਹੁੰਦੇ ਹਨ ਅਤੇ ਉੱਥੋਂ ਹੀ ਮਨੁੱਖ ਪਿਆਰ, ਸਹਿਯੋਗ, ਸਤਿਕਾਰ ਅਤੇ ਸੰਸਕਾਰਾਂ ਦੀ ਸਿੱਖਿਆ ਲੈਂਦਾ ਹੈ। ਜਿਹੜਾ ਸਮਾਜ ਆਪਣੇ ਪਰਿਵਾਰਾਂ ਨੂੰ ਮਜ਼ਬੂਤ ਰੱਖਦਾ ਹੈ, ਉਹੀ ਸਮਾਜ ਹਮੇਸ਼ਾਂ ਤਰੱਕੀ ਕਰਦਾ ਹੈ।

ਪ੍ਰਾਚੀਨ ਸਮਿਆਂ ਵਿੱਚ ਵੀ ਮਨੁੱਖ ਜੰਗਲਾਂ ਅਤੇ ਕਬੀਲਿਆਂ ਵਿੱਚ ਰਹਿੰਦਾ ਸੀ। ਉਹ ਸਮਝਦਾ ਸੀ ਕਿ ਇਕੱਠਿਆਂ ਰਹਿਣ ਵਿੱਚ ਹੀ ਸੁਰੱਖਿਆ ਅਤੇ ਤਾਕਤ ਹੈ। ਸਮੇਂ ਦੇ ਨਾਲ ਪਰਿਵਾਰਾਂ ਦੀ ਬਣਤਰ ਬਦਲਦੀ ਗਈ ਅਤੇ ਹੁਣ ਹਾਲਤ ਇਹ ਹੋ ਗਏ ਕਿ ਪਰਿਵਾਰ ਦੋ ਕਮਰਿਆਂ ਤੱਕ ਸੀਮਿਤ ਹੋ ਕੇ ਰਹਿ ਗਏ। ਮਾਂ-ਪਿਉ ਇੱਕ ਪਾਸੇ, ਪੁੱਤਰ-ਨਹੂਆਂ ਦੂਜੇ ਪਾਸੇ ਅਤੇ ਭਰਾ ਆਪਸ ਵਿੱਚ ਵੱਖਰੇ ਹੋ ਗਏ ਹਨ। ਰਿਸ਼ਤਿਆਂ ਵਿੱਚ ਪਿਆਰ ਦੀ ਥਾਂ ਨਫ਼ਰਤ ਨੇ ਲੈ ਲਈ। ਇਹੀ ਕਾਰਨ ਹੈ ਕਿ ਅੱਜ ਮਨੁੱਖ ਕੋਲ ਧਨ-ਦੌਲਤ ਹੋਣ ਦੇ ਬਾਵਜੂਦ ਮਨ ਦੀ ਸ਼ਾਂਤੀ ਨਹੀਂ ਰਹੀ।

ਸਾਂਝੇ ਪਰਿਵਾਰ ਦੀ ਸਭ ਤੋਂ ਵੱਡੀ ਖ਼ੂਬੀ ਇਹ ਹੈ ਕਿ ਇਹ ਮਨੁੱਖ ਨੂੰ ਇਕੱਲਾ ਨਹੀਂ ਹੋਣ ਦਿੰਦਾ। ਅੱਜ ਦੇ ਸਮੇਂ ਵਿੱਚ ਇਕੱਲਾਪਣ ਇੱਕ ਵੱਡੀ ਮਾਨਸਿਕ ਸਮੱਸਿਆ ਬਣਦਾ ਜਾ ਰਿਹਾ ਹੈ। ਇੱਕਲੇ ਪਰਿਵਾਰਾਂ ਵਿੱਚ ਰਹਿਣ



ਵਾਲੇ ਲੋਕ ਅਕਸਰ ਤਣਾਅ, ਚਿੰਤਾ ਅਤੇ ਉਦਾਸੀ ਦਾ ਸ਼ਿਕਾਰ ਹੋ ਜਾਂਦੇ ਹਨ। ਜਦਕਿ ਸਾਂਝੇ ਪਰਿਵਾਰ ਵਿੱਚ ਹਰ ਵੇਲੇ ਕੋਈ ਨਾ ਕੋਈ ਆਪਣੇ ਨਾਲ ਖੜ੍ਹਾ ਮਿਲਦਾ ਹੈ। ਜੇਕਰ ਘਰ ਦਾ ਕੋਈ ਮੈਂਬਰ ਬਿਮਾਰ ਪੈ ਜਾਵੇ ਜਾਂ ਕਿਸੇ ਮੁਸੀਬਤ ਵਿੱਚ ਫਸ ਜਾਵੇ ਤਾਂ ਸਾਰਾ ਪਰਿਵਾਰ ਉਸ ਦਾ ਸਹਾਰਾ ਬਣਦਾ ਹੈ। ਇਹ ਸਾਥ ਅਤੇ ਹੌਸਲਾ ਮਨੁੱਖ ਨੂੰ ਹਰ ਮੁਸ਼ਕਲ ਨਾਲ ਲੜਨ ਦੀ ਤਾਕਤ ਦਿੰਦਾ ਹੈ।

ਮਹਿੰਗਾਈ ਦੇ ਇਸ ਯੁੱਗ ਵਿੱਚ ਵੀ ਸਾਂਝੇ ਪਰਿਵਾਰ ਦੀ ਮਹੱਤਤਾ ਬਹੁਤ ਵੱਧ ਜਾਂਦੀ ਹੈ। ਇਕੱਠੇ ਰਹਿਣ ਨਾਲ ਘਰੇਲੂ ਖ਼ਰਚ ਘੱਟ ਹੁੰਦਾ ਹੈ। ਰਸੋਈ ਇੱਕ ਹੋਵੇ ਤਾਂ ਰੋਟੀ ਦਾ ਖ਼ਰਚ ਵੀ ਘੱਟ ਹੁੰਦਾ ਹੈ ਅਤੇ ਪਿਆਰ ਵੀ ਵਧਦਾ ਹੈ। ਇਕੱਠੇ ਬੈਠ ਕੇ ਖਾਣਾ ਖਾਣ ਨਾਲ ਪਰਿਵਾਰਕ ਮੈਂਬਰਾਂ ਵਿਚ ਨੇੜਤਾ ਬਣੀ ਰਹਿੰਦੀ ਹੈ। ਉਹ ਇੱਕ ਦੂਜੇ ਦੇ ਦੁੱਖ-ਸੁੱਖ ਨੂੰ ਸਮਝਦੇ ਹਨ ਅਤੇ ਦਿਲਾਂ ਵਿੱਚ ਪਿਆਰ ਬਣਿਆ ਰਹਿੰਦਾ ਹੈ। ਅੱਜ ਜਿੱਥੇ ਲੋਕ ਇੱਕਲੇ ਹੋਣ ਕਾਰਨ ਮੋਬਾਈਲਾਂ ਤੋਂ ਸੁੱਖ ਲੱਭ ਰਹੇ ਹਨ, ਉੱਥੇ ਸਾਂਝੇ ਪਰਿਵਾਰ ਦੀ ਇੱਕ ਰਾਤ ਵਾਲੀ ਹਾਸੇ-ਮਜ਼ਾਕ ਭਰੀ ਗੱਲਬਾਤ ਹੀ ਮਨ ਨੂੰ ਅਸਲ ਖੁਸ਼ੀ ਦੇ ਸਕਦੀ ਹੈ।

ਸਾਂਝੇ ਪਰਿਵਾਰ ਬੱਚਿਆਂ ਦੇ ਚੰਗੇ ਸੰਸਕਾਰਾਂ ਦੀ ਵੀ ਵੱਡਾ ਸਕੂਲ ਹੁੰਦੇ ਹਨ। ਦਾਦਾ-ਦਾਦੀ ਦੀਆਂ ਕਹਾਣੀਆਂ, ਮਾਪਿਆਂ ਦੀ ਸਿੱਖਿਆ ਅਤੇ ਵੱਡਿਆਂ ਦਾ ਅਨੁਭਵ ਬੱਚਿਆਂ ਨੂੰ ਜੀਵਨ ਜਿਉਣ ਦਾ ਅਸਲ ਸਲੀਕਾ ਸਿਖਾਉਂਦਾ ਹੈ। ਅਜਿਹੇ ਪਰਿਵਾਰਾਂ ਵਿੱਚ ਪਲਣ ਵਾਲੇ ਬੱਚਿਆਂ ਵਿੱਚ ਸਾਂਝ, ਸਹਿਯੋਗ, ਹਮਦਰਦੀ ਅਤੇ ਵੱਡਿਆਂ ਦਾ ਸਤਿਕਾਰ ਕਰਨ ਦੀ ਭਾਵਨਾ ਆਪਣੇ ਆਪ ਪੈਦਾ ਹੋ ਜਾਂਦੀ ਹੈ। ਉਹ ਮੋਬਾਈਲਾਂ ਦੀ ਦੁਨੀਆ ਵਿੱਚ ਗੁੰਮ ਹੋਣ ਦੀ ਬਜਾਏ ਆਪਣੇ ਪਰਿਵਾਰ ਨਾਲ ਸਮਾਂ ਬਿਤਾਉਂਦੇ ਹਨ। ਇਕੱਠਿਆਂ ਖੇਡਣ ਅਤੇ ਰਹਿਣ ਨਾਲ ਉਹਨਾਂ ਵਿੱਚ ਸ਼ਰੀਰਕ ਅਤੇ ਮਾਨਸਿਕ ਤਾਕਤ ਵੀ ਵਧਦੀ ਹੈ। ਅੱਜ ਸਮਾਜ ਵਿੱਚ ਵਧ ਰਹੇ ਬੁਜ਼ੁਰਗ ਆਸ਼ਰਮ ਅਤੇ ਟੁੱਟਦੇ ਰਿਸ਼ਤੇ ਸਾਨੂੰ ਇਹ ਸੋਚਣ ਲਈ ਮਜਬੂਰ ਕਰਦੇ ਹਨ ਕਿ ਅਸੀਂ ਕਿੱਥੇ ਗਲਤ ਹੋ ਰਹੇ ਹਾਂ। ਜਿਹੜੇ ਮਾਪੇ ਸਾਰੀ ਉਮਰ ਆਪਣੇ ਬੱਚਿਆਂ ਲਈ ਤਕਲੀਫਾਂ ਸਹਿੰਦੇ ਹਨ, ਉਹੀ ਬੁਢੇਪੇ ਵਿੱਚ ਇਕੱਲੇ ਰਹਿ ਜਾਂਦੇ ਹਨ। ਇਹ ਹਾਲਤ ਸਾਡੇ ਸਮਾਜ ਲਈ ਚਿੰਤਾ ਦਾ ਵਿਸ਼ਾ ਹੈ। ਜੇ ਅਸੀਂ ਦੁਬਾਰਾ ਸਾਂਝੇ ਪਰਿਵਾਰਾਂ ਦੀ ਪ੍ਰਥਾ ਨੂੰ ਅਪਣਾਈਏ ਤਾਂ ਬਹੁਤ ਸਾਰੀਆਂ ਸਮਾਜਿਕ ਅਤੇ ਮਾਨਸਿਕ ਸਮੱਸਿਆਵਾਂ ਦਾ ਹੱਲ ਨਿਕਲ ਸਕਦਾ ਹੈ। ਸਾਂਝਾ ਪਰਿਵਾਰ ਸਿਰਫ਼ ਇਕੱਠੇ ਰਹਿਣ ਦਾ ਨਾਮ ਨਹੀਂ, ਸਗੋਂ ਦਿਲਾਂ ਦੇ ਮਿਲਾਪ ਦਾ ਨਾਮ ਹੈ। ਜਿੱਥੇ ਆਪਸੀ ਵਿਸ਼ਵਾਸ, ਪਿਆਰ ਅਤੇ ਸਤਿਕਾਰ ਹੁੰਦਾ ਹੈ, ਉੱਥੇ ਘਰ ਸੱਚਮੁੱਚ ਇੱਕ ਜੰਨਤ ਬਣ ਜਾਂਦਾ ਹੈ। ਜੇ ਭੈਣ-ਭਰਾ, ਚਾਚੇ-ਤਾਏ ਅਤੇ ਦਾਦਾ-ਦਾਦੀ ਇਕੱਠੇ ਰਹਿਣ ਤਾਂ ਘਰ ਫੁੱਲਾਂ ਦੀ ਕਿਆਰੀ ਵਾਂਗ ਮਹਿਕਦਾ ਹੈ। ਅਜਿਹੇ ਪਰਿਵਾਰ ਸਮਾਜ ਵਿੱਚ ਪਿਆਰ ਅਤੇ ਅਪਣੱਤ ਦੀਆਂ ਸੁਗੰਧੀਆਂ ਫੈਲਾਉਂਦੇ ਹਨ। ਅੱਜ ਅੰਤਰਰਾਸ਼ਟਰੀ ਪਰਿਵਾਰ ਦਿਵਸ ਮੌਕੇ ਸਾਨੂੰ ਇਹ ਪ੍ਰਣ ਕਰਨਾ ਚਾਹੀਦਾ ਹੈ ਕਿ ਅਸੀਂ ਆਪਣੇ ਰਿਸ਼ਤਿਆਂ ਨੂੰ ਮਜ਼ਬੂਤ ਬਣਾਵਾਂਗੇ, ਵੱਡਿਆਂ ਦਾ ਸਤਿਕਾਰ ਕਰਾਂਗੇ ਅਤੇ ਸਵਾਰਥ ਦੀਆਂ ਕੰਧਾਂ ਢਾਹ ਕੇ ਦੁਬਾਰਾ ਸਾਂਝੇ ਪਰਿਵਾਰਾਂ ਦੀ ਮਹਿਕ ਨੂੰ ਜੀਉਂਦਾ ਕਰਾਂਗੇ। ਕਿਉਂਕਿ ਜਿੱਥੇ ਪਰਿਵਾਰ ਇਕੱਠੇ ਹੁੰਦੇ ਹਨ, ਉੱਥੇ ਖੁਸ਼ੀਆਂ ਆਪਣੇ ਆਪ ਦੌੜੀਆਂ ਆਉਂਦੀਆ ਹਨ।



ਬਲਦੇਵ ਸਿੰਘ ਬੇਦੀ (ਜਲੰਧਰ)

**ਸੰਪਰਕ : 90419-25181**

# ਆਈਟੀ ਨਿਯਮ ਦੂਜਾ ਸ਼ੋਧ, 2026: ਭਾਰਤ ਦੇ ਡਿਜੀਟਲ ਸ਼ਾਸਨ ਵੱਲ ਇੱਕ ਵੱਡਾ ਕਦਮ

ਜ਼ਿਕਰ ਪੰਜਾਬ

ਭਾਰਤ ਦਾ ਡਿਜੀਟਲ ਈਕੋਸਿਸਟਮ ਤੇਜ਼ੀ ਨਾਲ ਵਿਕਸਿਤ ਹੋਇਆ ਹੈ। ਔਨਲਾਈਨ ਪਲੈਟਫਾਰਮ ਹੁਣ ਲੋਕਾਂ ਦੇ ਸੰਵਾਦ ਕਰਨ ਅਤੇ ਜਾਣਕਾਰੀ ਤੱਕ ਪਹੁੰਚਣ ਦੇ ਤਰੀਕਿਆਂ ਵਿੱਚ ਕੇਂਦਰੀ ਭੂਮਿਕਾ ਨਿਭਾਉਂਦੇ ਹਨ। ਇਸ ਨੇ ਜਵਾਬਦੇਹੀ ਅਤੇ ਔਨਲਾਈਨ ਨੁਕਸਾਨ ਨੂੰ ਲੈ ਕੇ ਨਵੀਆਂ ਚੁਣੌਤੀਆਂ ਵੀ ਪੇਸ਼ ਕੀਤੀਆਂ ਹਨ ਅਤੇ ਮੌਜੂਦਾ ਰੈਗੂਲੇਟਰੀ ਪ੍ਰਣਾਲੀ ਨੂੰ ਇਸ ਦੇ ਅਨੁਸਾਰ ਵਿਕਸਿਤ ਹੋਣ ਦੀ ਜ਼ਰੂਰਤ ਹੈ। ਇਸ ਸੰਦਰਭ ਵਿੱਚ, ਇਲੈਕਟ੍ਰੌਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰਾਲੇ ਦੁਆਰਾ ਸੂਚਨਾ ਤਕਨਾਲੋਜੀ (ਇੰਟਰਮੀਡੀਅਰਿਜ਼ ਦਿਸ਼ਾ-ਨਿਰਦੇਸ਼ ਅਤੇ ਡਿਜੀਟਲ ਮੀਡੀਆ ਆਚਾਰ ਸੰਹਿਤਾ) ਨਿਯਮ, 2021 ਵਿੱਚ ਕੀਤੇ ਜਾਣ ਵਾਲੇ ਪ੍ਰਸਤਾਵਿਤ ਬਦਲਾਅ, ਜੋ 30 ਮਾਰਚ, 2026 ਨੂੰ ਪ੍ਰਕਾਸ਼ਿਤ ਕੀਤੇ ਗਏ ਹਨ, ਭਾਰਤ ਦੀ ਡਿਜੀਟਲ ਰੈਗੂਲੇਟਰੀ ਪ੍ਰਣਾਲੀ ਵਿੱਚ ਪ੍ਰਕਿਰਿਆ ਨਾਲ ਜੁੜੀਆਂ ਕਮੀਆਂ ਨੂੰ ਦੂਰ ਕਰਨ ਲਈ ਇੱਕ ਵੱਡੇ ਕਦਮ ਨੂੰ ਦਰਸਾਉਂਦੇ ਹਨ। ਇਨ੍ਹਾਂ ਡ੍ਰਾਫਟ ਸ਼ੋਧਾਂ ਦਾ ਉਦੇਸ਼ ਭਾਗ 99 ਦੇ ਤਹਿਤ ਮੰਤਰਾਲੇ ਦੁਆਰਾ ਜਾਰੀ ਸਪਸ਼ਟੀਕਰਣ, ਸਲਾਹ-ਮਸ਼ਵਰੇ ਅਤੇ ਦਿਸ਼ਾ-ਨਿਰਦੇਸ਼ਾਂ ਦੇ ਅਨੁਸਾਰ ਇੰਟਰਮੀਡੀਅਰਿਜ਼ ਦੀ ਪਾਲਣਾ ਨੂੰ ਮਜ਼ਬੂਤ ਕਰਨਾ ਅਤੇ ਭਾਗ 999 ਦੇ ਤਹਿਤ ਡਿਜੀਟਲ ਮੀਡੀਆ ਨਾਲ ਸਬੰਧਿਤ ਕੰਟੈਂਟ ਨਿਯਮ ਪ੍ਰਣਾਲੀ ਦੀ ਰੈਗੂਲੇਟਰੀ ਨਿਗਰਾਨੀ ਦੇ ਪ੍ਰਭਾਵ ਨੂੰ ਵਧਾਉਣਾ ਹੈ। ਸਭ ਤੋਂ ਪਹਿਲਾਂ, ਨਿਯਮ 3(1)(ਜੀ) ਅਤੇ 3(1)(ਐੱਚ) ਦੇ ਤਹਿਤ ਡੇਟਾ ਰੱਖ-ਰਖਾਅ ਦੀਆਂ ਜ਼ਿੰਮੇਵਾਰੀਆਂ ਦੇ ਸਬੰਧ ਵਿੱਚ ਸਪਸ਼ਟੀਕਰਣ ਹੈ। ਪ੍ਰਸਤਾਵਿਤ ਸੋਧ ਸਪਸ਼ਟ ਕਰਦਾ ਹੈ ਕਿ ਰੱਖ-ਰਖਾਅ ਦੀਆਂ ਜ਼ਰੂਰਤਾਂ ਨਾਲ ਜੁੜੇ ਨਿਯਮ; ਹੋਰ ਲਾਗੂ ਕਾਨੂੰਨਾਂ ਦੇ ਤਹਿਤ ਨਿਰਧਾਰਿਤ ਜ਼ਿੰਮੇਵਾਰੀਆਂ ਤੋਂ ਇਲਾਵਾ ਹਨ। ਇਸ ਨਾਲ ਉਹ ਅਸਪਸ਼ਟਤਾ ਦੂਰ ਹੁੰਦੀ ਹੈ ਜਿਸ ਨੇ ਕਦੇ-ਕਦੇ ਇੰਟਰਮੀਡੀਅਰਿਜ਼ ਨੂੰ ਵੱਖ-ਵੱਖ ਜਾਂ ਘੱਟੋ-ਘੱਟ ਪਾਲਣਾ ਵਾਲਾ ਦ੍ਰਿਸ਼ਟੀਕੋਣ ਅਪਣਾਉਣ ਦੀ ਇਜਾਜ਼ਤ ਦਿੱਤੀ ਹੈ। ਆਈਟੀ ਐਕਟ ਡਿਜੀਟਲ ਪਲੈਟਫਾਰਮਾਂ ਨੂੰ ਇਕੱਲੇ ਕੰਮ ਕਰਨ ਦੀ ਇਜਾਜ਼ਤ ਨਹੀਂ ਦਿੰਦਾ। ਉਨ੍ਹਾਂ ਨੂੰ ਅਪਰਾਧਿਕ ਪ੍ਰਕਿਰਿਆ ਕਾਨੂੰਨ, ਵਿੱਤੀ ਨਿਯਮਾਂ ਅਤੇ ਸਿਰਫ਼ ਉਨ੍ਹਾਂ ਦੇ ਉਦਯੋਗ 'ਤੇ ਲਾਗੂ ਹੋਣ ਵਾਲੇ ਨਿਯਮਾਂ ਦੀ ਵੀ ਪਾਲਣਾ ਕਰਨੀ ਹੁੰਦੀ ਹੈ। ਇਸ ਅਰਥ ਵਿੱਚ, ਇਹ ਸਪਸ਼ਟੀਕਰਣ ਸਾਰਥਕ ਅਤੇ ਜ਼ਰੂਰੀ ਹੈ। ?ਸਭ ਤੋਂ ਮਹੱਤਵਪੂਰਨ ਇਹ ਹੈ ਕਿ ਸੋਧ ਰੱਖ-ਰਖਾਅ ਨਾਲ ਸਬੰਧਿਤ ਹੈ, ਪਹੁੰਚ ਨਾਲ ਨਹੀਂ। ਅਜਿਹੇ ਡੇਟਾ ਦਾ ਖੁਲਾਸਾ ਕਾਨੂੰਨੀ ਪ੍ਰਕਿਰਿਆਵਾਂ ਅਤੇ ਸੰਵਿਧਾਨਕ ਸੁਰੱਖਿਆ ਦੇ ਅਧੀਨ ਰਹਿੰਦਾ ਹੈ। ਹਾਲਾਂਕਿ, ਇਸ ਤਰ੍ਹਾਂ ਦੀ ਇੱਕ ਆਮ ਸੁਰੱਖਿਆ ਧਾਰਾ ਨੂੰ ਇਸ ਰੂਪ ਵਿੱਚ ਪੜ੍ਹਿ ਆ ਜਾ ਸਕਦਾ ਹੈ ਕਿ ਇਹ ਉਕਸਾਉਣ ਵਾਲੀ, ਓਵਰਲੈਪਿੰਗ ਜਾਂ ਇੱਥੋਂ ਤੱਕ ਕਿ ਵਿਚੋਲਿਆਂ ਦੁਆਰਾ ਉਪਭੋਗਤਾ ਡੇਟਾ ਦੇ ਅਣਮਿੱਥੇ ਸਮੇਂ ਲਈ ਰੱਖ-ਰਖਾਅ ਬਾਰੇ ਹੈ, ਕਿਉਂਕਿ ਵੱਖ-ਵੱਖ ਕਾਨੂੰਨੀ ਦਸਤਾਵੇਜ਼ ਜ਼ਰੂਰਤ, ਉਦੇਸ਼ ਦੀ ਸੀਮਾ ਜਾਂ ਅਨੁਪਾਤਕਤਾ ਦਾ ਹਵਾਲਾ ਦਿੱਤੇ ਬਿਨਾਂ ਹੀ ਅਜਿਹੀਆਂ ਸ਼ਰਤਾਂ ਲਾਗੂ ਕਰਦੇ ਹਨ। ਅਜਿਹੀਆਂ ਚਿੰਤਾਵਾਂ ਨੂੰ ਦੂਰ ਕਰਨ ਲਈ ਇੱਕ ਸਪਸ਼ਟੀਕਰਣ ਜਾਰੀ ਕੀਤਾ ਜਾ ਸਕਦਾ ਹੈ, ਜੇਕਰ ਭਵਿੱਖ ਵਿੱਚ ਅਜਿਹੀ ਕੋਈ ਚਿੰਤਾ ਸਾਹਮਣੇ ਆਉਂਦੀ ਹੈ। ਦੂਜਾ, ਪ੍ਰਸਤਾਵਿਤ ਨਿਯਮ 3(4) ਨੂੰ ਜੋੜਨਾ ਹੈ, ਜੋ ਮੰਤਰਾਲੇ ਦੁਆਰਾ ਜਾਰੀ ਸਲਾਹ-ਮਸ਼ਵਰੇ, ਸਪਸ਼ਟੀਕਰਣ ਅਤੇ ਸਟੈਂਡਰਡ ਓਪਰੇਟਿੰਗ ਪ੍ਰੋਸੀਜ਼ਰਸ (ਐੱਸਓਪੀ) ਨੂੰ ਆਈਟੀ ਐਕਟ ਦੀ ਧਾਰਾ 79 ਦੇ ਤਹਿਤ ਲਾਜ਼ਮੀ ਕਰਤੱਵਾਂ ਵਜੋਂ ਬੰਧਨਕਾਰੀ ਬਣਾਉਂਦਾ ਹੈ। ਨਿਯਮਾਂ ਦੀ ਧਾਰਾ 79 ਰਾਹੀਂ ਵਿਚੋਲਿਆਂ ਨੂੰ ਤੀਜੀ ਧਿਰ ਦੇ ਕੰਟੈਂਟ ਦੀ ਜ਼ਿੰਮੇਵਾਰੀ ਲਈ ਇੱਕ ਸ਼ਰਤੀਆ ÷ਸੁਰੱਖਿਅਤ ਠਿਕਾਣਾ÷ ਮਿਲ ਗਿਆ ਸੀ, ਬਸ਼ਰਤੇ ਕਿ ਉਹ ਉੱਚਿਤ ਪ੍ਰਕਿਰਿਆ ਦਾ ਪਾਲਣ ਕਰਨ ਅਤੇ ਗੈਰ-ਕਾਨੂੰਨੀ ਗਤੀਵਿਧੀਆਂ ਵਿੱਚ ਸਰਗਰਮ ਰੂਪ ਵਿੱਚ ਹਿੱਸਾ ਨਾ ਲੈਣ। ਵੱਡੇ ਪੱਧਰ 'ਤੇ ਯੂਜ਼ਰ-ਕੰਟੈਂਟ 'ਤੇ ਨਜ਼ਰ ਰੱਖਣ ਤੋਂ ਬਚਾਉਣ ਲਈ ਇਹ ਵਿਚੋਲਿਆਂ ਲਈ ਇੱਕ ਢਾਲ ਵਜੋਂ ਕੰਮ ਕਰਦਾ ਸੀ। ਸੁਪਰੀਮ ਕੋਰਟ ਨੇ 'ਸ਼੍ਰੇਯਾ ਸਿੰਘਲ ਬਨਾਮ ਭਾਰਤ ਸੰਘ' ਮਾਮਲੇ ਵਿੱਚ ਕਿਹਾ ਕਿ ÷ਸੁਰੱਖਿਅਤ ਠਿਕਾਣਾ÷ ਰਵਾਇਤੀ ਤੌਰ 'ਤੇ ਵਿਚੋਲਿਆਂ ਨੂੰ ਤੀਜੀ ਧਿਰ ਦੇ ਕੰਟੈਂਟ ਲਈ ਜ਼ਿੰਮੇਵਾਰ ਠਹਿਰਾਏ ਜਾਣ ਤੋਂ ਬਚਾਉਂਦਾ ਰਿਹਾ ਹੈ, ਜਦੋਂ ਤੱਕ ਕਿ ਉਹ ਗੈਰ-ਕਾਨੂੰਨੀ ਗਤੀਵਿਧੀ ਦੇ ÷ਅਸਲ ਗਿਆਨ÷ 'ਤੇ ਕਾਰਵਾਈ ਕਰਦੇ ਹਨ। ਇਸ ਸਿਧਾਂਤ ਨੇ ਪਲੈਟਫਾਰਮਾਂ ਨੂੰ ਜਾਣਕਾਰੀ ਦੇ ਪ੍ਰਵਾਹ ਵਿੱਚ ਨਿਰਪੱਖ ਬਣਾਈ ਰੱਖਣ ਵਿੱਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਪਰ ਉਦੋਂ ਤੋਂ ਡਿਜੀਟਲ ਈਕੋਸਿਸਟਮ ਬਹੁਤ ਬਦਲ ਗਿਆ ਹੈ। ਪਲੈਟਫਾਰਮ ਹੁਣ ਸਿਰਫ਼ ਨਿਸ਼ਕਿਰਿਆ ਵਿਚੋਲੇ ਨਹੀਂ ਹਨ। ਉਨ੍ਹਾਂ ਦੇ ਆਕਾਰ ਅਤੇ ਐਲਗੋਰਿਦਮ ਦੀ ਵਰਤੋਂ ਕਰਨ ਦੀ



ਉਨ੍ਹਾਂ ਦੀ ਸਮਰੱਥਾ ਨੇ ਔਨਲਾਈਨ ਨੁਕਸਾਨ ਅਤੇ ਲੋਕਾਂ ਨੂੰ ਪ੍ਰਭਾਵਿਤ ਕਰਨ ਦੇ ਤਰੀਕਿਆਂ ਨੂੰ ਬਦਲ ਦਿੱਤਾ ਹੈ। ਇਸ ਸਥਿਤੀ ਵਿੱਚ, ਸਿਰਫ਼ ਅਦਾਲਤ ਦੇ ਹੁਕਮ ਜਾਂ ਰਸਮੀ ਨੋਟਿਸ 'ਤੇ ਪ੍ਰਤੀਕਿਰਿਆ ਦੇਣ ਵਾਲਾ ਮਾਡਲ ਹੌਲੀ-ਹੌਲੀ ਬੇਅਸਰ ਹੋ ਜਾਂਦਾ ਹੈ। ਨਿਯਮ 3(4) ਸ਼ਾਸਨ ਨੂੰ ਵਧੇਰੇ ਲਚਕਦਾਰ ਬਣਾ ਕੇ ਇਸ ਕਮੀ ਨੂੰ ਦੂਰ ਕਰਦਾ ਹੈ। ਇਹ ਕੰਟੈਂਟ ਹਟਾਉਣ ਲਈ ਕਾਨੂੰਨੀ ਹੁਕਮਾਂ ਦੀ ਜ਼ਰੂਰਤ ਨੂੰ ਖ਼ਤਮ ਨਹੀਂ ਕਰਦਾ; ਇਸ ਦੀ ਬਜਾਏ, ਇਹ ਕਾਰਜਕਾਰੀ ਉਪਕਰਣਾਂ ਰਾਹੀਂ, ਸਮੁੱਚੇ ਤੌਰ 'ਤੇ ਪਲੈਟਫਾਰਮਾਂ ਦੇ ਕੰਮ ਕਰਨ ਦੇ ਤਰੀਕੇ ਨੂੰ ਨਿਰਦੇਸ਼ਿਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਸੰਭਾਵਿਤ ਅਤਿਕਥਨੀ ਬਾਰੇ ਜਾਇਜ਼ ਚਿੰਤਾਵਾਂ ਹਨ, ਪਰ ਤੱਥ ਇਹ ਹੈ ਕਿ ਸੁਰੱਖਿਅਤ ਠਿਕਾਣਾ ਸ਼ਰਤਾਂ 'ਤੇ ਅਧਾਰਿਤ ਹੈ, ਇਸ ਦਾ ਹਮੇਸ਼ਾ ਮਤਲਬ ਰਿਹਾ ਹੈ ਕਿ ਉੱਚਿਤ ਕਾਰਵਾਈ ਮਿਆਰ ਬਦਲ ਸਕਦੇ ਹਨ। ਚੀਜ਼ਾਂ ਨੂੰ ਹੋਰ ਵਧੇਰੇ ਜਾਇਜ਼ ਬਣਾਉਣ ਲਈ, ਇਹ ਸਮਝਦਾਰੀ ਹੋਵੇਗੀ ਕਿ ਇਸ ਤਰ੍ਹਾਂ ਦੀਆਂ ਸਲਾਹਾਂ ਅਤੇ ਐੱਸਓਪੀ ਪਾਰਦਰਸ਼ਿਤਾ ਦੇ ਉਪਾਵਾਂ ਨਾਲ ਜਾਰੀ ਕੀਤੇ ਜਾਣ, ਜਿਵੇਂ ਕਿ ਪ੍ਰਕਾਸ਼ਨ, ਚੰਗੀ ਤਰ੍ਹਾਂ ਸੋਚੇ-ਸਮਝੇ ਕਾਰਨ, ਅਤੇ ਜੇਕਰ ਸੰਭਵ ਹੋਵੇ ਤਾਂ, ਹਿੱਸੇਦਾਰਾਂ ਨਾਲ ਸਲਾਹ-ਮਸ਼ਵਰਾ। ਤੀਜਾ, ਸੋਧ ਪ੍ਰਸਤਾਵਿਤ ਕਰਦਾ ਹੈ ਕਿ ਨਿਯਮ 8.1 ਦੀ ਉਪ-ਧਾਰਾ ਨੂੰ ਇਸ ਤਰ੍ਹਾਂ ਬਦਲਿਆ ਜਾਵੇ ਕਿ ਭਾਗ 999 ਦੇ ਨਿਯਮ 14, 15 ਅਤੇ 16 ਨਾ ਸਿਰਫ਼ ਪ੍ਰਕਾਸ਼ਕਾਂ 'ਤੇ ਲਾਗੂ ਹੋਣ, ਸਗੋਂ ਇੰਟਰਮੀਡੀਅਰਿਜ਼ 'ਤੇ ਅਤੇ ਉਪਭੋਗਤਾਵਾਂ ਦੁਆਰਾ ਇੰਟਰਮੀਡੀਅਰਿਜ਼ ਦੇ ਕੰਪਿਊਟਰ ਸਰੋਤਾਂ 'ਤੇ ਪ੍ਰਕਾਸ਼ਿਤ ਖ਼ਬਰਾਂ ਅਤੇ ਸਮਕਾਲੀ ਘਟਨਾਵਾਂ ਦੇ ਕੰਟੈਂਟ 'ਤੇ ਵੀ ਲਾਗੂ ਹੋਣ, ਜੋ ਪ੍ਰਕਾਸ਼ਕ ਨਹੀਂ ਹਨ। ÷ਉਪਭੋਗਤਾ÷ ਅਤੇ ÷ਪ੍ਰਕਾਸ਼ਕ÷ ਦਰਮਿਆਨ ਅੰਤਰ ਸਪਸ਼ਟ ਨਹੀਂ ਹੈ। ਇਹ ਡਿਜੀਟਲ ਮੀਡੀਆ ਨਿਗਰਾਨੀ ਫਰੇਮਵਰਕ ਦੇ ਦਾਇਰੇ ਵਿੱਚ ਇੱਕ ਮਹੱਤਵਪੂਰਨ ਵਿਸਤਾਰ ਹੈ, ਜੋ ਪਹਿਲਾਂ ਮੁੱਖ ਤੌਰ 'ਤੇ ਖ਼ਬਰਾਂ ਅਤੇ ਸੰਕਲਿਤ ਕੰਟੈਂਟ ਦੇ ਸੰਗਠਿਤ ਪ੍ਰਕਾਸ਼ਕਾਂ 'ਤੇ ਕੇਂਦ੍ਰਿਤ ਸੀ। ਸੋਧ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਕਿਤੋਂ ਵੀ ਆਉਣ ਵਾਲੇ ਕੰਟੈਂਟ ਦੇ ਮਾਮਲੇ ਵਿੱਚ ਗੰਭੀਰ ਨਿਯਮ ਉਲੰਘਣਾਵਾਂ ਨੂੰ ਨਿਪਟਿਆ ਜਾ ਸਕੇ ਅਤੇ ਇਸ ਦੇ ਲਈ ਅਜਿਹੇ ਕੰਟੈਂਟ ਨੂੰ ਨਿਯਮ 14 ਤੋਂ 16 ਵਿੱਚ ਸ਼ਾਮਲ ਕੀਤਾ ਗਿਆ ਹੈ। ਇਹ ਰਵਾਇਤੀ ਪ੍ਰਕਾਸ਼ਕਾਂ ਅਤੇ ਕਾਰਜਸ਼ੀਲ ਤੌਰ 'ਤੇ ਸਮਾਨ ਗਤੀਵਿਧੀਆਂ ਵਿੱਚ ਲੱਗੇ ਡਿਜੀਟਲ-ਸਥਾਨਕ ਕਰਮਚਾਰੀਆਂ ਦਰਮਿਆਨ ਸਮਾਨਤਾ ਨੂੰ ਹੋਰ ਉਤਸ਼ਾਹਿਤ ਕਰਦਾ ਹੈ। ਇਸ ਤਰ੍ਹਾਂ, ਸੋਧ ਰੈਗੂਲੇਟਰੀ ਸਮਾਨਤਾ ਨੂੰ ਉਤਸ਼ਾਹਿਤ ਕਰਦਾ ਹੈ ਅਤੇ ਮੌਜੂਦਾ ਫਰੇਮਵਰਕ ਵਿੱਚ ਢਾਂਚਾਗਤ ਕਮੀ ਨੂੰ ਖ਼ਤਮ ਕਰਦਾ ਹੈ। ਇਸ ਦੇ ਨਾਲ ਹੀ ਇੱਕ ਵਿਚਾਰਨਯੋਗ ਫੀਡਬੈਕ ਨੁਕਤਾ ਇਹ ਹੈ ਕਿ ਭਾਗ 999 ਦੀ ਵਰਤੋਂ ਉਪਭੋਗਤਾ-ਦੁਆਰਾ ਤਿਆਰ ਕੀਤੀ ਸਮੱਗਰੀ ਤੇ ਗੰਭੀਰ ਅਤੇ ਪ੍ਰਣਾਲੀਗਤ ਨੁਕਸਾਨ ਤੱਕ ਹੀ ਸੀਮਤ ਰਹਿਣੀ ਚਾਹੀਦੀ ਹੈ। ਬਹੁਤ ਜ਼ਿਆਦਾ ਸਖ਼ਤੀ ਨਾਲ ਲਾਗੂ ਹੋਣ ਤੋਂ ਬਚਣ ਲਈ, ਜਿਸ ਨਾਲ ਜਾਇਜ਼ ਰਾਜਨੀਤਿਕ ਭਾਸ਼ਣ ਜਾਂ ਲੋਕਾਂ ਦੀ ਖੋਜੀ ਪੱਤਰਕਾਰੀ 'ਤੇ ਰੋਕ ਲੱਗ ਸਕਦੀ ਹੈ, ਮੰਤਰਾਲਾ ਇਹ ਵਿਚਾਰ ਕਰ ਸਕਦਾ ਹੈ ਕਿ ਨਿਯਮ 14 ਤੋਂ 16 ਦੇ ਤਹਿਤ ਵਿਚੋਲਿਆਂ ਨੂੰ ਟੀਚਾਬੱਧ ਦਖ਼ਲਅੰਦਾਜ਼ੀ; ਸਪਸ਼ਟ ਮਾਪਦੰਡਾਂ, ਜਿਵੇਂ ਕਿ ਪਹੁੰਚ, ਪ੍ਰਭਾਵ ਅਤੇ ਜੋਖਮ ਦੇ ਅਧਾਰ 'ਤੇ ਕੀਤੇ ਜਾਣਗੇ ਅਤੇ ਘੱਟ ਤੋਂ ਘੱਟ ਪਾਬੰਦੀਸ਼ੁਦਾ ਉਪਾਵਾਂ ਦੀ ਵਰਤੋਂ ਕੀਤੀ ਜਾਵੇਗੀ। ਇਹ ਵਿਚੋਲੇ ਦੁਆਰਾ ਸਮਰਥਨ (ਹੋਸਟ) ਕੀਤੇ ਗਏ ਕੰਟੈਂਟ ਦੀ ਨਿਗਰਾਨੀ ਨੂੰ ਬਿਹਤਰ ਬਣਾਉਣ ਦੇ ਐਲਾਨੇ ਉਦੇਸ਼ ਦੇ ਨਾਲ-ਨਾਲ ਇੱਕ ਖੁੱਲ੍ਹੇ ਅਤੇ ਬਹੁਲ ਡਿਜੀਟਲ ਜਨਤਕ ਖੇਤਰ ਨੂੰ ਬਣਾਈ ਰੱਖਣ ਦੇ ਉਦੇਸ਼ ਦੇ ਅਨੁਕੂਲ ਹੋਵੇਗਾ। ਅੰਤ ਵਿੱਚ, ਨਿਯਮ 14 ਵਿੱਚ ਪ੍ਰਸਤਾਵਿਤ ਬਦਲਾਅ, ਜਿਸ ਵਿੱਚ ਸ਼ਿਕਾਇਤਾਂ ਨੂੰ ਬਦਲ ਕੇ ਮਾਮਲੇ ਕੀਤਾ ਗਿਆ ਹੈ, ਇੱਕ ਪ੍ਰਤੀਕਿਰਿਆਤਮਕ ਤੋਂ ਵੱਧ ਸਰਗਰਮ ਰੈਗੂਲੇਟਰੀ ਦ੍ਰਿਸ਼ਟੀਕੋਣ ਵੱਲ ਤਬਦੀਲੀ ਨੂੰ ਦਰਸਾਉਂਦਾ ਹੈ। ਅੰਤਰ-ਵਿਭਾਗੀ ਕਮੇਟੀ (ਆਈਡੀਸੀ) ਹੁਣ ਸਿਰਫ਼ ਵਿਅਕਤੀਗਤ ਸ਼ਿਕਾਇਤਾਂ ਦੇ ਹੱਲ ਤੱਕ ਸੀਮਤ ਨਹੀਂ ਰਹੇਗੀ, ਸਗੋਂ ਸਰਕਾਰ ਦੁਆਰਾ ਹਵਾਲਾ ਦਿੱਤੇ ਜਾਣ 'ਤੇ ਵਿਆਪਕ, ਪ੍ਰਣਾਲੀਗਤ ਮੁੱਦਿਆਂ 'ਤੇ ਵੀ ਵਿਚਾਰ ਕਰ ਸਕਦੀ ਹੈ। ਇੱਕ ਅਜਿਹੇ ਮਾਹੌਲ ਵਿੱਚ ਜਿੱਥੇ ਵਿਵਸਥਿਤ ਤੌਰ 'ਤੇ ਗਲਤ ਜਾਣਕਾਰੀ ਫੈਲਾਉਣ ਵਾਲੇ ਅਭਿਆਨਾਂ ਵਰਗੇ ਨੁਕਸਾਨ ਅਕਸਰ ਵਿਅਕਤੀਗਤ ਸ਼ਿਕਾਇਤਾਂ ਦੇ ਦਾਇਰੇ ਤੋਂ ਅੱਗੇ ਚਲੇ ਜਾਂਦੇ ਹਨ, ਇਹ ਲਚਕਤਾ ਸਮੇਂ ਦੇ ਅਨੁਕੂਲ ਅਤੇ ਜ਼ਰੂਰੀ ਦੋਵੇਂ ਹਨ। ਇਸ ਦੇ ਨਾਲ ਹੀ, ਆਈਡੀਸੀ ਦੇ ਅਧਿਕਾਰ ਖੇਤਰ ਦੇ ਵਿਸਤਾਰ ਨਾਲ ਪ੍ਰਕਿਰਿਆਤਮਕ ਸੁਰੱਖਿਆ ਦੀ ਜ਼ਰੂਰਤ 'ਤੇ ਵੀ ਜ਼ੋਰ ਦਿੱਤਾ ਗਿਆ ਹੈ। ਵਿਚਾਰ ਕੀਤੇ ਗਏ ÷ਮਾਮਲਿਆਂ÷ ਦੀ ਪ੍ਰਕਿਰਤੀ ਦਾ ਸਮੇਂ-ਸਮੇਂ 'ਤੇ ਖੁਲਾਸਾ, ਅਤੇ ਨਾਲ ਹੀ ਕੁਦਰਤੀ ਨਿਆਂ ਦੇ ਸਿਧਾਂਤਾਂ ਦੀ ਪਾਲਣਾ, ਸੰਸਥਾਗਤ ਭਰੋਸੇਯੋਗਤਾ ਨੂੰ ਮਜ਼ਬੂਤ ਕਰੇਗੀ ਅਤੇ ਮਨਮਾਨੀ ਦਖ਼ਲਅੰਦਾਜ਼ੀ ਦੀ ਧਾਰਨਾ ਵਿੱਚ ਕਮੀ ਲਿਆਵੇਗੀ। ਸਮੁੱਚੇ ਤੌਰ 'ਤੇ ਦੇਖੀਏ ਤਾਂ, ਡ?ਰਾਫਟ ਸੋਧ ਭਾਰਤ ਦੀ ਵਿਚੋਲਗੀ ਜਵਾਬਦੇਹੀ ਪ੍ਰਣਾਲੀ ਨੂੰ



ਵੈਭਵ ਗੱਗਰ, ਕਾਮਯਾ ਵਹਿਲ

ਆਧੁਨਿਕ ਬਣਾਉਣ ਦਾ ਇੱਕ ਵਿਵਹਾਰਕ ਯਤਨ ਪੇਸ਼ ਕਰਦੇ ਹਨ। ਉਹ ਇਸ ਗੱਲ ਨੂੰ ਸਵੀਕਾਰ ਕਰਦੇ ਹਨ ਕਿ ਸਥਿਰ ਕਾਨੂੰਨੀ ਸਿਧਾਂਤ ਪੂਰੀ ਤਰ੍ਹਾਂ ਗਤੀਸ਼ੀਲ ਤਕਨੀਕੀ ਹਕੀਕਤਾਂ ਦਾ ਸਮਾਧਾਨ ਨਹੀਂ ਕਰ ਸਕਦੇ। ਹਾਲਾਂਕਿ, ਚੁਣੌਤੀ ਲਾਗੂ ਕਰਨ ਵਿੱਚ ਸ਼ਾਮਲ ਹੈ। ਇਹ ਯਕੀਨੀ ਬਣਾਉਣਾ ਮਹੱਤਵਪੂਰਨ ਹੈ ਕਿ ਵਿਸਤ੍ਰਿਤ ਰੈਗੂਲੇਟਰੀ ਸ਼ਕਤੀਆਂ ਦੀ ਵਰਤੋਂ ਪਾਰਦਰਸ਼ੀ, ਅਨੁਪਾਤਕ ਅਤੇ ਇੰਟਰਨੈੱਟ ਦੇ ਖੁੱਲ੍ਹੇ ਸਰੂਪ ਨੂੰ ਬਣਾਈ ਰੱਖਣ ਵਾਲੇ ਤਰੀਕੇ ਨਾਲ ਕੀਤੀ ਜਾਵੇ। ਜੇਕਰ ਸਾਵਧਾਨੀ ਨਾਲ ਵਰਤੋਂ ਕੀਤੀ ਜਾਵੇ, ਤਾਂ ਇਹ ਸੁਧਾਰ ਇੱਕ ਵਿਵਹਾਰਿਕ ਸੰਤੁਲਨ ਸਥਾਪਿਤ ਕਰ ਸਕਦੇ ਹਨ ਅਤੇ ਨਵੀਨਤਾ ਜਾਂ ਸੁਤੰਤਰ ਪ੍ਰਗਟਾਵੇ ਨੂੰ ਕਮਜ਼ੋਰ ਕੀਤੇ ਬਿਨਾਂ ਜਵਾਬਦੇਹੀ ਨੂੰ ਮਜ਼ਬੂਤ ਕਰ ਸਕਦੇ ਹਨ।

**(ਲੇਖਕ ਸ਼੍ਰੀ ਵੈਭਵ ਗੱਗਰ ਸੀਨੀਅਰ ਐਡਵੋਕੇਟ ਅਤੇ ਸੁਸ਼੍ਰੀ ਕਾਮਯਾ ਵਹਿਲ ਐਡਵੋਕੇਟ ਹਨ)**

# ਬੰਗਾਲ ਨੇ ਆਪਣੀ ਪਛਾਣ ਮੁੜ ਹਾਸਲ ਕੀਤੀ

ਜ਼ਿਕਰ ਪੰਜਾਬ

ਹਾਵੜਾ ਨੂੰ ਕਦੇ 'ਏਸ਼ੀਆ ਦੇ ਸ਼ੈਫੀਲਡ' ਵਜੋਂ ਜਾਣਿਆ ਜਾਂਦਾ ਸੀ। ਹੁਗਲੀ ਨਦੀ ਦੇ ਕੰਢੇ ਸਥਿਤ ਪਟਸਨ ਮਿੱਲਾਂ ਉਪ-ਮਹਾਂਦੀਪ ਵਿੱਚ ਸੰਗਠਿਤ ਉਦਯੋਗ ਦਾ ਸਭ ਤੋਂ ਵੱਡਾ ਕੇਂਦਰ ਸਨ। ਕੋਲਕਾਤਾ ਭਾਰਤ ਦੀ ਵਪਾਰਕ ਰਾਜਧਾਨੀ ਸੀ, ਜਿੱਥੇ ਬਿਰਲਾ ਅਤੇ ਟਾਟਾ ਗਰੁੱਪਾਂ ਤੋਂ ਲੈ ਕੇ ਆਈਟੀਸੀ, ਬ੍ਰਿਟਾਨੀਆ, ਕੋਲ ਇੰਡੀਆ, ਹਿੰਦੁਸਤਾਨ ਮੋਟਰਜ਼, ਗਾਰਡਨ ਰੀਚ ਸ਼ਿਪਬਿਲਡਰਜ਼ ਵਰਗੀਆਂ ਕੰਪਨੀਆਂ ਦੇ ਮੁੱਖ ਦਫ਼ਤਰ ਮੌਜੂਦ ਸਨ। ਬਰਨਪੁਰ ਵਿੱਚ ਆਈਆਈਐੱਸਸੀਓ ਦੀ ਸਥਾਪਨਾ 1918 ਵਿੱਚ ਹੋਈ ਸੀ, ਜਦਕਿ ਦੁਰਗਾਪੁਰ ਸਟੀਲ ਪਲਾਂਟ ਦੂਜੀ ਪੰਜ ਵਰ੍ਹਿਆਂ ਦੀ ਯੋਜਨਾ ਦੌਰਾਨ ਬਣਿਆ। 1950-51 ਵਿੱਚ ਬੰਗਾਲ ਦੇਸ਼ ਦੇ ਉਤਪਾਦਨ ਖੇਤਰ ਦਾ ਲਗਭਗ 27 ਪ੍ਰਤੀਸ਼ਤ ਹਿੱਸਾ ਪੈਦਾ ਕਰਦਾ ਸੀ, ਮੈਂ ਉਹ ਕਲਕੱਤਾ ਦੇਖਿਆ ਹੈ। ਵਿਦੇਸ਼ ਸੇਵਾ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਮੇਰੀਆਂ ਪਹਿਲੀਆਂ ਨੌਕਰੀਆਂ ਵਿੱਚੋਂ ਇੱਕ ਹਿੰਦੁਸਤਾਨ ਲੀਵਰ ਵਿੱਚ ਇਸ ਸ਼ਹਿਰ ਵਿੱਚ ਸੀ ਅਤੇ ਉਸ ਸਮੇਂ ਕਲਕੱਤਾ ਅਜੇ ਵੀ ਉਸੇ ਥਾਂ 'ਤੇ ਸੀ ਜਿੱਥੇ ਇੱਕ ਨੌਜਵਾਨ ਆਪਣਾ ਟਰੰਕ ਲੈ ਕੇ ਆਉਂਦਾ ਤਾਂ ਯਕੀਨ ਕਰ ਸਕਦਾ ਸੀ ਕਿ ਉਹ ਦੇਸ਼ ਦੇ ਵਪਾਰ ਦੇ ਕੇਂਦਰ ਵਿੱਚ ਪਹੁੰਚਿਆ ਹੈ। ਬੱਤੀਆਂ ਜਗਦੀਆਂ ਰਹਿੰਦੀਆਂ ਸਨ। ਟ?ਰਾਮਾਂ ਚਲਦੀਆਂ ਰਹਿੰਦੀਆਂ ਸਨ। ਕੰਪਨੀਆਂ ਨੇ ਭਰਤੀ ਜਾਰੀ ਰੱਖੀ।

ਜੋ ਕੁਝ ਇੱਕ ਸਦੀ ਵਿੱਚ ਤਿਆਰ ਹੋਇਆ ਸੀ, ਉਸਨੂੰ ਸਿਰਫ਼ ਮਾੜੇ ਆਰਥਿਕ ਪ੍ਰਬੰਧਨ ਨਾਲ ਨਹੀਂ, ਸਗੋਂ ਇੱਕ ਹੋਰ ਜ਼ਿਆਦਾ ਸੋਚੇ-ਸਮਝੇ ਢੰਗ ਨਾਲ ਤਬਾਹ ਕੀਤਾ ਗਿਆ। ਖੱਬੇ ਪੱਖੀ 1977 ਵਿੱਚ ਸੱਤਾ ਵਿੱਚ ਆਏ ਅਤੇ 34 ਵਰ੍ਹਿਆਂ ਤੱਕ ਸ਼ਾਸਨ ਕਾਇਮ ਰਿਹਾ। ਮਜ਼ਦੂਰ ਵਰਗ ਦੀ ਰਾਜਨੀਤੀ ਦੇ ਨਾਅਰਿਆਂ ਦੇ ਹੇਠਾਂ ਇੱਕ ਸੰਗਠਿਤ ਛਾਇਆ ਰਾਜ ਤਿਆਰ ਹੋ ਗਿਆ। ਇਮਾਰਤ ਬਣਾਉਣ ਦੀ ਇਜਾਜ਼ਤ, ਦੁਕਾਨ ਚਲਾਉਣ, ਭੱਠਾ ਲਗਾਉਣ, ਟਰਾਂਸਪੋਰਟ ਰੂਟ ਰਜਿਸਟਰ ਕਰਨ ਜਾਂ ਪੰਚਾਇਤ ਮੀਟਿੰਗ ਕਰਨ ਤੱਕ—ਹਰ ਕੰਮ ਵਿੱਚ ਹਿੱਸਾ ਦੇਣਾ ਪੈਂਦਾ ਸੀ। ਕੈਡਰ ਵਸੂਲੀ ਕਰਦੇ ਸਨ। ਪਾਰਟੀ ਪੈਸਾ ਇਕੱਠਾ ਕਰਦੀ ਸੀ। ਜਿਹੜੀ ਯੂਨੀਅਨਬਾਜ਼ੀ ਨੇ ਪੂੰਜੀਪਤੀਆਂ ਨੂੰ ਭਜਾਇਆ, ਉਹ ਤਾਂ ਸਭ ਨੇ ਦੇਖੀ; ਪਰ ਜਿਹੜੀ ਜ਼ਬਰਦਸਤੀ ਅਤੇ ਵਸੂਲੀ ਨੇ ਆਮ ਨਾਗਰਿਕ ਨੂੰ ਤੰਗ ਕੀਤਾ, ਉਹ ਕੈਮਰਿਆਂ ਵਿੱਚ ਕੈਦ ਹੀ ਨਹੀਂ ਹੋਈ। 2000 ਦੇ ਦਹਾਕੇ ਤੱਕ ਜਦੋਂ ਖੱਬੇ ਪੱਖੀਆਂ ਨੇ ਖੁਦ ਆਪਣੀ ਨੀਤੀ ਬਦਲ ਕੇ ਟਾਟਾ ਮੋਟਰਜ਼ ਨੂੰ ਸਿੰਗੂਰ ਲਿਆਉਣ ਦੀ ਕੋਸ਼ਿਸ਼ ਕੀਤੀ, ਤਾਂ ਵਿਰੋਧ ਵਿੱਚ ਰਹੀ ਤ੍ਰਿਣਮੂਲ ਕਾਂਗਰਸ ਨੇ ਭੁੱਖ ਹੜਤਾਲ ਕਰਕੇ 2008 ਵਿੱਚ ਉਹ ਪ੍ਰੋਜੈਕਟ ਗੁਜਰਾਤ ਭੇਜ ਦਿੱਤਾ। ਮਾਫੀਆ ਨੇ ਰੰਗ ਬਦਲੇ, ਪਰ ਖਤਮ ਨਹੀਂ ਹੋਇਆ।

ਤ੍ਰਿਣਮੂਲ ਕਾਂਗਰਸ 2011 ਵਿੱਚ "ਬਦਲਾਅ ਦੇ ਵਾਅਦੇ ਨਾਲ ਸੱਤਾ ਵਿੱਚ ਆਈ। ਪਰ ਜੋ ਹੋਇਆ, ਓਹੀ ਮਸ਼ੀਨਰੀ ਨਵੀਂ ਵਰਦੀ ਵਿੱਚ ਸੀ। "ਕਟ ਹੁਣ "ਕਟ ਮਨੀ"ਬਣ ਗਿਆ। ਕੈਡਰ ਹੁਣ "ਸਿੰਡੀਕੇਟ ਬਣ ਗਏ। ਦੇਸ਼ ਦੇ ਉਤਪਾਦਨ ਵਿੱਚ ਬੰਗਾਲ ਦਾ 27 ਪ੍ਰਤੀਸ਼ਤ ਹਿੱਸਾ ਘਟ ਕੇ 5 ਪ੍ਰਤੀਸ਼ਤ ਤੋਂ ਵੀ ਹੇਠਾਂ ਆ ਗਿਆ। ਪ੍ਰਤੀ ਵਿਅਕਤੀ ਆਮਦਨ, ਜੋ ਕਦੇ ਰਾਸ਼ਟਰੀ ਔਸਤ ਦਾ 127 ਪ੍ਰਤੀਸ਼ਤ ਸੀ, ਹੁਣ 84 ਪ੍ਰਤੀਸ਼ਤ ਰਹਿ ਗਈ ਹੈ। ਛੇ ਹਜ਼ਾਰ ਤੋਂ ਵੱਧ ਰਜਿਸਟਰਡ ਕੰਪਨੀਆਂ ਆਪਣੇ ਮੁੱਖ ਦਫ਼ਤਰ ਕੋਲਕਾਤਾ ਤੋਂ ਬਾਹਰ ਲੈ ਗਈਆਂ। ਬੰਗਾਲ ਦੇ ਉਹ ਬੱਚੇ, ਜੋ ਕਦੇ ਹਾਵੜਾ ਜਾਂ ਸਾਲਟ ਲੇਕ ਵਿੱਚ ਕੰਮ ਕਰਦੇ, ਹੁਣ ਬੰਗਲੁਰੂ, ਹੈਦਰਾਬਾਦ ਅਤੇ ਪੁਣੇ ਵਿੱਚ ਰਹਿੰਦੇ ਹਨ। ਉਹ ਵੋਟਰ, ਜਿਨ੍ਹਾਂ ਨੇ ਆਪਣੀਆਂ ਨੌਕਰੀਆਂ ਅਤੇ ਆਪਣਾ ਪੈਸਾ ਰਾਜ ਤੋਂ ਬਾਹਰ ਜਾਂਦਾ ਦੇਖਿਆ, ਉਨ੍ਹਾਂ ਦੇ ਮਨ ਵਿੱਚ ਹਿਸਾਬ ਬਰਾਬਰ ਕਰਨ ਦੀ ਇੱਛਾ ਸੀ—ਅਤੇ ਉਨ੍ਹਾਂ ਦੇ ਹੱਥ ਵਿੱਚ ਬੈਲਟ ਸੀ।

ਇਸ ਹਿਸਾਬ ਦੇ ਕੇਂਦਰ ਵਿੱਚ ਮਹਿਲਾਵਾਂ ਦੇ ਸੁਰੱਖਿਆ ਮਾਮਲੇ ਦਾ ਉਹ ਰਿਕਾਰਡ ਸੀ, ਜਿਸ ਦਾ ਬਚਾਅ ਆਜ਼ਾਦ ਭਾਰਤ ਵਿੱਚ ਕਿਸੇ ਵੀ ਸਰਕਾਰ ਨੂੰ ਨਹੀਂ ਕਰਨਾ ਪਿਆ। ਇੱਕ ਮਹਿਲਾ ਮੁੱਖ ਮੰਤਰੀ ਨੇ ਆਪਣੇ ਰਾਜ ਦੀਆਂ ਮਹਿਲਾਵਾਂ 'ਤੇ ਹੋਏ ਜ਼ੁਲਮ ਅਤੇ ਹੱਤਿਆਵਾਂ ਦੇ ਦੌਰ ਵਿੱਚ ਰਾਜ ਕੀਤਾ। ਅਗਸਤ 2024 ਵਿੱਚ ਆਰਜੀ ਕਾਰ ਮੈਡੀਕਲ ਕਾਲਜ ਵਿੱਚ ਇੱਕ ਪੋਸਟ-ਗ੍ਰੈਜੂਏਟ ਟ?ਰੇਨੀ ਡਾਕਟਰ ਨਾਲ ਬਲਾਤਕਾਰ ਅਤੇ ਕਤਲ। ਉਸ ਤੋਂ ਬਾਅਦ ਰਾਤ ਭਰ ਇੱਕ ਭੀੜ ਵੱਲੋਂ ਘਟਨਾ ਸਥਾਨ 'ਤੇ ਕੀਤੀ ਗਈ ਤੋੜ-ਫੋੜ, ਜਿਸਨੂੰ ਕੋਲਕਾਤਾ ਪੁਲਿਸ ਨੇ ਰੋਕਣ ਦੀ ਕੋਸ਼ਿਸ਼ ਨਹੀਂ ਕੀਤੀ। ਕਲਕੱਤਾ ਹਾਈ ਕੋਰਟ ਵੱਲੋਂ ਜਾਂਚ ਨੂੰ ਕੇਂਦਰੀ ਜਾਂਚ ਬਿਊਰੋ (ਸੀਬੀਆਈ) ਨੂੰ ਸੌਂਪਣ ਦਾ ਹੁਕਮ, ਇਹ ਕਹਿੰਦੇ ਹੋਏ ਕਿ ਕੋਲਕਾਤਾ ਪੁਲਿਸ ਦੀ ਜਾਂਚ ਭਰੋਸੇਯੋਗ ਨਹੀਂ ਸੀ। ਜੂਨੀਅਰ ਡਾਕਟਰਾਂ ਦੀ 42 ਦਿਨਾਂ ਦੀ ਹੜਤਾਲ, ਜਿਨ੍ਹਾਂ ਵਿੱਚ ਬਹੁਤੀਆਂ ਮਹਿਲਾਵਾਂ ਸਨ।



ਜਨਵਰੀ 2024, ਸੰਦੇਸ਼ਖਲੀ। ਸੁੰਦਰਬਨ ਦੇ ਇੱਕ ਟਾਪੂ ਦੀਆਂ ਮਹਿਲਾਵਾਂ ਤ੍ਰਿਣਮੂਲ ਦੇ ਇੱਕ ਜ਼ਿਲ੍ਹਾ ਕੌਂਸਲ ਮੈਂਬਰ ਦੇ ਵਿਰੁੱਧ ਸੜਕਾਂ 'ਤੇ ਆ ਗਈਆਂ, ਜੋ 55 ਦਿਨ ਤੱਕ ਫਰਾਰ ਰਿਹਾ, ਜਦਕਿ ਰਾਜ ਪੁਲਿਸ ਨੇ ਕੋਈ ਕਾਰਵਾਈ ਨਹੀਂ ਕੀਤੀ। ਇੱਕ ਮੁੱਖ ਮੰਤਰੀ, ਜਿਸਦੀ ਆਪਣੀ ਲਹਿਰ ਕਦੇ "ਬਦਲਾਅ"ਦੀ ਗੱਲ ਕਰਦੀ ਸੀ, ਹੁਣ ਅਜਿਹੇ ਰਾਜ 'ਤੇ ਕਾਬਜ਼ ਹੈ, ਜਿੱਥੇ ਮਹਿਲਾਵਾਂ ਨੂੰ ਆਪਣੀ ਹੀ ਸਰਕਾਰ ਦੇ ਕੈਡਰਾਂ ਤੋਂ ਬਚਣ ਲਈ ਅਦਾਲਤਾਂ, ਕੇਂਦਰੀ ਏਜੰਸੀਆਂ ਅਤੇ ਸੜਕਾਂ ਦਾ ਸਹਾਰਾ ਲੈਣਾ ਪਿਆ। ਇਹ ਨਿੰਦਣਯੋਗ ਹੈ। ਇਹ ਗ਼ੈਰ ਮਨੁੱਖੀ ਹੈ।

ਬੰਗਾਲ ਦੀਆਂ ਮਹਿਲਾਵਾਂ ਨੂੰ ਜੋ ਸਹਿਣਾ ਪਿਆ, ਉਸ ਦੀ ਤੁਲਨਾ ਸਿਰਫ਼ ਰਾਜ ਦੇ ਨੌਜਵਾਨਾਂ ਨੂੰ ਜੋ ਕੁਰਬਾਨੀ ਦੇਣੀ ਪਈ, ਉਸ ਨਾਲ ਹੀ ਕੀਤੀ ਜਾ ਸਕਦੀ ਹੈ। ਇਨਫੋਰਸਮੈਂਟ ਡਾਇਰੈਕਟੋਰੇਟ ਦੀ ਪਹਿਲੀ ਛਾਪੇਮਾਰੀ ਵਾਲੀ ਰਾਤ ਸਾਲਟ ਲੇਕ ਦੇ ਇੱਕ ਬੰਦ ਫਲੈਟ ਤੋਂ 21 ਕਰੋੜ ਰੁਪਏ ਨਕਦ ਬਰਾਮਦ ਹੋਏ। ਹੋਰ ਜਾਇਦਾਦਾਂ 'ਤੇ ਕੀਤੀਆਂ ਕਾਰਵਾਈਆਂ ਨਾਲ ਇਹ ਰਕਮ 50 ਕਰੋੜ ਤੋਂ ਪਾਰ ਚਲੀ ਗਈ। ਉਸ ਸਮੇਂ ਦੇ ਕੈਬਿਨੇਟ ਮੰਤਰੀ ਪਾਰਥ ਚੈਟਰਜੀ ਦੀ ਗ੍ਰਿਫ਼ਤਾਰੀ, ਜੋ ਸਿੱਖਿਆ ਮੰਤਰੀ ਹੋਣ ਦੇ ਨਾਤੇ ਪੱਛਮ ਬੰਗਾਲ ਸਕੂਲ ਸਰਵਿਸ ਕਮਿਸ਼ਨ ਦੇ ਇੰਚਾਰਜ ਸਨ। ਅਪ੍ਰੈਲ 2024 ਵਿੱਚ ਕਲਕੱਤਾ ਹਾਈ ਕੋਰਟ ਵੱਲੋਂ 25,753 ਅਧਿਆਪਕਾਂ, ਗਰੁੱਪ-ਸੀ ਅਤੇ ਗਰੁੱਪ-ਡੀ ਕਰਮਚਾਰੀਆਂ ਦੀਆਂ ਨਿਯੁਕਤੀਆਂ ਰੱਦ ਕਰ ਦਿੱਤੀਆਂ ਗਈਆਂ, ਕਿਉਂਕਿ ਭਰਤੀ ਪ੍ਰਕਿਰਿਆ ਗੈਰ-ਕਾਨੂੰਨੀ ਪਾਈ ਗਈ। ਇਹ ਫੈਸਲਾ ਸੁਪਰੀਮ ਕੋਰਟ ਤੱਕ ਗਿਆ ਅਤੇ 2025 ਵਿੱਚ ਉੱਥੇ ਵੀ ਕਾਇਮ ਰਿਹਾ। ਇੱਕ ਪੂਰਾ ਸਕੂਲ ਭਰਤੀ ਚੱਕਰ, ਜੋ ਬੰਗਾਲ ਦੇ ਨੌਜਵਾਨਾਂ ਨੂੰ ਜੀਵਨ ਵਿੱਚ ਮੌਕਾ ਦੇਣ ਲਈ ਬਣਾਇਆ ਗਿਆ ਸੀ, ਉਹ ਇੱਕ ਅਜਿਹਾ ਕੇਂਦਰ ਬਣ ਗਿਆ ਜਿੱਥੇ ਨੌਕਰੀਆਂ ਵੇਚੀਆਂ ਗਈਆਂ ਅਤੇ ਯੋਗ ਉਮੀਦਵਾਰਾਂ ਨੂੰ ਆਪਣੀ ਵਾਰੀ ਵੀ ਨਹੀਂ ਦਿਖੀ। ਇਸ ਘੋਟਾਲੇ ਦੇ ਉੱਪਰ ਰਾਸ਼ਨ ਘੋਟਾਲਾ ਸੀ, ਜਿਸ ਵਿੱਚ ਇੱਕ ਹੋਰ ਮੌਜੂਦਾ ਮੰਤਰੀ ਜਯੋਤੀਪ੍ਰਿਯ ਮਲਿਕ ਦਾ ਨਾਮ ਆਇਆ। ਇਸ ਤੋਂ ਉੱਪਰ ਪਸ਼ੂ ਤਸਕਰੀ ਘੋਟਾਲਾ, ਕਟ ਮਨੀ ਸੱਭਿਆਚਾਰ ਅਤੇ ਸਿੰਡੀਕੇਟ ਰਾਜ ਸੀ। ਵੋਟਰ ਇਸ ਸਾਰੇ ਜੋੜ ਨੂੰ ਸਮਝ ਗਿਆ ਸੀ। ਮਾਫੀਆ ਵਲੋਂ ਚਲਾਏ ਜਾ ਰਹੇ ਰਾਜ ਵਿੱਚ ਸਭ ਤੋਂ ਪਹਿਲਾਂ ਉਹ ਨਾਗਰਿਕ ਪੀੜਤ ਹੁੰਦਾ ਹੈ ਜੋ ਰਿਸ਼ਵਤ ਦੇਣ ਤੋਂ ਇਨਕਾਰ ਕਰਦਾ ਹੈ। ਇਸ ਰਿਕਾਰਡ ਦੇ ਸਾਹਮਣੇ ਇੱਕ ਹੋਰ ਕਿਸਮ ਦਾ ਰਿਕਾਰਡ ਖੜ੍ਹਾ ਸੀ। ਪਿਛਲੇ ਦਹਾਕੇ ਦੌਰਾਨ ਪ੍ਰਧਾਨ ਮੰਤਰੀ ਆਵਾਸ ਯੋਜਨਾ ਹੇਠ 4 ਕਰੋੜ 21 ਲੱਖ ਘਰ ਮੁਕੰਮਲ ਕੀਤੇ ਗਏ। ਜਲ ਜੀਵਨ ਮਿਸ਼ਨ ਤਹਿਤ 2019 ਵਿੱਚ ਸਿਰਫ਼ ਤਿੰਨ ਕਰੋੜ ਦੇ ਅਧਾਰ ਦੇ ਮੁਕਾਬਲੇ 15 ਕਰੋੜ ਘਰਾਂ ਤੱਕ ਨਾਲ ਰਾਹੀਂ ਪਾਣੀ ਦੇ ਕਨੈਕਸ਼ਨ ਪਹੁੰਚਾਏ ਗਏ। ਆਯੁਸ਼ਮਾਨ ਭਾਰਤ ਯੋਜਨਾ ਹੇਠ ਲਗਭਗ 55 ਕਰੋੜ ਲਾਭਪਾਤਰੀਆਂ ਨੂੰ ਹਰ ਸਾਲ 5 ਲੱਖ ਰੁਪਏ ਤੱਕ ਦਾ ਸਿਹਤ ਕਵਰ ਦਿੱਤਾ ਗਿਆ। ਡਾਇਰੈਕਟ ਬੈਨਿਫਿਟ ਟ?ਰਾਂਸਫਰ (ਡੀਬੀਟੀ) ਨੇ ਉਸ ਰਿਸਾਅ ਪ੍ਰਣਾਲੀ ਨੂੰ ਬੇਮਤਲਬ ਕਰ ਦਿੱਤਾ ਜੋ ਕਦੇ ਬੰਗਾਲ ਦੀ ਹਰ ਭਲਾਈ ਯੋਜਨਾ ਦੀ ਪਛਾਣ ਸੀ। ਇਹ ਸਿਰਫ਼ ਸਿਧਾਂਤਕ ਗੱਲਾਂ ਨਹੀਂ ਸਨ। ਇਹ ਉਹ ਮਜ਼ਬੂਤ ਬੁਨਿਆਦ ਸੀ ਜਿਸ 'ਤੇ ਬੰਗਾਲ ਵਿੱਚ ਹਰ ਭਾਰਤੀ ਜਨਤਾ ਪਾਰਟੀ ਕਰਮਚਾਰੀ ਵੋਟ ਮੰਗਣ ਵੇਲੇ ਬਰਕਰਾਰ ਸੀ।

ਇਸ ਬੁਨਿਆਦ ਦੇ ਪਿੱਛੇ ਇੱਕ ਜਾਲ ਸੀ। ਪਾਰਟੀ ਦੇ ਬੂਥ ਪੱਧਰ ਦੇ ਕੈਡਰ, ਪੰਨਾ ਪ੍ਰਮੁੱਖ ਅਤੇ ਉਹ ਕਰਮਚਾਰੀ ਜਿਨ੍ਹਾਂ ਨੇ ਕਈ ਚੋਣ ਚੱਕਰਾਂ ਦੌਰਾਨ ਧਮਕੀਆਂ, ਡਰਾਉਣੇ ਹਾਲਾਤ ਅਤੇ ਸਰੀਰਕ ਹਿੰਸਾ ਸਹੀ, ਉਨ੍ਹਾਂ ਨੇ ਰ ਜਿ ਸ ਟ ? ਰੇ ਸ਼ ਨ , ਆਵਾਜਾਈ ਅਤੇ ਵੋਟਿੰਗ ਯਕੀਨੀ ਬਣਾਉਣ ਦਾ ਉਹ ਕੰਮ ਕੀਤਾ ਜਿਸ ਨੂੰ ਹੋਰ ਪਾਰਟੀਆਂ ਛੱਡ ਚੁੱਕੀਆਂ ਸਨ। ਪ੍ਰਧਾਨ ਮੰਤਰੀ ਅਤੇ ਗ੍ਰਿਹ ਮੰਤਰੀ ਵਿਰੁੱਧ ਦਿੱਤੀਆਂ ਧਮਕੀਆਂ, ਕੇਂਦਰੀ ਬਲਾਂ ਦੇ ਹਟਣ ਤੋਂ ਬਾਅਦ ਕੀ ਹੋਵੇਗਾ ਵਾਲੀਆਂ ਚੇਤਾਵਨੀਆਂ, ਅਤੇ ਪਿਛਲੀਆਂ ਚੋਣਾਂ ਦੇ ਹਿੰਸਾ ਦੌਰਾਨ ਗੁਆਈਆਂ ਜਿੰਦਗੀਆਂ—ਇਹ ਕੋਈ ਅਜਿਹੀ ਗੱਲ ਨਹੀਂ ਸੀ ਜਿਸਦੀ ਯਾਦ ਕਰਮਚਾਰੀਆਂ ਨੂੰ ਦਿਵਾਉਣ ਦੀ ਲੋੜ ਪੈਂਦੀ। ਉਹ ਇਸਨੂੰ ਹੰਢਾ ਚੁੱਕੇ ਸਨ। ਮਾਣਯੋਗ ਗ੍ਰਿਹ ਮੰਤਰੀ ਸ਼੍ਰੀ ਅਮਿਤ ਸ਼ਾਹ ਨੇ ਖੁਦ ਬੰਗਾਲ ਦੇ ਜ਼ਿਲ੍ਹਿਆਂ ਵਿੱਚ ਜਾ ਕੇ ਦੌਰੇ ਕੀਤੇ, ਕਈ ਵਾਰ ਕੁਝ ਹਫ਼ਤਿਆਂ ਵਿੱਚ ਇੱਕੋ ਸ਼ਹਿਰ ਵਿੱਚ ਵਾਪਸ ਗਏ, ਕਿਉਂਕਿ ਉਹ ਜਾਣਦੇ ਸਨ ਕਿ ਉਨ੍ਹਾਂ ਦੇ ਕਰਮਚਾਰੀ ਕੀ ਝੱਲ ਰਹੇ ਹਨ। ਉਹ ਜੋ ਕਰਨ ਦੀ ਕੋਸ਼ਿਸ਼ ਕਰ ਰਹੇ ਸਨ, ਉਹ ਸਿਰਫ਼ ਚੋਣਾਂ 'ਚ ਉਲਟਫੇਰ ਨਹੀਂ ਸੀ। ਉਹ ਇੱਕ ਕਿਲ੍ਹੇ ਨੂੰ ਢਾਹੁਣ ਦੀ ਕੋਸ਼ਿਸ਼ ਸੀ। ਇਸ ਇਤਿਹਾਸਕ ਤਬਦੀਲੀ ਦਾ ਚਿਹਰਾ ਆਪਣੀ ਕਹਾਣੀ ਆਪ ਬਿਆਨ ਕਰਦਾ ਹੈ। ਸ਼?ਰੀਮਤੀ ਰਤਨਾ ਦੇਬਨਾਥ, ਜੋ ਆਰਜੀ ਕਾਰ ਪੀੜਤਾਂ ਦੀ ਮਾਤਾ ਹਨ, ਭਾਰਤੀ ਜਨਤਾ ਪਾਰਟੀ ਵੱਲੋਂ ਪਾਨਿਹਾਟੀ ਤੋਂ ਚੋਣ ਮੈਦਾਨ ਵਿੱਚ ਉਤਾਰੇ ਗਏ ਅਤੇ ਉਨ੍ਹਾਂ ਨੇ 15 ਸਾਲ ਪੁਰਾਣੇ ਤ੍ਰਿਣਮੂਲ ਕਾਂਗਰਸ ਦੇ ਗੜ੍ਹ ਨੂੰ ਵੱਡੇ ਅੰਤਰ ਨਾਲ ਢਾਹ ਦਿੱਤਾ। ਸ਼?ਰੀਮਤੀ ਰੇਖਾ ਪਾਤਰਾ, ਜਿਨ੍ਹਾਂ ਨੇ ਸੰਦੇਸ਼ਖਲੀ ਵਿੱਚ ਆਪਣੀ ਧਰਤੀ 'ਤੇ ਖੜ੍ਹੇ ਹੋ ਕੇ ਉਹ ਹੱਕ ਮੰਗੇ ਜੋ ਰਾਜ ਸਰਕਾਰ ਨੇ ਉਨ੍ਹਾਂ ਨੂੰ ਨਹੀਂ ਦਿੱਤੇ, ਅਤੇ ਫਿਰ ਉਹ ਮੰਗ ਹਿੰਗਲਗੰਜ ਦੀ ਚੋਣ ਤੱਕ ਲੈ ਗਏ। ਉਹ ਜ਼ਿਲ੍ਹਿਆਂ ਦੇ ਵੋਟਰ, ਜੋ 30 ਸਾਲ ਲੈਫਟ ਅਤੇ ਪੰਦਰ੍ਹਾਂ ਸਾਲ ਤ੍ਰਿਣਮੂਲ ਦੇ ਨਾਲ ਰਹੇ, ਪਹਿਲੀ ਵਾਰ ਕਮਲ ਦੇ ਨਿਸ਼ਾਨ ਵੱਲ ਮੁੜੇ। ਐਤਵਾਰ, 4 ਮਈ 2026 ਨੂੰ, ਬੰਗਾਲ ਨੇ ਆਪਣਾ ਹਿਸਾਬ ਬਰਾਬਰ ਕੀਤਾ। ਭਾਰਤੀ ਜਨਤਾ ਪਾਰਟੀ ਨੇ ਐਲਾਨੀਆਂ 293 ਸੀਟਾਂ ਵਿੱਚੋਂ 206 ਜਿੱਤ ਲਈਆਂ। ਦੋ ਵੱਖ-ਵੱਖ ਵਰਦੀਆਂ ਵਿੱਚ ਚੱਲੇ 49 ਸਾਲਾਂ ਦੇ ਮਾਫੀਆ ਰਾਜ ਦਾ ਅੰਤ ਹੋ ਗਿਆ। ਇਹ ਸਿਰਫ਼ ਚੋਣ ਫੈਸਲਾ ਨਹੀਂ ਸੀ। ਇਹ ਇੱਕ ਨੈਤਿਕ ਫੈਸਲਾ ਸੀ। ਇਸ ਤਬਦੀਲੀ ਨੂੰ ਹੁਣ ਚੁਣੌਤੀ ਦਿੱਤੀ ਜਾ ਰਹੀ ਹੈ। ਵੋਟਰ ਸੂਚੀਆਂ ਦੀ ਵਿਸ਼ੇਸ਼ ਡੂੰਘੀ ਸੋਧ ਪ੍ਰਕਿਰਿਆ, ਜਿਸ ਤਹਿਤ ਪੰਦਰ੍ਹਾਂ ਵਰ੍ਹ?ਆਂ ਤੋਂ ਇਕੱਠੇ ਹੋ ਰਹੇ 90 ਲੱਖ ਅਯੋਗ ਨਾਮ ਹਟਾਏ ਗਏ, ਨੂੰ ਹਾਰਨ ਵਾਲੇ ਪੱਖ ਵੱਲੋਂ ਵੋਟਰ ਦਬਾਅ ਕਰਾਰ ਦਿੱਤਾ ਜਾ ਰਿਹਾ ਹੈ। ਪਰ ਅੰਕੜੇ ਇਸ ਮਾਮਲੇ ਨੂੰ ਸਾਫ਼ ਕਰਦੇ ਹਨ। ਜਿਹੜੀਆਂ 20 ਵਿਧਾਨ ਸਭਾ ਸੀਟਾਂ ਵਿੱਚ ਸਭ ਤੋਂ ਵੱਧ ਨਾਮ ਹਟਾਏ ਗਏ, ਉਨ੍ਹਾਂ ਵਿੱਚੋਂ 13 'ਤੇ ਤ੍ਰਿਣਮੂਲ ਕਾਂਗਰਸ ਜਿੱਤੀ। ਸਮਸ਼ੇਰਗੰਜ, ਲਾਲਗੋਲਾ, ਭਗਬਾਂਗੋਲਾ, ਰਘੁਨਾਥਗੰਜ ਅਤੇ ਮੈਟੀਆਬੁਰੂਜ਼—ਜਿੱਥੇ ਸਭ ਤੋਂ ਵੱਧ ਨਾਮ ਹਟਾਏ ਗਏ—ਉਥੇ 2021 ਅਤੇ 2026 ਦੋਵਾਂ ਵਿੱਚ ਤ੍ਰਿਣਮੂਲ ਦੇ ਹੀ ਵਿਧਾਇਕ ਚੁਣੇ ਗਏ। ਉਨ੍ਹਾਂ 49 ਸੀਟਾਂ ਵਿੱਚ ਜਿੱਥੇ ਜਿੱਤ ਦਾ ਅੰਤਰ ਹਟਾਏ ਗਏ ਵੋਟਰਾਂ ਦੀ ਗਿਣਤੀ ਤੋਂ ਘੱਟ ਸੀ, ਉਨ੍ਹਾਂ ਵਿੱਚੋਂ 26 ਭਾਰਤੀ ਜਨਤਾ ਪਾਰਟੀ ਨੇ, 21 ਤ੍ਰਿਣਮੂਲ ਕਾਂਗਰਸ ਨੇ ਅਤੇ 2 ਕਾਂਗਰਸ ਨੇ ਜਿੱਤੀਆਂ। ਜੇ ਨਿਸ਼ਾਨਾ ਬਣਾਕੇ ਵੋਟਰ ਹਟਾਏ ਜਾਂਦੇ, ਤਾਂ ਜਿੱਤਣ ਵਾਲੀ ਅਤੇ ਹਾਰਨ ਵਾਲੀ ਪਾਰਟੀ ਦਰਮਿਆਨ ਲਗਭਗ ਬਰਾਬਰ ਵੰਡ ਨਹੀਂ ਹੁੰਦੀ। 92.93 ਪ੍ਰਤੀਸ਼ਤ ਵੋਟਿੰਗ, ਜੋ ਰਾਜ ਦੇ ਇਤਿਹਾਸ ਵਿੱਚ ਸਭ ਤੋਂ ਵੱਧ ਸੀ, ਨੇ ਇਹ ਸਾਬਤ ਕਰ ਦਿੱਤਾ ਕਿ ਵੋਟਰ ਸੂਚੀਆਂ ਭਰੋਸੇਯੋਗ ਸਨ। ਹਾਰਨ ਵਾਲੀ ਪਾਰਟੀ ਵੱਲੋਂ ਉਸ ਫੈਸਲੇ ਨੂੰ ਚੁਣੌਤੀ ਦੇਣਾ, ਜੋ ਵੋਟਰ ਪਹਿਲਾਂ ਹੀ ਦੇ ਚੁੱਕਾ ਹੈ, ਸਿਰਫ਼ ਉਸੇ "ਦਾਦਾਗੀਰੀ" ਨੂੰ ਸਾਬਤ ਕਰਦਾ ਹੈ, ਜਿਸਨੂੰ ਵੋਟਰ ਨੇ ਨਕਾਰ ਦਿੱਤਾ, ਅਤੇ ਉਸਦੀ ਚੋਣ ਦੀ ਸਿਆਣਪ ਨੂੰ ਵੀ ਦਰਸਾਉਂਦਾ ਹੈ। ਬੰਗਾਲ ਨੇ ਵੋਟ ਪਾਈ ਹੈ ਅਤੇ ਬੰਗਾਲ ਨੇ ਆਪਣੀ ਚੋਣ ਕਰ ਲਈ ਹੈ। ਵੋਟਰ ਨੇ ਜੋ ਮੰਗਿਆ ਹੈ, ਉਸਨੂੰ ਸਮਝਣਾ ਔਖਾ ਨਹੀਂ। ਅਮਨ ਅਤੇ ਉਸ ਹਿੰਸਾ ਤੋਂ ਮੁਕਤੀ ਜਿਸਨੇ ਉਸ ਦੀਆਂ ਗਲੀਆਂ 'ਤੇ ਪਰਛਾਵਾਂ ਕੀਤਾ ਹੋਇਆ ਸੀ। ਖੁਸ਼ਹਾਲੀ, ਅਤੇ ਉਸਦੇ ਸ਼ਹਿਰ ਵਿੱਚ ਰੁਜ਼ਗਾਰ ਦੀ ਵਾਪਸੀ। ਸਥਿਰਤਾ, ਅਤੇ ਇੱਕ ਪ੍ਰਸ਼ਾਸਨ ਜੋ ਉਸਨੂੰ ਸਿਰਫ਼ ਜਿਉਣ ਦੇਣ ਦੇ ਬਦਲੇ ਕੋਈ ਕਮਿਸ਼ਨ ਨਹੀਂ ਲੈਂਦਾ। ਰਾਜ ਵਿੱਚ ਇੱਕ ਸੱਭਿਆਚਾਰਕ ਅਤੇ ਆਰਥਿਕ ਪੁਨਰਜਾਗਰਣ ਜਿਸਨੇ ਦੇਸ਼ ਨੂੰ ਆਪਣੀ ਪਹਿਲੀ ਉਦਯੋਗਿਕ ਪੱਟੀ, ਆਪਣੀ ਵਪਾਰਕ ਰਾਜਧਾਨੀ, ਅਤੇ ਆਪਣੇ ਰਾਸ਼ਟਰੀ ਪ੍ਰਸ਼ਾਸਨ ਦੀ ਸ਼ੁਰੂਆਤੀ ਰੂਪ ਰੇਖਾ ਦਿੱਤੀ। ਜਿਹੜਾ ਕਲਕੱਤਾ ਮੈਂ ਵੇਖਿਆ ਸੀ, ਉਹ ਮੁੜ ਬਣ ਸਕਦਾ ਹੈ। ਬੰਗਾਲ 2047 ਤੱਕ ਵਿਕਸਿਤ ਭਾਰਤ ਵਿੱਚ ਆਪਣਾ ਯੋਗਦਾਨ ਦੁਬਾਰਾ ਸ਼ੁਰੂ ਕਰਨ ਲਈ ਤਿਆਰ ਹੈ। ਪਿਛਲੇ ਦਹਾਕੇ ਦੀ ਹਰ ਭਲਾਈ ਯੋਜਨਾ ਅਤੇ ਬੁਨਿਆਦੀ ਢਾਂਚੇ ਦੇ ਫੈਸਲੇ ਦੇ ਪਿੱਛੇ ਇੱਕ ਅਜਿਹਾ ਪ੍ਰਧਾਨ ਮੰਤਰੀ ਰਿਹਾ ਹੈ, ਜੋ ਨਾਗਰਿਕ ਨੂੰ ਹੀ ਧੁਰਾ ਮੰਨਦਾ ਹੈ। ਉਸ ਨਾਗਰਿਕ 'ਤੇ ਵਿਸ਼ਵਾਸ ਕਾਇਮ ਰੱਖਣ ਦਾ ਇਨਾਮ ਹੁਣ ਦਰਜ ਹੋ ਚੁੱਕਾ ਹੈ।


ਹਰਦੀਪ ਸਿੰਘ ਪੁਰੀ

**(ਲੇਖਕ ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰੀ ਹਨ।)**

# ਚਿੰਤਨ ਸ਼ਿਵਿਰ : ਸਾਂਝੇ ਦ੍ਰਿਸ਼ਟੀਕੋਣ ਰਾਹੀਂ ਭਾਰਤ ਵਿੱਚ ਖੇਡਾਂ ਦੇ ਭਵਿੱਖ ਨੂੰ ਦਿਸ਼ਾ ਦੇਣਾ

ਜ਼ਿਕਰ ਪੰਜਾਬ

ਦੋ ਚਿੰਤਨ ਸ਼ਿਵਿਰਾਂ ਦਾ ਹਿੱਸਾ ਬਣਨ ਦਾ ਮੌਕਾ ਪ੍ਰਾਪਤ ਕਰਨ ਤੋਂ ਬਾਅਦ, ਮੈਂ ਵਿਸ਼ਵਾਸ ਨਾਲ ਕਹਿ ਸਕਦਾ ਹਾਂ ਕਿ ਇਹ ਅੱਜ ਭਾਰਤੀ ਖੇਡ ਜਗਤ ਦੀ ਸਭ ਤੋਂ ਸਮਾਂਬੱਧ ਅਤੇ ਪ੍ਰਭਾਵਸ਼ਾਲੀ ਪਹਿਲਕਦਮੀਆਂ ਵਿੱਚੋਂ ਇੱਕ ਹੈ। ਅਸੀਂ ਆਪਣੇ ਰਾਸ਼ਟਰ ਦੀ ਖੇਡ ਯਾਤਰਾ ਦੇ ਇੱਕ ਮਹੱਤਵਪੂਰਨ ਮੋੜ 'ਤੇ ਹਾਂ, ਇੱਕ ਅਜਿਹਾ ਮੋੜ ਜਿੱਥੇ ਇਰਾਦਾ, ਨਿਵੇਸ਼ ਅਤੇ ਪ੍ਰੇਰਣਾ ਮਿਸਾਲੀ ਤੌਰ 'ਤੇ ਇਕੱਠੇ ਮਿਲ ਰਹੇ ਹਨ।

ਪਿਛਲੇ ਇੱਕ ਦਹਾਕੇ ਵਿੱਚ, ਨਰੇਂਦਰ ਮੋਦੀ ਦੀ ਅਗਵਾਈ ਵਿੱਚ, ਭਾਰਤ ਵਿੱਚ ਖੇਡ ਹਾਸ਼ੀਏ ਤੋਂ ਮੁੱਖਧਾਰਾ ਵਿੱਚ ਆ ਗਿਆ ਹੈ। ਇਸ ਦੀ ਮਹੱਤਤਾ ਵੱਲ ਵੀ ਸਾਫ ਤੌਰ 'ਤੇ ਰਾਸ਼ਟਰੀ ਜਾਗਰੂਕਤਾ ਦੇਖੀ ਜਾ ਸਕਦੀ ਹੈ, ਨਾ ਸਿਰਫ਼ ਇੱਕ ਪ੍ਰਤੀਯੋਗੀ ਗਤੀਵਿਧੀ ਵਜੋਂ, ਸਗੋਂ ਸਿਹਤ, ਅਨੁਸ਼ਾਸਨ ਅਤੇ ਰਾਸ਼ਟਰੀ ਗੌਰਵ ਦੇ ਸਾਧਨ ਵਜੋਂ ਵੀ। ਅੱਜ, ਅਸੀਂ ਇੱਕ ਵਿਸ਼ਾਲ ਅਤੇ ਵੱਖ-ਵੱਖ ਪ੍ਰਣਾਲੀਆਂ ਦੇਖ ਰਹੇ ਹਾਂ, ਜਿੱਥੇ ਰਾਜ ਸਰਕਾਰਾਂ, ਗੈਰ -ਸਰਕਾਰੀ ਸੰਗਠਨ, ਨਿਗਮ, ਸੰਘ ਅਤੇ ਜ਼ਮੀਨੀ ਪੱਧਰ ਦੀਆਂ ਸੰਸਥਾਵਾਂ ਸਾਰੇ ਮਿਲ ਕੇ ਖੇਡਾਂ ਦੇ ਵਿਕਾਸ ਵਿੱਚ ਸਰਗਰਮ ਤੌਰ 'ਤੇ ਯੋਗਦਾਨ ਦੇ ਰਹੇ ਹਨ।

ਚਿੰਤਨ ਸ਼ਿਵਿਰ ਦੀ ਸਭ ਤੋਂ ਵੱਡੀ ਖੂਬੀ ਇਹ ਹੈ ਕਿ ਇਹ ਸਾਰੇ ਹਿਤਧਾਰਕਾਂ ਨੂੰ ਇੱਕ ਸਾਂਝੇ ਮੰਚ 'ਤੇ ਲਿਆਉਂਦਾ ਹੈ। ਖੇਡਾਂ ਆਪਣੇ ਆਪ ਵਿੱਚ ਕਈ ਖੇਤਰਾਂ ਨਾਲ ਜੁੜੀਆਂ ਹੋਈਆਂ ਹਨ, ਜਿਨ੍ਹਾਂ ਵਿੱਚ ਮੈਨੂਫੈਕਚਰਿੰਗ, ਮਨੋਰੰਜਨ, ਫਿਟਨੈੱਸ, ਮੀਡੀਆ ਅਤੇ ਸਿੱਖਿਆ ਸ਼ਾਮਲ ਹਨ। ਇਹ ਸ਼ਿਵਿਰ ਇਨ੍ਹਾਂ ਸਾਰੇ ਖੇਤਰਾਂ ਨੂੰ ਇਕੱਠੇ ਲਿਆਉਣ ਵਿੱਚ ਸਹਾਇਤਾ ਕਰਦਾ ਹੈ, ਜਿਸ ਨਾਲ ਇੱਕ ਸਾਂਝਾ ਦ੍ਰਿਸ਼ਟੀਕੋਣ ਬਣਦਾ ਹੈ, ਜੋ ਕਿ ਲੰਬੇ ਸਮੇਂ ਦੀ ਸਫਲਤਾ ਲਈ ਬਹੁਤ ਜ਼ਰੂਰੀ ਹੈ। ਇਹ ਦੇਸ਼ ਦੇ ਸਮੂਹਿਕ ਦ੍ਰਿਸ਼ਟੀਕੋਣ ਨੂੰ ਸਾਹਮਣੇ ਲਿਆਉਂਦਾ ਹੈ ਅਤੇ ਨਾਲ ਹੀ ਵੱਖ-ਵੱਖ ਰਾਜਾਂ ਦੇ ਸਰਵੋਤਮ ਅਭਿਆਸਾਂ ਨੂੰ ਪ੍ਰਦਰਸ਼ਿਤ ਕਰਦਾ ਹੈ, ਜਿਸ ਨਾਲ ਅਨੁਕਰਣ ਅਤੇ ਨਵਾਚਾਰ ਨੂੰ ਵੀ ਪ੍ਰੋਤਸਾਹਨ ਮਿਲਦਾ ਹੈ।

ਚਿੰਤਨ ਸ਼ਿਵਿਰ ਸਿਰਫ਼ ਇੱਕ ਸੰਮੇਲਨ ਤੋਂ ਕਿਤੇ ਵਧ ਕੇ ਇੱਕ ਸਿਖਲਾਈ ਵਿਧੀ ਹੈ। ਇਹ ਇਸ ਵਿੱਚ ਸ਼ਾਮਲ ਹੋਣ ਵਾਲੇ ਲੋਕਾਂ ਨੂੰ ਵਿਚਾਰਾਂ ਦਾ ਅਦਾਨ-ਪ੍ਰਦਾਨ ਕਰਨ, ਚੁਣੌਤੀਆਂ ਨੂੰ ਸਮਝਣ ਅਤੇ ਮਿਲ ਕੇ ਹੱਲ ਵਿਕਸਿਤ ਕਰਨ ਦਾ ਮੌਕਾ ਦਿੰਦਾ ਹੈ। ਇਹ ਇੱਕ ਸ਼ਕਤੀਸ਼ਾਲੀ ਪ੍ਰੇਰਕ ਵਜੋਂ ਵੀ ਕੰਮ ਕਰਦਾ ਹੈ, ਸਫਲਤਾ ਦੀਆਂ ਸਾਰੀਆਂ ਕਹਾਣੀਆਂ ਨੂੰ ਸਾਹਮਣੇ ਲਿਆਉਂਦਾ ਹੈ ਅਤੇ ਇਸ ਵਿਚਾਰ ਨੂੰ ਹੋਰ ਪੁਖਤਾ ਕਰਦਾ ਹੈ ਕਿ ਭਾਰਤ ਵਿੱਚ ਖੇਡਾਂ ਸਿਰਫ ਵਿਸ਼ਿਸ਼ਟ ਮੈਡਲਾਂ ਤੱਕ ਹੀ ਸੀਮਤ ਨਹੀਂ ਹਨ, ਸਗੋਂ ਇਸ ਵਿੱਚ ਸ਼ਮੂਲੀਅਤ, ਸਮਾਵੇਸ਼ ਅਤੇ ਰਾਸ਼ਟਰ ਨਿਰਮਾਣ ਵੀ ਸ਼ਾਮਲ ਹੈ।



ਫਿਟ ਇੰਡੀਆ ਮੂਵਮੈਂਟ ਵਰਗੀਆਂ ਪਹਿਲਕਦਮੀਆਂ, ਅੰਤਰਰਾਸ਼ਟਰੀ ਯੋਗ ਦਿਵਸ ਦਾ ਆਯੋਜਨ ਅਤੇ ਸਾਈਕਲਿੰਗ ਮੁਕਾਬਲੇ ਵਰਗੀਆਂ ਭਾਈਚਾਰਕ ਗਤੀਵਿਧੀਆਂ ਨੇ ਖੇਡਾਂ ਪ੍ਰਤੀ ਸਾਡੇ ਨਜ਼ਰੀਏ ਨੂੰ ਨਵਾਂ ਰੂਪ ਦਿੱਤਾ ਹੈ। ਅੱਜ ਦੇ ਸਮੇਂ ਵਿੱਚ ਜ਼ੋਰ 'ਸਾਰਿਆਂ ਲਈ ਖੇਡਾਂ' ਦੇ ਨਾਲ-ਨਾਲ ਉੱਚੇ ਪੱਧਰ 'ਤੇ ਉੱਤਮਤਾ 'ਤੇ ਹੈ। ਮੈਡਲ ਜਿੱਤਣ ਦੀਆਂ ਇੱਛਾਵਾਂ ਹੋਰ ਵਿਆਪਕ ਭਾਈਵਾਲੀ ਹੁਣ ਵੱਖ-ਵੱਖ ਮੁੱਦੇ ਨਹੀਂ ਹਨ, ਸਗੋਂ ਉਹ ਇੱਕ ਹੀ ਪ੍ਰਕਿਰਿਆ ਦਾ ਹਿੱਸਾ ਹਨ।

ਸ੍ਰੀਨਗਰ ਵਿੱਚ ਸ਼ਿਵਿਰ ਦਾ ਆਯੋਜਨ ਕਰਨ ਨਾਲ ਇਸ ਦੀ ਮਹੱਤਤਾ ਹੋਰ ਵੀ ਵਧ ਗਈ ਹੈ। ਇਸ ਸ਼ਹਿਰ ਦੀ ਸ਼ਾਂਤ ਸੁੰਦਰਤਾ ਨਾ ਸਿਰਫ ਖੇਡਾਂ ਦੀ ਵਿਚਾਰਧਾਰਾ ਲਈ ਇੱਕ ਮਨਮੋਹਕ ਪਿਛੋਕੜ ਪ੍ਰਦਾਨ ਕਰਦੀ ਹੈ ਸਗੋਂ ਸ਼ਾਂਤ ਚਿੰਤਨ ਦੀ ਭਾਵਨਾ ਵੀ ਦਿੰਦੀ ਹੈ, ਜੋ ਕਿ ਸਾਰਥਕ ਸੰਵਾਦ ਲਈ ਬਹੁਤ ਜ਼ਰੂਰੀ ਹੈ।

ਇਸ ਚਿੰਤਨ ਸ਼ਿਵਿਰ ਦਾ ਇੱਕ ਅਹਿਮ ਕੇਂਦਰ ਬਿੰਦੂ ਸ੍ਰੀਨਗਰ ਖੇਡ ਸੰਕਲਪ ਨੂੰ ਅਪਣਾਉਣਾ ਸੀ। ਇਹ ਸੰਕਲਪ ਸਿਰਫ ਇੱਕ ਇਰਾਦੇ ਦਾ ਦਸਤਾਵੇਜ਼ ਨਹੀਂ ਹੈ, ਸਗੋਂ ਇੱਕ ਏਕੀਕ੍ਰਿਤ ਢਾਂਚਾ ਹੈ, ਜੋ ਕਿ ਭਾਰਤੀ ਖੇਡ ਜਗਤ ਦੇ ਸਾਰੇ ਹਿਤਧਾਰਕਾਂ ਦੀਆਂ ਇੱਛਾਵਾਂ ਨੂੰ ਇਕੱਠਾ ਕਰਦਾ ਹੈ। ਸਾਂਝੇ ਟੀਚਿਆਂ, ਤਰਜੀਹਾਂ ਅਤੇ ਜ਼ਿੰਮੇਵਾਰੀਆਂ ਨੂੰ ਸਾਫ ਤੌਰ 'ਤੇ ਰੇਖਾਂਕਿਤ ਕਰਕੇ ਇਹ ਇੱਕ ਅਜਿਹਾ ਰੋਡਮੈਪ ਤਿਆਰ ਕਰਦਾ ਹੈ, ਜੋ ਕਿ ਵੰਡ ਦੀ ਬਜਾਏ ਸਹਿਯੋਗ ਨੂੰ ਉਤਸ਼ਾਹਿਤ ਕਰਦਾ ਹੈ।

ਸ੍ਰੀਨਗਰ ਖੇਡ ਸੰਕਲਪ ਦੀ ਅਸਲੀ ਤਾਕਤ ਵੱਖ-ਵੱਖ ਭਾਈਵਾਲਾਂ-ਸਰਕਾਰਾਂ, ਸੰਘਾਂ, ਨਿਜੀ ਖੇਤਰ ਅਤੇ ਨਾਗਰਿਕ ਸਮਾਜ ਨੂੰ ਇੱਕ ਮੰਚ 'ਤੇ ਲਿਆਉਣ ਦੀ ਸਮਰੱਥਾ ਵਿੱਚ ਮੌਜੂਦ ਹੈ। ਇਹ ਇਸ ਵਿਚਾਰਧਾਰਾ ਨੂੰ ਹੋਰ ਪੁਖਤਾ ਕਰਦਾ ਹੈ ਕਿ ਭਾਰਤ ਦੇ ਖੇਡ ਜਗਤ ਦਾ ਉੱਥਾਨ ਵੱਖੋ-ਵੱਖਰੇ ਯਤਨਾਂ ਨਾਲ ਨਹੀਂ ਹੋ ਸਕਦਾ। ਇਸ ਦੀ ਬਜਾਏ, ਇਸ ਨੂੰ ਇੱਕ ਤਾਲਮੇਲ ਵਾਲਾ, ਸ ਹਿ ਯੋ ਗ ਾ ਤ ਮ ਕ ਦ੍ਰਿਸ਼ਟੀਕੋਣ ਨਾਲ ਸੰਚਾਲਿਤ ਕੀਤਾ ਜਾਣਾ ਚਾਹੀਦਾ ਹੈ, ਜਿੱਥੇ ਸੰਸਾਧਨਾਂ, ਗਿਆਨ ਅਤੇ ਮੁਹਾਰਤ ਨੂੰ ਇਕੱਠਿਆਂ ਲਿਆਂਦਾ ਜਾਵੇ।

ਭਾਰਤ ਨੂੰ 2036 ਤੱਕ ਓਲੰਪਿਕਸ ਗੇਮਸ ਵਿੱਚ ਟੌਪ 10 ਦੇਸ਼ਾਂ ਵਿੱਚ ਸ਼ਾਮਲ ਹੋਣ ਦੀ ਆਪਣੀ ਲੰਬੇ ਸਮੇਂ ਦੀ ਇੱਛਾ ਨੂੰ ਪ੍ਰਾਪਤ ਕਰਨ ਲਈ ਇਹ ਤਾਲਮੇਲ ਬਹੁਤ ਮਹੱਤਵਪੂਰਨ ਹੈ। ਵਿਸ਼ਵ ਪੱਧਰੀ ਐਥਲੀਟ ਤਿਆਰ ਕਰਨ ਲਈ ਨਾ ਸਿਰਫ ਪ੍ਰਤਿਭਾ ਦੀ ਲੋੜ ਹੁੰਦੀ ਹੈ, ਸਗੋਂ ਇੱਕ ਸੁਚਾਰੂ ਪ੍ਰਣਾਲੀ ਵੀ ਲਾਜ਼ਮੀ ਹੁੰਦੀ ਹੈ, ਜਿਸ ਵਿੱਚ ਜ਼ਮੀਨੀ ਪੱਧਰ 'ਤੇ ਪਛਾਣ, ਵਿਗਿਆਨਿਕ ਟ?ਰੇਨਿੰਗ, ਬੁਨਿਆਦੀ ਢਾਂਚਾ, ਉੱਤਮ ਕੋਚਿੰਗ, ਪ੍ਰਤੀਯੋਗਿਤਾ ਦਾ ਅਨੁਭਵ ਅਤੇ ਨਿਰੰਤਰ ਵਿੱਤੀ ਅਤੇ ਸੰਸਥਾਗਤ ਸਮਰਥਨ ਸ਼ਾਮਲ ਹਨ। ਸੰਕਲਪ ਓਹੀ ਰਣਨੀਤਿਕ ਕੜੀ ਹੈ, ਜੋ ਇਨ੍ਹਾਂ ਸਾਰੇ ਤੱਤਾਂ ਨੂੰ ਇੱਕ ਯੋਜਨਾਬੱਧ ਪ੍ਰਣਾਲੀ ਨਾਲ ਜੋੜ ਸਕਦਾ ਹੈ।

ਇਨ੍ਹਾਂ ਚਰਚਾਵਾਂ ਤੋਂ ਜੋ ਗੱਲ ਸਭ ਤੋਂ ਵੱਧ ਉੱਭਰ ਕੇ ਸਾਹਮਣੇ ਆਈ ਹੈ, ਉਹ ਹੈ ਇਸ ਵਿਵਸਥਾ ਵਿੱਚ ਮੌਜੂਦ ਆਸ਼ਾਵਾਦ। ਸਾਰਿਆਂ ਦਾ ਇਹ ਮੰਨਣਾ ਹੈ ਕਿ ਭਾਰਤ ਦਾ ਖੇਡ ਭਵਿੱਖ ਉੱਜਵਲ ਹੈ ਅਤੇ ਸਹਿਯੋਗ ਨਾਲ ਅਸੀਂ ਇੱਕ ਮਜ਼ਬੂਤ, ਸਮਾਵੇਸ਼ੀ ਅਤੇ ਉੱਚ ਪ੍ਰਦਰਸ਼ਨ ਵਾਲੇ ਖੇਡ ਸੱਭਿਆਚਾਰ ਦਾ ਨਿਰਮਾਣ ਕਰ ਸਕਦੇ ਹਾਂ।

ਚਿੰਤਨ ਸ਼ਿਵਿਰ ਕਈ ਮਾਇਨਿਆਂ ਵਿੱਚ ਇੱਕ ਵਿਲੱਖਣ ਪ੍ਰਯੋਗ ਹੈ, ਪਰੰਤੂ ਇਹ ਪਹਿਲਾਂ ਤੋਂ ਹੀ ਸਫਲ ਸਾਬਤ ਹੋ ਰਿਹਾ ਹੈ। ਇਹ ਸੰਵਾਦ, ਤਾਲਮੇਲ ਅਤੇ ਆਪਸੀ ਸਮਝ ਦੇ ਮਹੱਤਵ ਨੂੰ ਦਰਸਾਉਂਦਾ ਹੈ। ਭਾਰਤ ਵਰਗੇ ਵਿਭਿੰਨਤਾ ਵਾਲੇ ਦੇਸ਼ ਲਈ, ਅਜਿਹੇ ਮੰਚ ਨਾ ਸਿਰਫ ਲਾਭਦਾਇਕ ਹਨ, ਸਗੋਂ ਜ਼ਰੂਰੀ ਵੀ ਹਨ।

ਜੇਕਰ ਅਸੀਂ ਆਲਮੀ ਖੇਡ ਮੰਚ 'ਤੇ ਆਪਣੀਆਂ ਇੱਛਾਵਾਂ ਨੂੰ ਸਹੀ ਮਾਇਨੇ ਵਿੱਚ ਸਾਕਾਰ ਕਰਨਾ ਚਾਹੁੰਦੇ ਹਾਂ, ਤਾਂ ਇਨ੍ਹਾਂ ਸੰਵਾਦਾਂ ਦਾ ਜਾਰੀ ਰਹਿਣਾ ਅਤੇ ਇਨ੍ਹਾਂ ਨੂੰ ਸਮੂਹਿਕ ਕਾਰਵਾਈ ਰਾਹੀਂ ਮਦਦ ਮਿਲਣਾ ਵੀ ਜ਼ਰੂਰੀ ਹੈ। ਸ੍ਰੀਨਗਰ ਖੇਡ ਸੰਕਲਪ ਸਾਨੂੰ ਉਹ ਦਿਸ਼ਾ ਪ੍ਰਦਾਨ ਕਰਦਾ ਹੈ। ਚਿੰਤਨ ਸ਼ਿਵਿਰ ਸਾਨੂੰ ਉਹ ਮੰਚ ਪ੍ਰਦਾਨ ਕਰਦਾ ਹੈ। ਇਹ ਦੋਵੇਂ ਮਿਲ ਕੇ ਭਾਰਤ ਨੂੰ ਆਪਣੀ ਖੇਡ ਸਬੰਧੀ ਇੱਛਾਵਾਂ ਨੂੰ ਸਥਾਈ ਓਲੰਪਿਕ ਸਫਲਤਾ ਵਿੱਚ ਬਦਲਣ ਲਈ ਇੱਕ ਮਜ਼ਬੂਤ ਅਧਾਰ ਪ੍ਰਦਾਨ ਕਰਦੇ ਹਨ।


ਪੁਲੇਲਾ ਗੋਪੀਚੰਦ

**(ਲੇਖਕ ਭਾਰਤੀ ਰਾਸ਼ਟਰੀ ਬੈੱਡਮਿੰਟਨ ਟੀਮ ਦੇ ਮੁੱਖ ਰਾਸ਼ਟਰੀ ਕੋਚ ਹਨ)**

# ਭਾਰਤ ਦੇ ਬੱਚਿਆਂ ਨੂੰ ਭੋਜਨ ਦੇ ਇਲਾਵਾ ਵੀ ਹੋਰ ਚੀਜ਼ਾਂ ਦੀ ਜ਼ਰੂਰਤ ਹੈ

ਜ਼ਿਕਰ ਪੰਜਾਬ

ਕੁਝ ਸਮਾਂ ਪਹਿਲਾਂ, ਮੇਰੇ ਕਲੀਨਿਕ ਵਿੱਚ ਪੰਜ ਸਾਲ ਦੀ ਇੱਕ ਬੱਚੀ ਨੂੰ ਲਿਆਂਦਾ ਗਿਆ। ਉਹ ਆਪਣੀ ਉਮਰ ਦੇ ਬੱਚਿਆਂ ਦੀ ਤੁਲਨਾ ਵਿੱਚ ਵਿਕਾਸ ਦੇ ਕਈ ਪੜਾਵਾਂ ਵਿੱਚ ਪਿੱਛੇ ਲਗ ਰਹੀ ਸੀ। ਉਸ ਦੀ ਬੋਲਣ ਦੀ ਗਤੀ ਹੌਲੀ ਸੀ ਅਤੇ ਉਹ ਆਪਣੇ ਉਮਰ ਦੇ ਦੂਜੇ ਬੱਚਿਆਂ ਵਾਂਗ ਸਰਗਰਮ ਜਾਂ ਰੁੱਝੀ ਨਹੀਂ ਦਿਖ ਰਹੀ ਸੀ। ਉਸ ਦੇ ਵਿਕਾਸ ਦੇ ਮੁਲਾਂਕਣ ਵਿੱਚ ਉਹ ਤਿੰਨ ਸਾਲ ਦੀ ਬੱਚੇ ਦੇ ਪੱਧਰ 'ਤੇ ਪਾਈ ਗਈ। ਉਸ ਦੀ ਮਾਂ ਬਹੁਤ ਚਿੰਤਤ ਸੀ। ਬੱਚਾ ਬਿਮਾਰ ਨਹੀਂ ਸੀ। ਕੋਈ ਅਜਿਹੀ ਬਿਮਾਰੀ ਜਾਂ ਨਿਦਾਨ ਨਹੀਂ ਸੀ ਜੋ ਇਸ ਦੀ ਵਜ?ਹਾ ਸਮਝਾ ਸਕੇ। ਪਰ ਜਦੋਂ ਅਸੀਂ ਕੋਵਿਡ-19 ਦੇ ਪਿਛਲੇ ਦੋ ਵਰ੍ਹਿਆਂ ਬਾਰੇ ਗੱਲ ਕੀਤੀ, ਤਾਂ ਤਸਵੀਰ ਸਪਸ਼ਟ ਹੋਣ ਲੱਗੀ। ਲੰਬੇ ਲੌਕਡਾਊਨ ਕਾਰਨ ਸਕੂਲ ਬੰਦ ਰਹੇ; ਉਹ ਜ਼ਿਆਦਾਤਰ ਸਮਾਂ ਘਰ 'ਤੇ ਰਹੀ; ਖੇਡ ਦੀ ਥਾਂ ਸਕ੍ਰੀਨ ਨੇ ਲੈ ਲਈ ਅਤੇ ਭੋਜਨ ਪਹਿਲਾਂ ਦੀ ਤੁਲਨਾ ਵਿੱਚ ਵੱਧ ਸਾਧਾਰਨ ਅਤੇ ਸੀਮਤ ਹੋ ਗਏ। ਉਨ੍ਹਾਂ ਸ਼ਾਂਤ ਵਰ੍ਹਿਆਂ ਵਿੱਚ ਉਸ ਦੇ ਦਿਮਾਗ ਨੂੰ ਉਹ ਸਭ ਨਹੀਂ ਮਿਲ ਪਾਇਆ ਜਿਸ ਦੀ ਉਸ ਨੂੰ ਵਧਣ ਦੇ ਲਈ ਜ਼ਰੂਰਤ ਸੀ। ਉਹ ਕੋਈ ਅਪਵਾਦ ਨਹੀਂ ਸੀ। ਵੱਖ-ਵੱਖ ਕਲੀਨਿਕਾਂ ਵਿੱਚ ਬਾਲ ਰੋਗ ਮਾਹਿਰ ਅਤੇ ਵਿਕਾਸ ਮਾਹਿਰ ਇੱਕ ਹੀ ਤਰ੍ਹਾਂ ਦੀ ਸਥਿਤੀ ਦੇਖ ਰਹੇ ਸਨ- ਅਜਿਹੇ ਬੱਚੇ ਜੋ ਸਰੀਰਕ ਤੌਰ 'ਤੇ ਤੰਦਰੁਸਤ ਸਨ, ਪਰ ਵਿਕਾਸ ਵਿੱਚ ਪਿੱਛੇ ਰਹਿ ਗਏ ਸਨ। ਇਹ ਵਾਇਰਸ ਦੀ ਵਜ?ਹਾ ਨਾਲ ਨਹੀਂ ਸੀ, ਸਗੋਂ ਉਸ ਦੇ ਬਾਅਦ ਪੈਦਾ ਹੋਈਆਂ ਸਥਿਤੀਆਂ ਦੀ ਵਜ?ਹਾ ਨਾਲ ਸੀ।

ਵਿਸ਼ਵ ਸਿਹਤ ਸੰਗਠਨ ਦੇ ਮੁਤਾਬਕ, ਦਿਮਾਗ ਦਾ 90% ਵਿਕਾਸ ਪੰਜ ਵਰ੍ਹੇ ਦੀ ਉਮਰ ਤੋਂ ਪਹਿਲਾਂ ਹੀ ਹੋ ਜਾਂਦਾ ਹੈ, ਜਿਸ ਨਾਲ ਸ਼ੁਰੂਆਤੀ ਵਰ੍ਹੇ ਬੱਚੇ ਦੇ ਬੋਧਾਤਮਕ, ਭਾਵਨਾਤਮਕ ਅਤੇ ਸਮਾਜਿਕ ਭਵਿੱਖ ਨੂੰ ਆਕਾਰ ਦੇਣ ਦਾ ਸਭ ਤੋਂ ਵੱਡਾ ਮੌਕਾ ਬਣ ਜਾਂਦੇ ਹਨ । ਇਸ ਦੌਰਾਨ ਬਣਨ ਵਾਲੇ ਤੰਤੂ ਸੰਪਰਕ ਸਿੱਖਣ, ਭਾਸ਼ਾ, ਯਾਦਦਾਸ਼ਤ ਅਤੇ ਜੀਵਨ ਭਰ ਲਚਕੀਲੇਪਣ ਨੂੰ ਮਜ਼ਬੂਤ ਕਰਦੇ ਹਨ। ਇਸ ਮਿਆਦ ਵਿੱਚ ਸਹੀ ਪੋਸ਼ਣ ਪ੍ਰਾਪਤ ਕਰਨਾ ਸਭ ਤੋਂ ਸ਼ਕਤੀਸ਼ਾਲੀ ਨਿਵੇਸ਼ਾਂ ਵਿੱਚੋਂ ਇੱਕ ਹੈ ਜੋ ਅਸੀਂ ਕਰ ਸਕਦੇ ਹਾਂ। ਆਇਰਨ, ਜ਼ਿੰਕ ਅਤੇ ਸੇਲੇਨਿਯਮ ਜਿਹੇ ਸੂਖਮ ਪੋਸ਼ਕ ਤੱਤ, ਜਿਨ੍ਹਾਂ ਨੂੰ ਅਕਸਰ ਤੰਤੂ ਪੋਸ਼ਕ ਤੱਤ ਕਿਹਾ ਜਾਂਦਾ ਹੈ, ਸਿਹਤਮੰਦ ਦਿਮਾਗ ਵਿਕਾਸ ਅਤੇ ਕਾਰਜ ਦੇ ਲਈ ਜ਼ਰੂਰੀ ਹਨ। ਫਿਰ ਵੀ ਅੰਕੜੇ ਇੱਕ ਚਿੰਤਾਜਨਕ ਕਹਾਣੀ ਦੱਸਦੇ ਹਨ। ਸਿਰਫ ਆਇਰਨ ਦੀ ਕਮੀ ਭਾਰਤ ਵਿੱਚ ਪੰਜ ਵਰ੍ਹੇ ਤੋਂ ਘੱਟ ਉਮਰ ਦੇ ਲਗਭਗ 50% ਬੱਚਿਆਂ ਨੂੰ ਪ੍ਰਭਾਵਿਤ ਕਰਦੀ ਹੈ (ਐੱਨਐੱਫਐੱਚਐੱਸ-5)। ਪੰਜ ਵਰ੍ਹੇ ਤੋਂ ਘੱਟ ਉਮਰ ਦੇ 67.1% ਬੱਚਿਆਂ ਵਿੱਚ ਅਨੀਮੀਆ ਦਰਜ ਕੀਤਾ ਗਿਆ, ਜੋ ਪਿਛਲੇ ਸਰਵੇਖਣ ਤੋਂ ਵੱਧ ਹੈ। 12-59 ਮਹੀਨੇ ਦੀ ਉਮਰ ਦੇ ਬੱਚਿਆਂ ਦੇ ਰਾਸ਼ਟਰੀ ਪੱਧਰ 'ਤੇ ਪ੍ਰਤੀਨਿਧੀ ਵਿਸ਼ਲੇਸ਼ਣ ਸਹਿਤ ਹਾਲ ਹੀ ਦੇ ਸਬੂਤਾਂ ਤੋਂ ਪਤਾ ਚਲਿਆ ਹੈ ਕਿ 60% ਤੋਂ ਵੱਧ ਬੱਚਿਆਂ ਵਿੱਚ ਅਨੀਮੀਆ ਦੇ ਨਾਲ ਜਾਂ ਉਸ ਦੇ ਬਿਨਾ ਸੂਖਮ ਪੋਸ਼ਕ ਤੱਤ ਦੀ ਕਮੀ ਸੀ। ਇਹ ਸਿਰਫ ਹੀਮੋਗਲੋਬਿਨ ਦੀ



ਸੰਖਿਆ ਤੋਂ ਕਿਤੇ ਵੱਧ ਵਿਆਪਕ ਪੋਸ਼ਣ ਸਬੰਧੀ ਮੰਤਰ ਵੱਲ ਇਸ਼ਾਰਾ ਕਰਦਾ ਹੈ। ਡੋਕੋਸਾਹੇਕਸਾਨੋਇਕ ਐਸਿਡ (ਡੀਐੱਚਏ), ਇੱਕ ਓਮੇਗਾ-3 ਫੈਟੀ ਐਸਿਡ, ਦਿਮਾਗ ਦੇ ਬੁਨਿਆਦੀ ਢਾਂਚੇ, ਯਾਦਦਾਸ਼ਤ ਨਿਰਮਾਣ ਅਤੇ ਦ੍ਰਿਸ਼ ਵਿਕਾਸ ਵਿੱਚ ਸਹਾਇਕ ਹੁੰਦਾ ਹੈ। ਕੋਲੀਨ, ਇੱਕ ਹੋਰ ਜ਼ਰੂਰੀ ਪੋਸ਼ਕ ਤੱਤ, ਹੁਣ ਦਿਮਾਗ ਦੇ ਵਿਕਾਸ ਦੇ ਲਈ ਲਾਜ਼ਮੀ ਮੰਨਿਆ ਜਾਂਦਾ ਹੈ। ਜਦੋਂ ਮਾਵਾਂ ਗਰਭਵਾਤ ਦੌਰਾਨ ਕੋਲੀਨ ਦਾ ਸੇਵਨ ਕਰਦੀਆਂ ਹਨ, ਤਾਂ ਇਹ ਤੰਦਰੁਸਤ ਜੀਨ ਗਤੀਵਿਧੀ ਅਤੇ ਸੈੱਲ ਬਣਤਰ, ਅਤੇ ਦਿਮਾਗ ਦੇ ਪ੍ਰਮੁੱਖ ਖੇਤਰਾਂ - ਜਿਨ੍ਹਾਂ ਵਿੱਚ ਯਾਦ ਅਤੇ ਚਿੰਤਨ ਦੇ ਲਈ ਜ਼ਿੰਮੇਦਾਰ ਖੇਤਰ ਸ਼ਾਮਲ ਹਨ- ਦੇ ਵਿਕਾਸ ਵਿੱਚ ਸਹਾਇਕ ਹੁੰਦਾ ਹੈ। ਇਹ ਪੋਸ਼ਕ ਤੱਤ ਬੱਚੇ ਦੇ ਆਹਾਰ ਵਿੱਚ ਵਿਕਲਪਿਕ ਨਹੀਂ ਹਨ, ਸਗੋਂ ਉਨ੍ਹਾਂ ਦੀ ਸਮਰੱਥਾ ਦੇ ਮੂਲਭੂਤ ਹਨ।

ਬੱਚੇ ਦੇ ਜੀਵਨ ਵਿੱਚ ਮਹੱਤਵਪੂਰਨ ਪੋਸ਼ਣ ਸਬੰਧੀ ਦਖਲਅੰਦਾਜ਼ੀ ਜਨਮ ਤੋਂ ਪਹਿਲਾਂ ਹੀ ਸ਼ੁਰੂ ਹੋ ਜਾਂਦੀ ਹੈ। ਦਿਮਾਗ ਦਾ ਵਿਕਾਸ ਭਰੂਣ ਅਵਸਥਾ ਵਿੱਚ ਹੀ ਸ਼ੁਰੂ ਹੋ ਜਾਂਦਾ ਹੈ, ਅਤੇ ਮਾਂ ਦੀ ਪੋਸ਼ਣ ਸਥਿਤੀ ਸਿੱਧੇ ਤੌਰ 'ਤੇ ਉਸ ਤੰਤੂ ਅਧਾਰ ਨੂੰ ਆਕਾਰ ਦਿੰਦੀ ਹੈ ਜਿਸ ਨਾਲ ਬੱਚਾ ਜਨਮ ਲੈਂਦਾ ਹੈ। ਡੀਐੱਚਏ ਗਰਭ ਵਿੱਚ ਤੰਤੂ ਸੰਪਰਕ ਨੂੰ ਸਹਾਰਾ ਦਿੰਦਾ ਹੈ; ਗਰਭਅਵਸਥਾ ਦੌਰਾਨ ਆਇਰਨ ਅਤੇ ਫੋਲਿਕ ਐਸਿਡ ਦੀ ਵਰਤੋਂ ਜਨਮ ਸਮੇਂ ਘੱਟ ਵਜ਼ਨ ਅਤੇ ਵਿਕਾਸ ਵਿੱਚ ਦੇਰੀ ਦੇ ਜੋਖਮ ਨੂੰ ਘੱਟ ਕਰਦਾ ਹੈ। ਫਿਰ ਵੀ, ਭਾਰਤ ਵਿੱਚ ਸਿਰਫ਼ 44% ਗਰਭਵਤੀ ਮਹਿਲਾਵਾਂ ਨੇ ਸਿਫਾਰਸ਼ ਕੀਤੀਆਂ 180 ਜਾਂ ਉਸ ਤੋਂ ਵੱਧ ਦਿਨਾਂ ਤੱਕ ਆਇਰਨ-ਫੋਲਿਕ ਐਸਿਡ ਸਪਲੀਮੈਂਚਸ ਦੀ ਵਰਤੋਂ ਕੀਤੀ (ਐੱਨਐੱਫਐੱਚਐੱਸ-5), ਜੋ ਇੱਕ ਬਹੁਤ ਵੱਡਾ ਅਤੇ ਟੀਚਾਬੱਧ ਕਰਨ ਯੋਗ ਮੌਕਾ ਪੇਸ਼ ਕਰਦਾ ਹੈ।

ਇਹੀ ਕਾਰਨ ਹੈ ਕਿ ਕਿਸ਼ੌਰੀਆਂ ਵਿੱਚ ਨਿਵੇਸ਼ ਕਰਨਾ ਅਗਲੀ ਪੀੜ੍ਹੀ ਵਿੱਚ ਨਿਵੇਸ਼ ਕਰਨਾ ਹੈ। ਇੱਕ ਸਿਹਤਮੰਦ ਲੜਕੀ ਸਿਹਤਮੰਦ ਮਾਂ ਬਣਦੀ ਹੈ, ਅਤੇ ਇੱਕ ਸਿਹਤਮੰਦ ਮਾਂ ਆਪਣੇ ਬੱਚੇ ਨੂੰ ਸਰਵੋਤਮ ਸੰਭਵ ਸ਼ੁਰੂਆਤ ਦਿੰਦੀ ਹੈ। ਭਾਰਤ ਵਿੱਚ 59% ਕਿਸ਼ੌਰੀਆਂ ਵਿੱਚ ਅਨੀਮੀਆ ਦੀ ਸਮੱਸਿਆ ਹੈ, ਇਸ ਲਈ ਸਕੂਲਾਂ, ਭਾਈਚਾਰਕ ਪ੍ਰੋਗਰਾਮਾਂ ਅਤੇ ਟੀਚਾਬੱਧ ਪੂਰਕ ਆਹਾਰ ਦੇ ਜ਼ਰੀਏ ਨਾਲ ਇਸ ਸਮੂਹ ਨੂੰ ਤਰਜੀਹ ਦੇਣਾ ਸੰਪੂਰਨ ਸਿਹਤ ਸੰਭਾਲ ਵਿੱਚ ਪ੍ਰਭਾਵਸ਼ਾਲੀ ਉਪਾਵਾਂ ਵਿੱਚੋਂ ਇੱਕ ਹੈ। ਹਾਲਾਂਕਿ ਪੋਸ਼ਣ ਮਹੱਤਵਪੂਰਨ ਹੈ, ਦਿਮਾਗ ਦੇ ਵਿਕਾਸ ਲਈ ਦੋ ਸਮਾਨਾਂਤਰ ਇਨਪੁਟਸ ਲਾਜ਼ਮੀ ਹਨ: ਢੁਕਵਾਂ ਪੋਸ਼ਣ ਅਤੇ ਸਮਾਜਿਕ-ਭਾਵਨਾਤਮਕ ਉਤੇਜਨਾ। ਮਹਾਮਾਰੀ ਨੇ ਇਸ ਨੂੰ ਸਸ਼ਕਤ ਤੌਰ 'ਤੇ ਪ੍ਰਦਰਸ਼ਿਤ ਕੀਤਾ। ਯੂਨੀਸੈੱਫ ਦਾ ਅਨੁਮਾਨ ਹੈ ਕਿ ਆਲਮੀ ਪੱਧਰ 'ਤੇ ਸੱਤ ਵਿੱਚੋਂ ਇੱਕ ਬੱਚੇ ਨੇ ਕੋਵਿਡ-19 ਦੇ ਦੌਰਾਨ ਵਿਕਾਸ ਜਾਂ ਸਿੱਖਣ ਵਿੱਚ ਮਹੱਤਵਪੂਰਨ ਨੁਕਸਾਨ ਦਾ ਅਨੁਭਵ ਕੀਤਾ, ਜੋ ਮੁੱਖ ਤੌਰ 'ਤੇ ਬਿਮਾਰੀ ਕਾਰਨ ਨਹੀਂ, ਸਗੋਂ ਸਾਥੀਆਂ ਨਾਲ ਮੇਲ-ਜੋਲ, ਗੱਲਬਾਤ ਅਤੇ ਖੇਡ ਦੀ ਕਮੀ ਕਾਰਨ ਹੋਇਆ। ਸਕ੍ਰੀਨ ਨੇ ਮਨੁੱਖੀ ਸੰਪਰਕ ਦਾ ਸਥਾਨ ਲੈ ਲਿਆ, ਅਤੇ ਭਾਸ਼ਾ, ਸਰੀਰਕ ਅਤੇ ਸਮਾਜਿਕ ਵਿਕਾਸ ਪ੍ਰਭਾਵਿਤ ਹੋਇਆ। ਜਵਾਬਦੇਹ ਦੇਖਭਾਲ, ਮੌਖਿਕ ਗੱਲਬਾਤ, ਸਪਰਸ਼ ਨਾਲ ਜੁੜਾਅ, ਅਤੇ ਇੱਕ ਉਤੇਜਕ ਵਾਤਾਵਰਣ ਦਿਮਾਗੀ ਪ੍ਰਣਾਲੀ ਲਈ ਬਹੁਤ ਮਹੱਤਵਪੂਰਨ ਹਨ ਅਤੇ ਸਿਹਤਮੰਦ ਦਿਮਾਗ ਦੀ ਸੰਰਚਨਾ ਦੇ ਲਈ ਜ਼ਰੂਰੀ ਹਨ। ਸ਼ੁਰੂਆਤੀ ਬਚਪਨ ਦੇ ਪ੍ਰੋਗਰਾਮ ਜੋ ਪੋਸ਼ਣ ਸਬੰਧੀ ਸਹਾਇਤਾ ਅਤੇ ਵਿਕਾਸ ਸਬੰਧੀ ਉਤੇਜਨਾ ਦੋਵਾਂ ਨੂੰ ਏਕੀਕ੍ਰਿਤ ਕਰਦੇ ਹਨ, ਅਜਿਹੇ ਪਰਿਣਾਮ ਦਿੰਦੇ ਹਨ ਜੋ ਇਨ੍ਹਾਂ ਵਿੱਚੋਂ ਕੋਈ ਵੀ ਇਕੱਲੇ ਪ੍ਰਾਪਤ ਨਹੀਂ ਕਰ ਸਕਦਾ। ਭਾਰਤ ਦਾ ਪ੍ਰੋਗਰਾਮ ਢਾਂਚਾ ਇਸ 'ਤੇ ਅਮਲ ਕਰਨ ਦੇ ਲਈ ਚੰਗੀ ਸਥਿਤੀ ਵਿੱਚ ਹੈ। ਪੋਸ਼ਣ ਅਭਿਆਨ ਅਤੇ ਪੀਐੱਮ ਪੋਸ਼ਣ ਜਿਹੇ ਪ੍ਰੋਗਰਾਮ ਪਹਿਲਾਂ ਤੋਂ ਹੀ ਦੇਸ਼ ਭਰ ਵਿੱਚ ਲੱਖਾਂ ਮਾਵਾਂ ਅਤੇ ਛੋਟੇ ਬੱਚਿਆਂ ਤੱਕ ਪਹੁੰਚ ਰਹੇ ਹਨ। ਪੋਸ਼ਣ ਪਖਵਾੜਾ ਜਿਹੀ ਪਹਿਲ ਪੋਸ਼ਣ ਦੇ ਇਰਦ-ਗਿਰਦ ਲਗਾਤਾਰ, ਭਾਈਚਾਰਕ ਪੱਧਰ 'ਤੇ ਲਾਮਬੰਦੀ ਦੀ ਸ਼ਕਤੀ ਨੂੰ ਦਰਸਾਉਂਦੀ ਹੈ। ਵੰਡ ਢਾਂਚਾ, ਜਿਸ ਵੱਚ ਆਂਗਨਵਾੜੀ ਨੈੱਟਵਰਕ, ਫਰੰਟਲਾਈਨ ਵਰਕਰ ਅਤੇ ਭਾਈਚਾਰਕ ਪੱਧਰ 'ਤੇ ਪਹੁੰਚ ਸ਼ਾਮਲ ਹੈ, ਸਥਾਪਿਤ ਹੈ। ਹੁਣ ਮੌਕਾ ਇਹ ਹੈ ਕਿ ਇਸ ਢਾਂਚੇ ਤੋਂ ਮਿਲਣ ਵਾਲੇ ਲਾਭਾਂ ਨੂੰ ਹੋਰ ਵੱਧ ਵਧਾਇਆ ਜਾਵੇ।

ਉਚਿਤ ਟ੍ਰੇਨਿੰਗ ਅਤੇ ਸਹਿਯੋਗ ਨਾਲ, ਉਹ ਸਰੀਰਕ ਵਿਕਾਸ 'ਤੇ ਨਜ਼ਰ ਰੱਖਣ ਤੋਂ ਲੈ ਕੇ ਮਾਤਾ-ਪਿਤਾ ਨੂੰ ਸ਼ੁਰੂਆਤੀ ਪ੍ਰੋਤਸਾਹਨ, ਸੰਵੇਦਨਸ਼ੀਲ ਦੇਖਭਾਲ ਅਤੇ ਬਾਲ ਵਿਕਾਸ ਪ੍ਰਥਾਵਾਂ 'ਤੇ ਮਾਰਗਦਰਸ਼ਨ ਦੇਣ ਤੱਕ ਆਪਣੀ ਭੂਮਿਕਾ ਦਾ ਵਿਸਤਾਰ ਕਰ ਸਕਦੇ ਹਨ। ਵਿਸ਼ਵ ਸਿਹਤ ਸੰਗਠਨ ਅਤੇ ਯੂਨੀਸੈੱਫ ਦੇ ਨਰਚਰਿੰਗ ਕੇਅਰ ਫਰੇਮਵਰਕ ਨੂੰ ਏਕੀਕ੍ਰਿਤ ਕਰਨਾ, ਜੋ ਪੋਸ਼ਣ, ਸਿਹਤ, ਸੁਰੱਖਿਆ, ਸ਼ੁਰੂਆਤੀ ਸਿੱਖਿਆ ਅਤੇ ਦੇਖਭਾਲ ਨੂੰ ਇੱਕ ਸੁਸੰਗਤ ਇਕਾਈ ਵਿੱਚ ਜੋੜਦਾ ਹੈ, ਇਸ ਵਿਕਾਸ ਦੇ ਲਈ ਇੱਕ ਸਪਸ਼ਟ ਅਤੇ ਵਿਗਿਆਨਕ ਰੋਡਮੈਪ ਪ੍ਰਦਾਨ ਕਰਦਾ ਹੈ। ਇਹ ਟੀਚਾ ਬੱਚਿਆਂ ਨੂੰ ਭੋਜਨ ਕਰਵਾਉਣ ਤੋਂ ਅੱਗੇ ਵਧਾ ਕੇ ਉਨ੍ਹਾਂ ਨੂੰ ਅਸਲ ਵਿੱਚ ਫਲਣ-ਫੁੱਲਣ ਵਿੱਚ ਮਦਦ ਕਰਨ ਦੇ ਵੱਲ ਲੈ ਜਾਂਦਾ ਹੈ। ਸ਼ੁਰੂਆਤੀ ਬਚਪਨੇ ਵਿੱਚ ਪੋਸ਼ਣ ਕਿਸੇ ਵੀ ਦੇਸ਼ ਲਈ ਸਭ ਤੋਂ ਵੱਧ ਲਾਭ ਦੇਣ ਵਾਲਾ ਨਿਵੇਸ਼ ਹੈ। ਜਦੋਂ ਬੱਚਿਆਂ ਨੂੰ ਉਨ੍ਹਾਂ ਦੇ ਵਿਕਸਿਤ ਹੁੰਦੇ ਦਿਮਾਗ ਲਈ ਜ਼ਰੂਰੀ ਪੋਸ਼ਕ ਤੱਤ, ਸਹੀ ਦੇਖਭਾਲ ਦਾ ਵਾਤਾਵਰਣ ਅਤੇ ਸਹੀ ਮਾਨਸਿਕ ਅਤੇ ਸਮਾਜਿਕ ਪ੍ਰੋਤਸਾਹਨ ਮਿਲਦਾ ਹੈ ਤਾਂ ਉਸ ਦਾ ਲਾਭ ਪੂਰੀ ਜ਼ਿੰਦਗੀ ਮਿਲਦਾ ਹੈ। ਅਜਿਹੇ ਬੱਚੇ ਬਿਹਤਰ ਵਿਦਿਆਰਥੀ ਬਣਦੇ ਹਨ, ਅੱਗੇ ਚੱਲ ਕੇ ਵਧੇਰੇ ਸਮਰੱਥ ਅਤੇ ਉਤਪਾਦਕ ਨਾਗਰਿਕ ਬਣਦੇ ਹਨ, ਅਤੇ ਸਮਾਜ ਵੀ ਵਧੇਰੇ ਮਜ਼ਬੂਤ ਅਤੇ ਸਮਰੱਥ ਬਣਦਾ ਹੈ। ਭਾਰਤ ਕੋਲ ਵਿਕਸਿਤ ਭਾਰਤ ਦਾ ਸੁਪਨਾ ਹੈ। ਉਸ ਕੋਲ ਵਿਵਸਥਾਵਾਂ ਹਨ। ਉਸ ਕੋਲ ਵਿਗਿਆਨ ਹੈ। ਹੁਣ ਜ਼ਰੂਰਤ ਇਸ ਗੱਲ ਦੀ ਹੈ ਕਿ ਸ਼ੁਰੂਆਤੀ ਬਚਪਨ ਦੇ ਪੋਸ਼ਣ ਨੂੰ ਸਿਰਫ਼ ਭਲਾਈ ਯੋਜਨਾਵਾਂ ਦਾ ਹਿੱਸਾ ਨਾ ਮੰਨਿਆ ਜਾਵੇ, ਸਗੋਂ ਉਸ ਨੂੰ ਉਸ ਬੁਨਿਆਦ ਦੇ ਰੂਪ ਵਿੱਚ ਦੇਖਿਆ ਜਾਵੇ, ਜਿਸ 'ਤੇ ਬਾਕੀ ਸਭ ਕੁਝ ਟਿਕਿਆ ਹੈ।


ਡਾ. ਸਰਥ ਗੋਪਾਲਨ

**(ਲੇਖਕ, ਨਵੀਂ ਦਿੱਲੀ ਦੇ ਮਧੁਕਰ ਰੇਨਬੋ ਚਿਲਡਰਨਸ ਹਸਪਤਾਲ ਵਿੱਚ ਪੀਡੀਆਟ੍ਰਿਕ ਗੈਸਟ੍ਰੋਐਂਟ੍ਰੋਲੌਜੀ ਦੇ ਸੀਨੀਅਰ ਸਲਾਹਕਾਰ ਅਤੇ ਨਿਊਟ੍ਰੀਸ਼ੀਅਨ ਸੋਸਾਇਟੀ ਆਫ ਇੰਡੀਆ (ਐੱਨਐੱਸਆਈ) ਦੇ ਮੁਖੀ ਹਨ।)**




# ਨਾਈਟਿੰਗੇਲ ਨਰਸਿੰਗ ਕਾਲਜ ਨਰੰਗਵਾਲ ਵਿਖੇ ਅੰਤਰਰਾਸ਼ਟਰੀ ਨਰਸਿੰਗ ਦਿਵਸ ਮਨਾਇਆ

**ਲੁਧਿਆਣਾ/ਬਿਊਰੋ**

ਨਾਈਟਿੰਗੇਲ ਕਾਲਜ ਆਫ ਨਰਸਿੰਗ ਨਰੰਗਵਾਲ ਵਿਖੇ ਨਰਸਿੰਗ ਕਿੱਤੇ ਨੂੰ ਸਮਰਪਿਤ ਅੰਤਰਰਾਸ਼ਟਰੀ ਨਰਸਿੰਗ ਦਿਵਸ ਸੰਸਥਾ ਦੇ ਚੇਅਰਮੈਨ ਡਾ. ਸਰਬਜੀਤ ਸਿੰਘ ਦੀ ਅਗਵਾਈ ਹੇਠ ਬੜੀ ਹੀ ਧੂਮਧਾਮ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਸਮਾਗਮ ਦੀ ਸ਼ੁਰੂਆਤ ਚੇਅਰਮੈਨ ਡਾ. ਸਰਬਜੀਤ ਸਿੰਘ ਨੇ ਸਮਾ ਰੌਸ਼ਨ ਕਰਕੇ ਕੀਤੀ। ਪ੍ਰਿੰਸੀਪਲ ਸਾਹਿਬ ਅਤੇ ਵਿਦਿਆਰਥੀਆਂ ਨੇ ਨਰਸਿੰਗ ਦੀਏ, ਪ੍ਰਿੰਸੀਪਲ ਅਤੇ ਸਮੂਹ ਸਟਾਫ ਵੱਲੋਂ ਨਾਈਟਿੰਗੇਲ ਦੇ ਜਨਮ ਦਿਨ ਨੂੰ ਅੰਤਰਰਾਸ਼ਟਰੀ ਨਰਸ ਦਿਵਸ ਵਜੋਂ ਮਨਾਉਣ ਸਬੰਧੀ ਅਤੇ ਨਰਸਿੰਗ ਕਿੱਤੇ ਬਾਰੇ ਲੋੜੀਂਦੀ ਜਾਣਕਾਰੀ ਨਾਲ ਸਭ ਨੂੰ ਨਰਸਿੰਗ ਵਿਦਿਆਰਥੀਆਂ ਨੂੰ ਨਰਸਿੰਗ ਕਿੱਤੇ ਦੀ ਮਹੱਤਤਾ ਬਾਰੇ ਜਾਗਰੂਕ ਕੀਤਾ ਗਿਆ। ਇਸ ਮੌਕੇ ਵਿਦਿਆਰਥੀਆਂ ਦੇ ਪੋਸਟਰ ਮੁਕਾਬਲੇ ਅਤੇ ਵੱਖ-ਵੱਖ ਤਰ੍ਹਾਂ ਦੀਆਂ ਗਤੀਵਿਧੀਆਂ ਕਰਵਾਈਆਂ ਗਈਆਂ। ਇਸ ਦੌਰਾਨ ਨਰਸਿੰਗ ਵਿਦਿਆਰਥੀਆਂ ਨੇ ਗੁਣਾਤਮਕ ਸਿੱਖਿਆ ਅਤੇ ਕਾਲਜ ਸਹੂਲਤਾਂ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਨਰਸਿੰਗ ਕਿੱਤਾ ਸਮਾਜ ਸੇਵਾ ਦਾ ਸਭ ਤੋਂ ਵੱਡਾ ਸਾਧਨ ਹੈ ਅਤੇ ਨਰਸ ਮਰੀਜ਼ਾਂ ਦੀ ਦੇਖਭਾਲ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਇਸ ਮੌਕੇ ਕਾਲਜ ਦਾ ਸਮੂਹ ਸਟਾਫ ਹਾਜ਼ਰ ਰਿਹਾ, ਜਿਨ੍ਹਾਂ ਵਿੱਚ ਸਟਾਫ ਨਰਸ, ਸੀਨੀਅਰ ਨਰਸਿੰਗ ਸਟਾਫ, ਕਾਊਂਸਲਰ ਸਟਾਫ, ਲੈਬੋਰਟਰੀ ਸਟਾਫ, ਹਰਦੀਪ ਕੌਰ, ਅਮਨਦੀਪ ਕੌਰ, ਅਮਨਦੀਪ ਕੌਰ, ਗਗਨਦੀਪ ਸ਼ਰਮਾ, ਪਰਮਜੀਤ ਕੌਰ, ਹਰਪ੍ਰੀਤ ਕੌਰ, ਵਿਦਿਆਰਥੀ ਅਤੇ ਹੋਰ ਹਾਜ਼ਰ ਸਨ।

# ਐਨ.ਐਚ.ਏ.ਆਈ. ਨੇ ਪਾਨੀਪਤ-ਜਲੰਧਰ ਰਾਜਮਾਰਗ ਪ੍ਰੋਜੈਕਟ ਵਿਵਾਦ ਵਿੱਚ ਵਿਚੋਲਗੀ ਦਾਅਵਿਆਂ ਦਾ ਸਫਲਤਾਪੂਰਵਕ ਬਚਾਅ ਕੀਤਾ

**ਚੰਡੀਗੜ੍ਹ** : ਰਾਸ਼ਟਰੀ ਰਾਜਮਾਰਗ ਪ੍ਰੋਜੈਕਟਾਂ ਵਿੱਚ ਜਨਤਕ ਫੰਡ ਬਚਾਉਂਦੇ ਹੋਏ, ਭਾਰਤੀ ਰਾਸ਼ਟਰੀ ਰਾਜਮਾਰਗ ਅਥਾਰਿਟੀ- ਐਨ.ਐਚ.ਏ.ਆਈ. ਨੇ ਰਾਸ਼ਟਰੀ ਰਾਜਮਾਰਗ-44 ਦੇ ਪਾਨੀਪਤ-ਜਲੰਧਰ ਸੈਕਸ਼ਨ ਨਾਲ ਸਬੰਧਿਤ ਦੋ ਮੁੱਖ ਆਰਬਿਟ੍ਰੇਸ਼ਨ ਮਾਮਲਿਆਂ ਵਿੱਚ ਆਪਣੇ ਪੱਖ ਦਾ ਸਫਲਤਾਪੂਰਵਕ ਬਚਾਅ ਕੀਤਾ ਹੈ। ਇਨ੍ਹਾਂ ਵਿਵਾਦਾਂ ਵਿੱਚ ਰਿਆਇਤਧਾਰਕਾਂ ਦੇ ਰਾਸ਼ਟਰੀ ਰਾਜਮਾਰਗ ਪ੍ਰੋਜੈਕਟ ਦੇ ਲਾਗੂਕਰਨ ਅਤੇ ਸੰਚਾਲਨ ਨਾਲ ਸਬੰਧਿਤ ਐਨ.ਐਚ.ਏ.ਆਈ. ਦੇ ਵਿਰੁੱਧ ਉੱਚ ਮੁੱਲ ਦਾਅਵੇ ਸ਼ਾਮਲ ਸਨ। ਦੋਵੇਂ ਆਰਬਿਟ?ਰੇਸ਼ਨ ਮਾਮਲਿਆਂ ਵਿੱਚ, ਕਥਿਤ ਸੇਵਾ ਸਮਾਪਤੀ ਭੁਗਤਾਨ, ਟੋਲ ਮਾਲੀਏ ਦੇ ਨੁਕਸਾਨ ਲਈ ਮੁਆਵਜ਼ਾ, ਪ੍ਰੋਜੈਕਟ ਵਿਸਥਾਰ ਲਾਗਤ, ਮੁੱਲ ਵਾਧਾ, ਰਿਆਇਤ ਦੀ ਮਿਆਦ ਦਾ ਵਾਧਾ, ਪ੍ਰੋਜੈਕਟ ਵਿੱਚ ਦੇਰੀ ਕਾਰਨ ਹੋਏ ਨੁਕਸਾਨ ਅਤੇ ਹੋਰ ਵਿੱਤੀ ਦਾਅਵਿਆਂ ਸਮੇਤ 8,375 ਕਰੋੜ ਰੁਪਏ ਤੋਂ ਵੱਧ ਦੇ ਦਾਅਵੇ ਕੀਤੇ ਗਏ ਸਨ। ਵਿਆਪਕ ਸੁਣਵਾਈ ਅਤੇ ਇਕਰਾਰਨਾਮੇ ਦੇ ਪ੍ਰਬੰਧਾਂ, ਤਕਨੀਕੀ ਰਿਕਾਰਡ, ਸਬੂਤਾਂ ਅਤੇ ਮਾਹਿਰਾਂ ਦੀ ਰਾਏ ਬਾਰੇ ਵਿਸਥਾਰ ਸਹਿਤ ਗੌਰ ਕਰਨ ਤੋਂ ਬਾਅਦ, ਮਾਣਯੋਗ ਆਰਬਿਟ੍ਰਲ ਟ੍ਰਿਬਿਊਨਲ ਨੇ ਐਨ.ਐਚ.ਏ.ਆਈ. ਦੀਆਂ ਕਈ ਮਹੱਤਵਪੂਰਨ ਦਲੀਲਾਂ ਨੂੰ ਸਹੀ ਠਹਿਰਾਉਂਦੇ ਹੋਏ ਉਸ ਦੇ ਪੱਖ ਵਿੱਚ ਅੰਤਿਮ ਫੈਸਲਾ ਦਿੱਤਾ। ਪਹਿਲੀ ਆਰਬਿਟ੍ਰੇਸ਼ਨ ਪ੍ਰੋਸੀਡਿੰਗ ਵਿੱਚ, ਰਿਆਇਤ ਸਮਝੌਤੇ ਦੇ ਤਹਿਤ ਟੋਲ ਵਸੂਲੀ ਵਿੱਚ ਕਥਿਤ ਨੁਕਸਾਨ, ਮੌਕੇ ਦਾ ਨੁਕਸਾਨ, ਸੇਵਾ ਸਮਾਪਤੀ ਭੁਗਤਾਨ ਅਤੇ ਕਾਰਜਖੇਤਰ ਵਿੱਚ ਤਬਦੀਲੀ ਸਬੰਧੀ ਵਿਵਾਦਾਂ ਵਿੱਚ 5,443 ਕਰੋੜ ਰੁਪਏ ਤੋਂ ਵੱਧ ਦੇ ਮੁਆਵਜ਼ੇ ਦੇ ਦਾਅਵੇ ਕੀਤੇ ਗਏ ਸਨ। ਐੱਨਐੱਚਏਆਈ ਨੇ ਇਨ੍ਹਾਂ ਦਾਅਵਿਆਂ ਦਾ ਜ਼ੋਰਦਾਰ ਖੰਡਨ ਕਰਦੇ ਹੋਏ ਕਿਹਾ ਕਿ ਇਕਰਾਰਨਾਮੇ ਦੀ ਸਮਾਪਤੀ ਵੈਧ ਸੀ ਅਤੇ ਇਹ ਰਿਆਇਤਧਾਰਕ ਦੀ ਚੂਕ ਅਤੇ ਕਮੀਆਂ ਕਾਰਨ ਹੋਈ। ਵਿਸਤ੍ਰਿਤ ਨਿਰਣੇ ਤੋਂ ਬਾਅਦ, ਮਾਣਯੋਗ ਆਰਬਿਟ੍ਰਲ ਟ੍ਰਿਬਿਊਨਲ ਨੇ ਐੱਨਐੱਚਏਆਈ ਦੇ ਵਿਰੁੱਧ ਮੁਦਰਾ ਸਬੰਧੀ ਦਾਅਵੇ ਖਾਰਿਜ ਕਰ ਦਿੱਤੇ। ਟ੍ਰਿਬਿਊਨਲ ਨੇ ਇਕਰਾਰਨਾਮਿਆਂ ਦੀਆਂ ਸ਼ਰਤਾਂ ਦੀ ਉਲੰਘਣਾ, ਪ੍ਰੋਜੈਕਟ ਦੀਆਂ ਜ਼ਿੰਮੇਵਾਰੀਆਂ ਅਤੇ ਲਾਗਤ ਦੇਣਦਾਰੀਆਂ ਨਾਲ ਸਬੰਧਿਤ ਐੱਨਐੱਚਏਆਈ ਦੇ ਕਈ ਜਵਾਬੀ ਦਾਅਵਿਆਂ ਅਤੇ ਬਚਾਅ ਨੂੰ ਵੀ ਸਵੀਕਾਰ ਕੀਤਾ। ਦਾਅਵਿਆਂ ਅਤੇ ਜਵਾਬੀ ਦਾਅਵਿਆਂ 'ਤੇ ਸੁਣਵਾਈ ਤੋਂ ਬਾਅਦ, ਟ੍ਰਿਬਿਊਨਲ ਨੇ ਆਪਣੇ ਅੰਤਿਮ ਫੈਸਲੇ ਵਿੱਚ ਐੱਨਐੱਚਏਆਈ ਦੇ ਪੱਖ ਵਿੱਚ ਵਿਆਜ ਸਮੇਤ ਲਗਭਗ 115.73 ਕਰੋੜ ਰੁਪਏ ਦਾ ਫੈਸਲ ਸੁਣਾਇਆ। ਦੂਜੇ ਆਰਬਿਟ੍ਰੇਸ਼ਨ ਮਾਮਲੇ ਵਿੱਚ 2,931.79 ਕਰੋੜ ਰੁਪਏ ਤੋਂ ਵੱਧ ਦੇ ਦਾਅਵੇ ਵਿੱਚ ਦਾਅਵੇਦਾਰ ਨੇ ਪ੍ਰੋਜੈਕਟ ਲਾਗੂਕਰਨ ਦੇ ਦੌਰਾਨ ਕਥਿਤ ਦੇਰੀ ਕਾਰਨ ਹੋਏ ਨੁਕਸਾਨ, ਲਾਗਤ ਵਿੱਚਾ ਵਾਧਾ, ਪ੍ਰੋਜੈਕਟ ਨੂੰ ਲੰਬਾ ਖਿੱਚਣ ਨਾਲ ਸਬੰਧਿਤ ਖਰਚ, ਅਕਿਰਿਆਸ਼ੀਲਤਾ ਦੇ ਖਰਚਿਆਂ ਅਤੇ ਹੋਰ ਵਿੱਤੀ ਪ੍ਰਭਾਵਾਂ ਲਈ ਮੁਆਵਜ਼ੇ ਦੀ ਮੰਗ ਕੀਤੀ ਗਈ ਸੀ। ਐੱਨਐੱਚਏਆਈ ਨੇ ਇਕਰਾਰਨਾਮੇ ਦੇ ਅਧਿਕਾਰ ਨਾ ਹੋਣ, ਨਾਕਾਫ਼ੀ ਸਹਾਇਕ ਸਬੂਤ, ਕਾਰਨ ਦੱਸਣ ਵਿੱਚ ਅਸਫਲ ਰਹਿਣ ਅਤੇ ਇਕਰਾਰਨਾਮੇ ਦੀਆਂ ਪ੍ਰਕਿਰਿਆਵਾਂ ਅਤੇ ਦਸਤਾਵੇਜ਼ੀ ਜ਼ਰੂਰਤਾਂ ਦੀ ਪਾਲਣਾ ਨਾ ਕਰਨ ਦਾ ਹਵਾਲਾ ਦਿੰਦੇ ਹੋਏ ਇਨ੍ਹਾਂ ਦਾਅਵਿਆਂ ਦਾ ਪੂਰੀ ਤਰ੍ਹਾਂ ਨਾਲ ਵਿਰੋਧ ਕੀਤਾ ਗਿਆ। ਮਾਮਲੇ ਬਾਰੇ ਵਿਚਾਰ ਕਰਨ ਤੋਂ ਬਾਅਦ, ਮਾਣਯੋਗ ਟ੍ਰਿਬਿਊਨਲ ਨੇ ਐੱਨਐੱਚਏਆਈ ਵਿਰੁੱਧ ਦਾਅਵਿਆਂ ਨੂੰ ਕਾਫੀ ਹੱਦ ਤੱਕ ਖਾਰਿਜ ਕਰ ਦਿੱਤਾ ਅਤੇ ਰਾਸ਼ਟਰੀ ਰਾਜਮਾਰਗ ਅਥਾਰਿਟੀ ਦੇ ਮੁੱਖ ਜਵਾਬੀ ਦਾਅਵਿਆਂ ਨੂੰ ਬਰਕਰਾਰ ਰੱਖਿਆ। ਰਾਸ਼ੀ ਸਮਾਯੋਜਨ ਅਤੇ ਭਰਪਾਈ ਤੋਂ ਬਾਅਦ, ਟ੍ਰਿਬਿਊਨਲ ਨੇ ਐਨ.ਐਚ.ਏ.ਆਈ. ਦੇ ਪੱਖ ਵਿੱਚ ਲਗਭਗ 704.23 ਕਰੋੜ ਰੁਪਏ ਦੀ ਰਾਸ਼ੀ ਪ੍ਰਦਾਨ ਕਰਨ ਦਾ ਫੈਸਲਾ ਸੁਣਾਇਆ। ਇਸ ਤੋਂ ਪਹਿਲਾਂ, ਭਾਰਤੀ ਰਾਸ਼ਟਰੀ ਰਾਜਮਾਰਗ ਅਥਾਰਿਟੀ ਨੇ ਗੁਜਰਾਤ ਵਿੱਚ ਐੱਨਐੱਚ-48 ਦੇ ਕਾਮਰੇਜ-ਚਲਥਾਨ ਸੈਕਸ਼ਨ ਦੇ ਛੇ ਲੇਨ ਦੇ ਨਿਰਮਾਣ ਨਾਲ ਸਬੰਧਿਤ ਇੱਕ ਹੋਰ ਆਰਬਿਟ੍ਰੇਸ਼ਨ ਮਾਮਲੇ ਦਾ ਸਫਲਤਾਪੂਰਵਕ ਬਚਾਅ ਕੀਤਾ ਸੀ, ਜਿਸ ਨਾਲ ਜਨਤਕ ਪੈਸੇ ਦੀ ਕਾਫੀ ਬੱਚਤ ਹੋਈ ਸੀ। ਠੇਕੇਦਾਰ ਦੇ ਲਗਭਗ 174.49 ਕਰੋੜ ਰੁਪਏ ਦੇ ਦਾਅਵਿਆਂ 'ਤੇ ਆਰਬਿਟ?ਰਲ ਟ੍ਰਿਬਿਊਨਲ ਨੇ ਮਾਮਲੇ ਦੇ ਨਿਪਟਾਰੇ ਲਈ ਸਿਰਫ਼ 54 ਲੱਖ ਰੁਪਏ ਦਾ ਮੁਆਵਜ਼ਾ ਦਿੱਤਾ ਸੀ। ਰਾਸ਼ਟਰੀ ਰਾਜਮਾਰਗ ਪ੍ਰੋਜੈਕਟ ਲਾਗੂਕਰਨ ਸਬੰਧੀ ਆਰਬਿਟ?ਰੇਸ਼ਨ ਮਾਮਲਿਆਂ ਵਿੱਚ ਮਿਲੀਆਂ ਸਫਲਤਾਵਾਂ ਨਾਲ ਜਨਤਕ ਫੰਡਾਂ ਦੀ ਸੁਰੱਖਿਆ, ਇਕਰਾਰਨਾਮੇ ਦੀਆਂ ਜ਼ਿੰਮੇਵਾਰੀਆਂ ਦੀ ਸਖ਼ਤੀ ਨਾਲ ਪਾਲਣਾ ਅਤੇ ਐਨ.ਐਚ.ਏ.ਆਈ. ਦਾ ਇਕਸਾਰ ਦ੍ਰਿਸ਼ਟੀਕੋਣ ਮਜ਼ਬੂਤ ਹੁੰਦਾ ਹੈ।

# ਸ਼ਹੀਦ ਸੁਖਦੇਵ ਦੇ ਜੱਦੀ ਘਰ ਤੱਕ ਸਿੱਧੀ ਪਹੁੰਚ ਸੜਕ ਦਾ ਕੀਤਾ ਉਦਘਾਟਨ

**ਲੁਧਿਆਣਾ/ਵਾਸੂ ਜੇਤਲੀ-ਇੰਦਰਜੀਤ**



ਵਧੀਕ ਡਿਪਟੀ ਕਮਿਸ਼ਨਰ (ਜ) ਪੂਨਮ ਸਿੰਘ ਨੇ ਸ਼ੁੱਕਰਵਾਰ ਨੂੰ ਮਹਾਨ ਆਜ਼ਾਦੀ ਘੁਲਾਟੀਏ ਸ਼ਹੀਦ ਸੁਖਦੇਵ ਜੀ ਨੂੰ ਉਨ੍ਹਾਂ ਦੇ ਜਨਮ ਦਿਵਸ ਮੌਕੇ ਮੁਹੱਲਾ ਨੌਘਰਾ ਵਿਖੇ ਉਨ੍ਹਾਂ ਦੇ ਜੱਦੀ ਘਰ ਵਿਖੇ ਸ਼ਰਧਾ ਦੇ ਫੁੱਲ ਭੇਟ ਕੀਤੇ। ਸ਼ਹੀਦ ਸੁਖਦੇਵ ਥਾਪਰ ਮੈਮੋਰੀਅਲ ਟਰੱਸਟ ਦੇ ਰਾਸ਼ਟਰੀ ਪ੍ਰਧਾਨ ਅਸ਼ੋਕ ਥਾਪਰ ਅਤੇ ਤ੍ਰਿਭੁਵਨ ਥਾਪਰ ਦੇ ਨਾਲ ਵਧੀਕ ਡਿਪਟੀ ਕਮਿਸ਼ਨਰ ਪੂਨਮ ਸਿੰਘ ਨੇ ਚੌੜਾ ਬਾਜ਼ਾਰ ਤੋਂ ਸ਼ਹੀਦ ਦੇ ਜੱਦੀ ਘਰ ਤੱਕ ਸਿੱਧੀ ਪਹੁੰਚ ਸੜਕ ਦਾ ਰਸਮੀ ਉਦਘਾਟਨ ਵੀ ਕੀਤਾ। ਇਸ ਮੌਕੇ ਬੋਲਦਿਆਂ ਵਧੀਕ ਡਿਪਟੀ ਕਮਿਸ਼ਨਰ ਪੂਨਮ ਸਿੰਘ ਨੇ ਕਿਹਾ ਕਿ ਸ਼ਹੀਦ ਸੁਖਦੇਵ ਜੀ, ਸ਼ਹੀਦ ਭਗਤ ਸਿੰਘ ਜੀ ਅਤੇ ਸ਼ਹੀਦ ਰਾਜਗੁਰੂ ਜੀ ਨੇ ਦੇਸ਼ ਲਈ ਮਹਾਨ ਕੁਰਬਾਨੀ ਦਿੱਤੀ ਅਤੇ ਦੇਸ਼ ਹਮੇਸ਼ਾ ਉਨ੍ਹਾਂ ਦਾ ਰਿਣੀ ਰਹੇਗਾ। ਉਨ੍ਹਾਂ ਕਿਹਾ ਕਿ ਧਰਤੀ ਦੇ ਇਨ੍ਹਾਂ ਮਹਾਨ ਸਪੂਤਾਂ ਨੇ ਭਾਰਤ ਨੂੰ ਵਿਦੇਸ਼ੀ ਸਾਮਰਾਜਵਾਦ ਦੇ ਬੰਧਨਾਂ ਤੋਂ ਮੁਕਤ ਕਰਵਾਉਣ ਲਈ ਆਪਣੀਆਂ ਜਾਨਾਂ ਵਾਰ ਦਿੱਤੀਆਂ। ਉਨ੍ਹਾਂ ਅੱਗੇ ਕਿਹਾ ਕਿ ਅਜਿਹੇ ਸ਼ਹੀਦਾਂ ਦੀਆਂ ਕੁਰਬਾਨੀਆਂ ਸਦਕਾ ਹੀ ਅੱਜ ਨਾਗਰਿਕ ਸ਼ਾਂਤੀ, ਆਜ਼ਾਦੀ ਅਤੇ ਭਾਈਚਾਰਕ ਸਾਂਝ ਦੇ ਮਾਹੌਲ ਵਿੱਚ ਰਹਿ ਰਹੇ ਹਨ। ਪੂਨਮ ਸਿੰਘ ਨੇ ਕਿਹਾ, "ਸਾਨੂੰ ਆਪਣੇ ਸ਼ਹੀਦਾਂ ਨੂੰ ਕਦੇ ਨਹੀਂ ਭੁੱਲਣਾ ਚਾਹੀਦਾ। ਉਨ੍ਹਾਂ ਨੇ ਬਹੁਤ ਛੋਟੀ ਉਮਰ ਵਿੱਚ ਆਪਣੀਆਂ ਜਾਨਾਂ ਕੁਰਬਾਨ ਕਰ ਦਿੱਤੀਆਂ ਸਨ ਅਤੇ ਹੁਣ ਹਰ ਨਾਗਰਿਕ ਦੀ ਜ਼ਿੰਮੇਵਾਰੀ ਹੈ ਕਿ ਉਹ ਰਾਸ਼ਟਰੀ ਏਕਤਾ, ਅਖੰਡਤਾ ਅਤੇ ਤਰੱਕੀ ਲਈ ਅਣਥੱਕ ਮਿਹਨਤ ਕਰੇ।"ਉਨ੍ਹਾਂ ਅੱਗੇ ਕਿਹਾ ਕਿ ਸ਼ਹੀਦ ਸੁਖਦੇਵ ਜੀ, ਸ਼ਹੀਦ ਭਗਤ ਸਿੰਘ ਜੀ ਅਤੇ ਸ਼ਹੀਦ ਰਾਜਗੁਰੂ ਜੀ ਦਾ ਜੀਵਨ, ਆਦਰਸ਼ ਅਤੇ ਦਰਸ਼ਨ ਆਉਣ ਵਾਲੀਆਂ ਪੀੜ੍ਹੀਆਂ ਨੂੰ ਪ੍ਰੇਰਿਤ ਕਰਦੇ ਰਹਿਣਗੇ। ਵਧੀਕ ਡਿਪਟੀ ਕਮਿਸ਼ਨਰ ਪੂਨਮ ਸਿੰਘ ਨੇ ਨੌਜਵਾਨਾਂ ਨੂੰ ਭ੍ਰਿਸ਼ਟਾਚਾਰ, ਨਸ਼ਾਖੋਰੀ, ਭਰੂਣ ਹੱਤਿਆ ਅਤੇ ਅਨਪੜ੍ਹਤਾ ਵਰਗੀਆਂ ਸਮਾਜਿਕ ਬੁਰਾਈਆਂ ਦੇ ਖਾਤਮੇ ਲਈ ਸਰਗਰਮੀ ਨਾਲ ਯੋਗਦਾਨ ਪਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਇਹ ਦੇਸ਼ ਦੇ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

**ਸ਼ਹੀਦ ਸੁਖਦੇਵ ਜੀ ਦੇ ਜਨਮ ਦਿਵਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਪੂਨਮ ਸਿੰਘ ਨੇ ਸ਼ਰਧਾ ਦੇ ਫੁੱਲ ਕੀਤੇ ਭੇਟ**

# ਵਿਕਸਿਤ ਵਾਈਬ੍ਰੈਂਟ ਵਿਲੇਜ ਪ੍ਰੋਗਰਾਮ 2026 ਲਈ ਰਾਸ਼ਟਰੀ ਕੁਇਜ਼ ਦਾ ਸ਼ੁਭਾਰੰਭ

## ਸਿਖਰਲੇ ਨੌਜਵਾਨ ਭਾਗੀਦਾਰ ਜੂਨ 2026 ਵਿੱਚ ਬਾਰਡਰ ਵਿਲੇਜ ਵਿਕਾਸ ਪਹਿਲ ਵਿੱਚ ਸ਼ਾਮਲ ਹੋਣਗੇ

**ਨਵੀਂ ਦਿੱਲੀ** : ਯੁਵਾ ਮਾਮਲੇ ਅਤੇ ਖੇਡ ਮੰਤਰਾਲੇ ਨੇ ਗ੍ਰਹਿ ਮੰਤਰਾਲੇ ਦੇ ਸਹਿਯੋਗ ਨਾਲ ਵਿਕਸਿਤ ਵਾਈਬ੍ਰੈਂਟ ਵਿਲੇਜ ਪ੍ਰੋਗਰਾਮ (ਵੀਵੀਵੀਪੀ) 2026 ਲਈ ਮੇਰਾ ਯੁਵਾ ਭਾਰਤ ਪੋਰਟਲ ਰਾਹੀਂ ਰਾਸ਼ਟਰੀ ਕੁਇਜ਼ ਦਾ ਸ਼ੁਭਾਰੰਭ ਕੀਤਾ ਹੈ। ਇਹ ਕੁਇਜ਼ ਜੂਨ 2026 ਵਿੱਚ ਆਯੋਜਿਤ ਹੋਣ ਵਾਲੇ ਸਰਹੱਦੀ ਪਿੰਡਾਂ ਲਈ ਸਹਿਭਾਗਿਤਾ ਪ੍ਰੋਗਰਾਮ ਵਿੱਚ ਨੌਜਵਾਨਾਂ ਦੀ ਭਾਗੀਦਾਰੀ ਲਈ ਚੋਣ ਦਾ ਪਹਿਲਾ ਪੜਾਅ ਹੈ। ਨੌਜਵਾਨਾਂ ਦੀ ਅਗਵਾਈ ਵਾਲੀ ਰਾਸ਼ਟਰੀ ਪਹਿਲ ਵਿਕਸਿਤ ਵਾਈਬ੍ਰੈਂਟ ਵਿਲੇਜ ਪ੍ਰੋਗਰਾਮ 2026 ਦਾ ਉਦੇਸ਼ ਲੇਹ-ਲਦਾਖ, ਹਿਮਾਚਲ ਪ੍ਰਦੇਸ਼ ਅਤੇ ਉੱਤਰਾਖੰਡ ਸਮੇਤ ਰਣਨੀਤਕ ਤੌਰ 'ਤੇ ਮਹੱਤਵਪੂਰਨ ਖੇਤਰਾਂ ਵਿੱਚ ਸਰਹੱਦੀ ਪਿੰਡਾਂ ਦੇ ਵਿਕਾਸ ਪ੍ਰਤੀ ਜਾਗਰੂਕਤਾ ਵਧਾਉਣਾ ਅਤੇ ਜ਼ਮੀਨੀ ਪੱਧਰ 'ਤੇ ਭਾਗੀਦਾਰੀ, ਭਾਈਚਾਰਕ ਜੁੜਾਅ ਅਤੇ ਸਭਿਆਚਾਰਕ ਆਦਾਨ-ਪ੍ਰਦਾਨ ਨੂੰ ਮਜ਼ਬੂਤ ਕਰਨਾ ਹੈ। 10 ਤੋਂ 20 ਮਈ 2026 ਤੱਕ ਆਯੋਜਿਤ ਇਸ ਔਨਲਾਈਨ ਕੁਇਜ਼ ਵਿੱਚ ਦੇਸ਼ ਭਰ ਦੇ ਯੁਵਕ ਭਾਗ ਲੈ ਸਕਦੇ ਹਨ। ਇਸ ਪਹਿਲ ਦਾ ਉਦੇਸ਼ ਭਾਗੀਦਾਰਾਂ ਨੂੰ ਵਿਕਸਿਤ ਵਾਈਬ੍ਰੈਂਟ ਵਿਲੇਜ ਪ੍ਰੋਗਰਾਮ ਦੀ ਦ੍ਰਿਸ਼ਟੀ ਅਤੇ ਉਦੇਸ਼ਾਂ ਬਾਰੇ ਜਾਗਰੂਕ ਕਰਨਾ ਹੈ ਅਤੇ ਰਾਸ਼ਟਰ ਨਿਰਮਾਣ ਅਤੇ ਸਰਹੱਦੀ ਭਾਈਚਾਰਿਆਂ ਦੇ ਵਿਕਾਸ ਵਿੱਚ ਨੌਜਵਾਨਾਂ ਦੀ ਵਧੇਰੇ ਭਾਗੀਦਾਰੀ ਨੂੰ ਉਤਸ਼ਾਹਿਤ ਕਰਨਾ ਹੈ। ਇਹ ਕੁਇਜ਼ ਭਾਗੀਦਾਰਾਂ ਲਈ ਸਰਹੱਦੀ ਪਿੰਡਾਂ ਦੇ ਪਰਿਵਰਤਨ, ਸਥਾਨਕ ਸਭਿਆਚਾਰ, ਵਾਤਾਵਰਣ ਪ੍ਰਤੀ ਜਾਗਰੂਕਤਾ, ਸ਼ਾਸਨ ਸਬੰਧੀ ਪਹਿਲਾਂ, ਭਾਈਚਾਰਕ ਭਾਗੀਦਾਰੀ ਅਤੇ ਸਰਹੱਦੀ ਖੇਤਰਾਂ ਨੂੰ ਮਜ਼ਬੂਤ ਕਰਨ ਲਈ ਸਰਕਾਰ ਦੇ ਯਤਨਾਂ ਬਾਰੇ ਜਾਣਨ ਲਈ ਇੱਕ ਪਲੈਟਫਾਰਮ ਵਜੋਂ ਕੰਮ ਕਰੇਗੀ। ਕੁਇਜ਼ ਵਿੱਚ ਸਿਖਰਲੀ ਪ੍ਰਦਰਸ਼ਨ ਕਰਨ ਵਾਲੇ ਭਾਗੀਦਾਰਾਂ ਦੀ ਯੋਗਤਾ ਅਤੇ ਫਿੱਟਨੈੱਸ ਦਾ ਮੁਲਾਂਕਣ ਕੀਤਾ ਜਾਵੇਗਾ, ਇਸ ਤੋਂ ਬਾਅਦ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਤੋਂ 500 ਮੇਰਾ ਯੁਵਾ ਭਾਰਤ ਸਵੈਸੇਵਕਾਂ ਦੀ ਚੋਣ ਕੀਤੀ ਜਾਵੇਗੀ, ਜੋ ਜੂਨ 2026 ਵਿੱਚ ਆਯੋਜਿਤ ਹੋਣ ਵਾਲੇ ਸਾਪਤਾਹਿਕ ਵਿਕਸਿਤ ਵਾਈਬ੍ਰੈਂਟ ਵਿਲੇਜ ਪ੍ਰੋਗਰਾਮ ਵਿੱਚ ਭਾਗ ਲੈਣਗੇ। ਚੁਣੇ ਗਏ ਸਵੈਸੇਵਕ ਸਰਹੱਦੀ ਪਿੰਡਾਂ ਵਿੱਚ ਜ਼ਮੀਨੀ ਪੱਧਰ ਦੇ ਕੰਮਾਂ ਅਤੇ ਭਾਈਚਾਰਕ ਸੰਪਰਕ ਗਤੀਵਿਧੀਆਂ ਵਿੱਚ ਹਿੱਸਾ ਲੈਣਗੇ। ਇਸ ਪ੍ਰੋਗਰਾਮ ਵਿੱਚ ਸਫਾਈ ਅਭਿਆਨ, ਨੌਜਵਾਨ ਸੰਵਾਦ ਪ੍ਰੋਗਰਾਮ, ਵਾਤਾਵਰਣ ਸਬੰਧੀ ਪਹਿਲਾਂ, ਸਭਿਆਚਾਰਕ ਆਦਾਨ-ਪ੍ਰਦਾਨ ਗਤੀਵਿਧੀਆਂ, ਜਾਗਰੂਕਤਾ ਅਭਿਆਨ, ਕਰੀਅਰ ਪਰਾਮਰਸ਼ ਸੈਸ਼ਨ ਅਤੇ ਧਰਾਤਲੀ ਵਿਕਾਸ ਅਤੇ ਰਾਸ਼ਟਰੀ ਏਕਤਾ 'ਤੇ ਕੇਂਦ੍ਰਿਤ ਅਨੁਭਵਾਤਮਕ ਸਿਖਿਆ ਦੇ ਮੌਕੇ ਸ਼ਾਮਲ ਹੋਣਗੇ। ਇਹ ਪਹਿਲ ਨੌਜਵਾਨਾਂ ਨੂੰ ਵਿਕਸਿਤ ਭਾਰਤ 2047 ਵਿੱਚ ਸਰਗਰਮ ਯੋਗਦਾਨਕਰਤਾ ਵਜੋਂ ਸਸ਼ਕਤ ਬਣਾਉਣ ਅਤੇ ਜੀਵੰਤ ਸਰਹੱਦੀ ਭਾਈਚਾਰਿਆਂ ਦੀ ਮਹੱਤਤਾ ਬਾਰੇ ਜਾਗਰੂਕਤਾ ਵਧਾਉਣ ਲਈ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ। ਇੱਛੁਕ ਨੌਜਵਾਨ ਮੇਰਾ ਯੁਵਾ ਭਾਰਤ ਪੋਰਟਲ ਰਾਹੀਂ ਇਸ ਕੁਇਜ਼ ਵਿੱਚ ਭਾਗ ਲੈ ਸਕਦੇ ਹਨ।

# ਪੰਜਾਬ ਟੈਲੀਕਾਮ ਸਰਕਲ, ਚੰਡੀਗੜ੍ਹ ਦੇ ਕੰਟਰੋਲਰ ਆਫ਼ ਕਮਿਊਨੀਕੇਸ਼ਨ ਅਕਾਊਂਟਸ ਦਫ਼ਤਰ ਵਿਖੇ ਕਾਨੂੰਨੀ ਸਿਖਲਾਈ ਵਰਕਸ਼ਾਪ ਦਾ ਆਯੋਜਨ

**ਚੰਡੀਗੜ੍ਹ/ਬਿਊਰੋ**

ਸੰਚਾਰ ਮੰਤਰਾਲੇ ਦੇ ਦੂਰਸੰਚਾਰ ਵਿਭਾਗ ਅਧੀਨ ਕੰਟਰੋਲਰ ਆਫ਼ ਕਮਿਊਨੀਕੇਸ਼ਨ ਅਕਾਊਂਟਸ ਦਫ਼ਤਰ, ਪੰਜਾਬ ਟੈਲੀਕਾਮ ਸਰਕਲ, ਚੰਡੀਗੜ੍ਹ ਵਿਖੇ ਕਾਨੂੰਨੀ ਢਾਂਚਾ ਅਤੇ ਅਦਾਲਤੀ ਮਾਮਲਿਆਂ ਦਾ ਪ੍ਰਭਾਵਸ਼ਾਲੀ ਪ੍ਰਬੰਧਨ ਵਿਸ਼ੇ 'ਤੇ ਇੱਕ ਕਾਨੂੰਨੀ ਸਿਖਲਾਈ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਇਸ ਵਰਕਸ਼ਾਪ ਦਾ ਉਦੇਸ਼ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਕਾਨੂੰਨੀ ਮਾਮਲਿਆਂ ਦੇ ਪ੍ਰਭਾਵਸ਼ਾਲੀ ਨਿਪਟਾਰੇ, ਨਿਆਂਇਕ ਪ੍ਰਕਿਰਿਆਵਾਂ ਦੀ ਸਮਝ, ਸਮੇਂ ਸਿਰ ਪਾਲਣਾ ਅਤੇ ਸਰਕਾਰੀ ਦਫਤਰਾਂ ਵਿੱਚ ਕਾਨੂੰਨੀ ਮਾਮਲਿਆਂ ਦੇ ਬਿਹਤਰ ਪ੍ਰਬੰਧਨ ਬਾਰੇ ਸੰਵੇਦਨਸ਼ੀਲ ਬਣਾਉਣਾ ਸੀ। ਪ੍ਰੋਗਰਾਮ ਦਾ ਉਦਘਾਟਨ ਸ਼੍ਰੀ ਵਿਜੇਂਦਰ ਐਨ. ਟੰਡਨ, ਕੰਟਰੋਲਰ ਆਫ਼ ਕਮਿਊਨੀਕੇਸ਼ਨ ਅਕਾਊਂਟਸ, ਪੰਜਾਬ ਦੁਆਰਾ ਕੀਤਾ ਗਿਆ। ਆਪਣੇ ਸੰਬੋਧਨ ਵਿੱਚ, ਉਨ੍ਹਾਂ ਨੇ ਸਰਕਾਰੀ ਦਫਤਰਾਂ ਵਿੱਚ ਕਾਨੂੰਨੀ ਮਾਮਲਿਆਂ ਦੇ ਸਮੇਂ ਸਿਰ ਅਤੇ ਪ੍ਰਭਾਵਸ਼ਾਲੀ ਪ੍ਰਬੰਧਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਨਿਆਂਇਕ ਪ੍ਰਕਿਰਿਆਵਾਂ ਅਤੇ ਕਾਨੂੰਨੀ ਪਾਲਣਾ ਬਾਰੇ ਸਹੀ ਸਮਝ, ਤਾਲਮੇਲ ਅਤੇ ਜਾਗਰੂਕਤਾ ਵਿਕਸਤ ਕਰਨ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਉਨ੍ਹਾਂ ਇਹ ਵੀ ਕਿਹਾ ਕਿ ਅਜਿਹੇ ਸਿਖਲਾਈ ਪ੍ਰੋਗਰਾਮ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਕੁਸ਼ਲਤਾ ਵਧਾਉਣ ਅਤੇ ਪ੍ਰਸ਼ਾਸਕੀ ਕੰਮਕਾਜ ਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਐਡਵੋਕੇਟ ਸ਼੍ਰੀ ਕੇ.ਕੇ. ਭਾਰਤ ਸਰਕਾਰ ਦੇ ਸੀਨੀਅਰ ਪੈਨਲ ਐਡਵੋਕੇਟ ਠਾਕੁਰ ਮੁੱਖ ਬੁਲਾਰੇ ਸਨ। ਉਨ੍ਹਾਂ ਨੇ ਕੇਂਦਰੀ ਪ੍ਰਸ਼ਾਸਕੀ ਟ੍ਰਿਬਿਊਨਲ, ਚੰਡੀਗੜ੍ਹ ਅਤੇ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਕੇਸਾਂ ਨੂੰ ਸੰਭਾਲਣ ਦਾ ਆਪਣਾ ਵਿਆਪਕ ਤਜਰਬਾ ਸਾਂਝਾ ਕੀਤਾ ਅਤੇ ਵੱਖ-ਵੱਖ ਕਾਨੂੰਨੀ ਵਿਸ਼ਿਆਂ 'ਤੇ ਵਿਸਤ੍ਰਿਤ ਜਾਣਕਾਰੀ ਪ੍ਰਦਾਨ ਕੀਤੀ। ਆਪਣੇ ਭਾਸ਼ਣ ਦੌਰਾਨ, ਉਨ੍ਹਾਂ ਨੇ ਪ੍ਰਭਾਵਸ਼ਾਲੀ ਅਦਾਲਤੀ ਕੇਸ ਪ੍ਰਬੰਧਨ, ਸਮੇਂ ਸਿਰ ਜਵਾਬ ਦਾਇਰ ਕਰਨ, ਅਪਮਾਨ ਪਟੀਸ਼ਨਾਂ ਅਤੇ ਰਿੱਟ ਪਟੀਸ਼ਨਾਂ ਨੂੰ ਸੰਭਾਲਣ, ਸਹੀ ਰਿਕਾਰਡ ਰੱਖਣ, ਵਿਭਾਗੀ ਤਾਲਮੇਲ ਅਤੇ ਕਾਨੂੰਨੀ ਪ੍ਰਕਿਰਿਆਵਾਂ ਦੇ ਵਿਹਾਰਕ ਪਹਿਲੂਆਂ ਬਾਰੇ ਵਿਸਥਾਰ ਵਿੱਚ ਦੱਸਿਆ। ਉਨ੍ਹਾਂ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਪ੍ਰਭਾਵਸ਼ਾਲੀ ਕਾਨੂੰਨੀ ਪ੍ਰਬੰਧਨ ਬੇਲੋੜੀ ਮੁਕੱਦਮੇਬਾਜ਼ੀ ਅਤੇ ਪ੍ਰਬੰਧਕੀ ਗੁੰਝਲਾਂ ਨੂੰ ਘਟਾ ਸਕਦਾ ਹੈ। ਪ੍ਰੋਗਰਾਮ ਦੇ ਅੰਤ ਵਿੱਚ, ਸੀਨੀਅਰ ਲੇਖਾ ਅਧਿਕਾਰੀ ਸ਼੍ਰੀ ਰਾਜੀਵ ਰੰਜਨ ਨੇ ਧੰਨਵਾਦ ਦਾ ਮਤਾ ਪੇਸ਼ ਕੀਤਾ। ਉਨ੍ਹਾਂ ਨੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਸਮਰੱਥਾ ਨਿਰਮਾਣ ਵਿੱਚ ਨਿਰੰਤਰ ਸਹਾਇਤਾ ਅਤੇ ਦੂਰਦਰਸ਼ੀ ਅਗਵਾਈ ਲਈ ਪੰਜਾਬ ਦੇ ਸੰਚਾਰ ਲੇਖਾ ਕੰਟਰੋਲਰ ਸ਼੍ਰੀ ਵਿਜੇਂਦਰ ਐਨ. ਟੰਡਨ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਐਡਵੋਕੇਟ ਸ਼੍ਰੀ ਕੇ.ਕੇ. ਠਾਕੁਰ ਅਤੇ ਸਾਰੇ ਭਾਗੀਦਾਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਵਰਕਸ਼ਾਪ ਸਾਰੇ ਅਧਿਕਾਰੀਆਂ ਅਤੇ ਕਰਮਚਾਰੀਆਂ ਲਈ ਬਹੁਤ ਜਾਣਕਾਰੀ ਭਰਪੂਰ ਅਤੇ ਲਾਭਦਾਇਕ ਸਾਬਤ ਹੋਈ।





# ਰਾਜਪਾਲ ਪੰਜਾਬ ਪ੍ਰਦਾਨ ਕਰਨਗੇ ਲੁਧਿਆਣਾ ਵਿੱਚ ਸਟਾਰਟਅਪ ਸਮਾਗਮ 2026 ਐਵਾਰਡ




**ਲੁਧਿਆਣਾ** : ਪੰਜਾਬ ਦੇ ਮਾਣਯੋਗ ਰਾਜਪਾਲ, ਸ਼੍ਰੀ ਗੁਲਾਬ ਚੰਦ ਕਟਾਰੀਆ, ਆਉਣ ਵਾਲੇ ਸਟਾਰਟਅਪ ਸਮਾਗਮ ਐਵਾਰਡ 2026 ਦੇ ਮੁੱਖ ਮਹਿਮਾਨ ਹੋਣਗੇ। ਇਹ ਇੱਕ ਲੀਡਰਜ਼ ਕਾਨਕਲੇਵ ਹੈ ਜੋ ਲੁਧਿਆਣਾ ਦੇ ਪਾਰਕ ਪਲਾਜ਼ਾ ਵਿੱਚ 21 ਮਈ (ਸਵੇਰੇ 10 ਵਜੇ ਤੋਂ) ਨੂੰ ਆਯੋਜਿਤ ਕੀਤਾ ਜਾਵੇਗਾ। ਸਮਾਗਮ, ਲੁਧਿਆਣਾ ਐਂਜਲਜ਼ ਨੈੱਟਵਰਕ ਦਾ ਇੱਕ ਪ੍ਰਮੁੱਖ ਪ੍ਰੋਗਰਾਮ ਹੈ, ਜਿਸ ਨੇ ਸਟਾਰਟਅਪ ਖੇਤਰ ਵਿੱਚ ਸ਼ਾਨਦਾਰ ਯੋਗਦਾਨ ਦਿੱਤਾ ਹੈ ਅਤੇ ਹੁਣ ਇਹ ਪੰਜਾਬ ਦੇ ਸਭ ਤੋਂ ਪ੍ਰਤਿਸ਼ਠਿਤ ਪ੍ਰੋਗਰਾਮਾਂ ਵਿੱਚੋਂ ਇੱਕ ਬਣ ਗਿਆ ਹੈ। ਪਿਚਿੰਗ ਅਤੇ ਚਰਚਾਵਾਂ ਦੇ ਨਾਲ-ਨਾਲ, ਇਸ ਵਿੱਚ 5 ਵੱਖ-ਵੱਖ ਸ਼੍ਰੇਣੀਆਂ ਵਿੱਚ ਇਨਾਮ ਵੀ ਦਿੱਤੇ ਜਾਂਦੇ ਹਨ। ਸਮਾਗਮ ਦੀ ਸ਼ੁਰੂਆਤ 2023 ਵਿੱਚ ਪੰਜਾਬ ਵਿੱਚ ਇੱਕ ਸੰਗਠਿਤ ਅਤੇ ਸਵਭਾਵਿਕ ਸਟਾਰਟਅਪ ਇਕੋਸਿਸਟਮ ਬਣਾਉਣ ਦੇ ਉਦੇਸ਼ ਨਾਲ ਕੀਤੀ ਗਈ ਸੀ। ਇਸ ਪ੍ਰੋਗਰਾਮ ਵਿੱਚ ਪ੍ਰਮੁੱਖ ਉਦਯੋਗ ਅਤੇ ਸਟਾਰਟਅਪ ਇੱਕ ਹੀ ਛੱਤ ਹੇਠ ਆ ਕੇ ਨਵੀਂ ਸੋਚ ਅਤੇ ਉਦਯਮਤਾ ਦੀ ਭਾਵਨਾ ਦਾ ਜਸ਼ਨ ਮਨਾਉਂਦੇ ਹਨ ਅਤੇ ਇਸ ਤਰ੍ਹਾਂ ਦੇਸ਼ ਦੇ ਲਗਾਤਾਰ ਵਿਕਸਿਤ ਹੋ ਰਹੇ ਉਦਯਮੀ ਦ੍ਰਿਸ਼ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ। ਇਸ ਮੌਕੇ ਤੇ ਬੋਲਦਿਆਂ, ਰਾਲਸਨ ਟਾਇਰਜ਼ ਦੇ ਚੇਅਰਮੈਨ ਸ਼੍ਰੀ ਸੰਜੀਵ ਪਾਹਵਾ ਨੇ ਕਿਹਾ ਕਿ ਲੁਧਿਆਣਾ ਐਂਜਲਜ਼ ਨੈੱਟਵਰਕ ਨਾਲ ਮਿਲ ਕੇ ਉਦਯਮਤਾ ਨੂੰ ਉਤਸ਼ਾਹਿਤ ਕਰਨ ਵਾਲੇ 'ਸਰਵੋਤਮ ਸੰਸਥਾਨ' ਨੂੰ ਇਨਾਮ ਦੇਣ ਵਿੱਚ ਸ਼ਾਮਲ ਹੋਣਾ ਉਨ੍ਹਾਂ ਲਈ ਬਹੁਤ ਹੀ ਖੁਸ਼ੀ ਦੀ ਗੱਲ ਹੈ। ਅੱਜ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਨ ਵਾਲੇ ਹੋਰ ਮਾਣਯੋਗ ਵਿਅਕਤੀਆਂ ਵਿੱਚ ਜੇਆਰਐਸ ਈਸਟਮੈਨ ਦੇ ਮਾਲਕ ਸ਼੍ਰੀ ਜੇ.ਆਰ. ਸਿੰਘਲ, ਯੂਐਮ ਹੋਲਡਿੰਗਜ਼ ਦੇ ਮਾਲਕ ਸ਼੍ਰੀ ਉਮੇਸ਼ ਮੁੰਜਾਲ ਅਤੇ ਸੈਂਟੇਕਸ ਇੰਟਰਨੈਸ਼ਨਲ ਦੇ ਚੇਅਰਮੈਨ ਵਿਨੀਤ ਸੂਦ ਸ਼ਾਮਲ ਸਨ। ਸਮਾਗਮ 2026 ਵਿੱਚ ਪੰਜਾਬ ਦੇ ਵਪਾਰ ਜਗਤ ਦੇ ਵੱਡੇ ਨਾਮ ਸ਼ਾਮਲ ਹੋਣਗੇ। ਵੱਖ-ਵੱਖ ਸੰਸਥਾਨ ਅਤੇ ਯੂਨੀਵਰਸਿਟੀਆਂ ਦੇ ਕੁਲਪਤੀ, ਨਿਰਦੇਸ਼ਕ, ਉਦਯੋਗਪਤੀ, ਸਟਾਰਟਅਪ ਸੰਸਥਾਪਕ, ਇਨੋਵੇਟਰ, ਅਧਿਕਾਰੀ ਅਤੇ ਨੀਤੀ ਨਿਰਮਾਤਾ ਆਦਿ ਇਸ ਇਨਾਮ ਸਮਾਰੋਹ ਦੇ ਸਾਖੀ ਬਣਨਗੇ। ਇਸ ਮੌਕੇ 300 ਤੋਂ ਵੱਧ ਲੋਕ ਸਟਾਰਟਅਪ ਇਕੋਸਿਸਟਮ ਨਾਲ ਜੁੜ ਕੇ ਪਿਚਿੰਗ ਸੁਣਨਗੇ ਅਤੇ ਉਦਯਮਤਾ ਦੀ ਭਾਵਨਾ ਦਾ ਜਸ਼ਨ ਮਨਾਉਣਗੇ। ਸਮਾਗਮ 2026 ਨੂੰ 'ਸਟਾਰਟਅਪ ਪੰਜਾਬ' ਵੱਲੋਂ ਪ੍ਰਾਯੋਜਿਤ ਕੀਤਾ ਗਿਆ ਹੈ, ਜਿਸ ਵਿੱਚ ਐਮਬੀਸੀਈ, ਆਈਸੀਆਈਸੀਆਈ ਬੈਂਕ, ਰਾਲਸਨ ਟਾਇਰਜ਼, ਈਸਟਮੈਨ ਇੰਡਸਟਰੀਜ਼, ਰਾਕਮੈਨ ਇੰਡਸਟਰੀਜ਼, ਸੈਂਟੇਕਸ ਇੰਟਰਨੈਸ਼ਨਲ ਅਤੇ ਹਾਈਵੇ ਇੰਡਸਟਰੀਜ਼ ਦਾ ਸਹਿਯੋਗ ਹੈ। "ਇਹ ਲੁਧਿਆਣਾ ਨੂੰ ਉਦਯੋਗਪਤੀਆਂ ਅਤੇ ਮੈਨੂਫੈਕਚਰਿੰਗ ਸਟਾਰਟਅਪਸ ਦਾ ਐਸਾ ਸ਼ਹਿਰ ਬਣਾਉਣ ਦੀ ਲੰਬੀ ਯਾਤਰਾ ਦੀ ਸ਼ੁਰੂਆਤ ਹੈ, ਜਿਸਦਾ ਦੇਸ਼ ਵਿੱਚ ਕੋਈ ਸਾਨੀ ਨਹੀਂ ਹੋਵੇਗਾ,"ਸਮਾਗਮ ਦੇ ਮੁੱਖ ਪ੍ਰੇਰਣਾਸਰੋਤ ਸ਼੍ਰੀ ਐਸ.ਕੇ. ਰਾਏ ਨੇ ਕਿਹਾ।

# ਵਿਜੀਲੈਂਸ ਬਿਊਰੋ ਨੇ ਦੋ ਐਸ.ਡੀ.ਓਜ਼ ਅਤੇ ਕਲਰਕ ਨੂੰ 10,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕੀਤਾ ਕਾਬੂ



**ਲੁਧਿਆਣਾ/ਬਿਊਰੋ**

ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿੰਮ ਦੌਰਾਨ, ਪੀਐਸਪੀਸੀਐਲ ਦਫ਼ਤਰ, ਲੁਧਿਆਣਾ ਵਿਖੇ ਤਾਇਨਾਤ ਐਸ.ਡੀ.ਓ. ਜਸਕਨਵਰਪ੍ਰੀਤ ਸਿੰਘ, ਐਸ.ਡੀ.ਓ. ਸ਼ਰੂਤੀ ਸ਼ਰਮਾ ਅਤੇ ਕਲਰਕ ਆਸ਼ੂ ਨੂੰ 10,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਅੱਜ ਇੱਥੇ ਰਾਜ ਵਿਜੀਲੈਂਸ ਬਿਊਰੋ ਦੇ ਇੱਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮਾਂ ਨੂੰ ਪ੍ਰਿੰਸ ਨਿਸ਼ਾਵਨ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤਕਰਤਾ ਸੋਲਰ ਸਿਸਟਮ ਲਗਾਉਣ ਦਾ ਕੰਮ ਕਰਦਾ ਹੈ। ਉਸਨੇ ਵੱਖ-ਵੱਖ ਥਾਵਾਂ 'ਤੇ 02 ਸੋਲਰ ਸਿਸਟਮ ਲਗਾਏ ਸਨ। ਪੀਐਸਪੀਸੀਐਲ ਵੱਲੋਂ ਇਨ੍ਹਾਂ ਸੋਲਰ ਸਿਸਟਮਾਂ ਦਾ ਨਿਰੀਖਣ ਕੀਤਾ ਜਾਣਾ ਸੀ ਅਤੇ ਫਿਰ ਉਨ੍ਹਾਂ 'ਤੇ ਮੀਟਰ ਲਗਾਉਣੇ ਸਨ। ਇਸ ਸਬੰਧੀ, ਮੁਲਜ਼ਮ ਐਸ.ਡੀ.ਓ. ਜਸਕਨਵਰਪ੍ਰੀਤ ਸਿੰਘ, ਐਸ.ਡੀ.ਓ. ਸ਼ਰੂਤੀ ਸ਼ਰਮਾ ਅਤੇ ਕਲਰਕ ਆਸ਼ੂ ਨੇ ਨਿਰੀਖਣ ਅਤੇ ਅਨੁਮਾਨ ਰਿਪੋਰਟ ਤਿਆਰ ਕਰਨ ਬਦਲੇ ਹਰੇਕ ਫਾਈਲ ਲਈ 10,000 ਰੁਪਏ ਭਾਵ 2 ਫਾਈਲਾਂ ਲਈ 20,000 ਰੁਪਏ ਰਿਸ਼ਵਤ ਦੀ ਮੰਗ ਕੀਤੀ। ਸ਼ਿਕਾਇਤਕਰਤਾ ਰਿਸ਼ਵਤ ਨਹੀਂ ਦੇਣਾ ਚਾਹੁੰਦਾ ਸੀ ਇਸ ਲਈ ਉਸ ਨੇ ਵਿਜੀਲੈਂਸ ਬਿਊਰੋ ਦੀ ਆਰਥਿਕ ਅਪਰਾਧ ਸ਼ਾਖਾ ਲੁਧਿਆਣਾ ਨਾਲ ਸੰਪਰਕ ਕੀਤਾ। ਉਸਦੀ ਸ਼ਿਕਾਇਤ 'ਤੇ ਮੁੱਢਲੀ ਜਾਂਚ ਤੋਂ ਬਾਅਦ, ਵਿਜੀਲੈਂਸ ਬਿਊਰੋ ਦੀ ਟੀਮ ਨੇ ਇੱਕ ਜਾਲ ਵਿਛਾਇਆ ਜਿਸ ਦੌਰਾਨ ਉਕਤ ਮੁਲਜ਼ਮਾਂ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 10,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਸਬੰਧੀ, ਉਕਤ ਮੁਲਜ਼ਮਾਂ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਵਿਜੀਲੈਂਸ ਬਿਊਰੋ ਦੀ ਆਰਥਿਕ ਅਪਰਾਧ ਸ਼ਾਖਾ ਲੁਧਿਆਣਾ ਵਿਖੇ ਮਾਮਲਾ ਦਰਜ ਕੀਤਾ ਗਿਆ ਹੈ ਅਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

# ਇਨਰਵ੍ਹੀਲ ਕਲੱਬ ਮਿਡਟਾਊਨ ਵੱਲੋਂ 25 ਟੀਬੀ ਮਰੀਜ਼ ਨੂੰ ਲਿਆ ਗੋਦ



**ਲੁਧਿਆਣਾ/ਵਾਸੂ ਜੇਤਲੀ**

ਟੀਬੀ ਮੁਕਤ ਭਾਰਤ ਨਿਕਸ਼ੇ ਮਿੱਤਰ ਪਹਿਲਕਦਮੀ ਦੇ ਤਹਿਤ ਇਨਰ ਵ?ਹੀਲ ਕਲੱਬ ਮਿਡਟਾਊਨ ਦੇ ਮੈਂਬਰਾਂ ਨੇ ਟੀਬੀ ਮੁਕਤ ਜ਼ਿਲ੍ਹੇ ਵੱਲ ਚੱਲ ਰਹੇ ਯਤਨਾਂ ਦੇ ਹਿੱਸੇ ਵਜੋਂ ਪੋਸ਼ਣ ਅਤੇ ਸਮਾਜਿਕ ਸਹਾਇਤਾ ਪ੍ਰਦਾਨ ਕਰਨ ਲਈ 25 ਟੀਬੀ ਮਰੀਜ਼ਾਂ ਨੂੰ ਗੋਦ ਲਿਆ ਹੈ। ਇਸ ਪਹਿਲਕਦਮੀ ਦੇ ਤਹਿਤ ਹੋਰ ਮਰੀਜ਼ ਵੀ ਗੋਦ ਲੈਣ ਦੀ ਯੋਜਨਾ ਵੱਖ-ਵੱਖ ਸੰਗਠਨਾਂ ਅਤੇ ਹਿੱਸੇਦਾਰਾਂ ਨਾਲ ਤਾਲਮੇਲ ਕਰਕੇ ਬਣਾਈ ਜਾ ਰਹੀ ਹੈ। ਗੋਦ ਲਏ ਗਏ ਮਰੀਜ਼ਾਂ ਨੂੰ ਪੋਸ਼ਣ ਸਹਾਇਤਾ ਕਿੱਟਾਂ ਦੀ ਵੰਡ ਦਫਤਰ ਡਿਪਟੀ ਕਮਿਸ਼ਨਰ ਲੁਧਿਆਣਾ ਦੀ ਨਿਗਰਾਨੀ ਹੇਠ ਗਈ ਤਾਂ ਜੋ ਸਹੀ ਨਿਗਰਾਨੀ ਅਤੇ ਸਮੇਂ ਸਿਰ ਸਹਾਇਤਾ ਨੂੰ ਯਕੀਨੀ ਬਣਾਇਆ ਜਾ ਸਕੇ। ਭਾਗੀਦਾਰੀ, ਸਹਾਇਤਾ ਜਾਂ ਸੰਬੰਧਿਤ ਜਾਣਕਾਰੀ ਲਈ ਇੱਕ ਸਮਰਪਿਤ ਹੈਲਪਲਾਈਨ 6361209985 'ਤੇ ਵੀ ਉਪਲਬਧ ਕਰਵਾਈ ਗਈ ਹੈ।

# ਪੰਜਾਬ ਕਾਂਗਰਸ ਨੇ ਐੱਸ. ਆਈ. ਆਰ. ਨੂੰ ਲੈ ਕੇ ਜਤਾਈਆਂ ਚਿੰਤਾਵਾਂ

**ਚੰਡੀਗੜ੍ਹ/ਬਿਊਰੋ**



ਪੰਜਾਬ ਕਾਂਗਰਸ ਨੇ ਅੱਜ ਪੰਜਾਬ ਵਿੱਚ ਚੱਲ ਰਹੀ ਵੋਟਰ ਸੂਚੀਆਂ ਦੀ ਸਪੈਸ਼ਲ ਇੰਟੈਂਸਿਵ ਰਿਵਿਜ਼ਨ (ਐੱਸਆਈਆਰ) ਪ੍ਰਕਿਰਿਆ ਨੂੰ ਲੈ ਕੇ ਆਪਣੀਆਂ ਚਿੰਤਾਵਾਂ ਅਤੇ ਸ਼ੰਕਾਵਾਂ ਜ਼ਾਹਿਰ ਕੀਤੀਆਂ। ਸਾਂਸਦ ਡਾ. ਅਮਰ ਸਿੰਘ ਦੀ ਅਗਵਾਈ ਹੇਠ ਸੀਨੀਅਰ ਪਾਰਟੀ ਆਗੂਆਂ ਦੇ ਇੱਕ ਵਫ਼ਦ, ਜਿਸ ਵਿੱਚ ਪੀਸੀਸੀ ਜਨਰਲ ਸਕੱਤਰ (ਸੰਗਠਨ) ਕੈਪਟਨ ਸੰਦੀਪ ਸੰਧੂ ਅਤੇ ਗਗਨਦੀਪ ਸਿੰਘ ਸ਼ਾਮਲ ਸਨ, ਨੇ ਅੱਜ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਵੱਲੋਂ ਬੁਲਾਈ ਗਈ ਸਰਵਦਲੀ ਬੈਠਕ ਦੌਰਾਨ ਕਈ ਮੁੱਦੇ ਉਠਾਏ। ਬਾਅਦ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਾ. ਅਮਰ ਸਿੰਘ ਅਤੇ ਕੈਪਟਨ ਸੰਧੂ ਨੇ ਦੱਸਿਆ ਕਿ ਉਨ੍ਹਾਂ ਨੇ ਹੋਰ ਰਾਜਾਂ ਤੋਂ ਪੰਜਾਬ ਵਿੱਚ ਦਰਜ ਡੁਪਲੀਕੇਟ ਵੋਟਾਂ ਦਾ ਮੁੱਦਾ ਉਠਾਇਆ। ਉਨ੍ਹਾਂ ਕਿਹਾ ਕਿ ਖ਼ਾਸ ਤੌਰ 'ਤੇ ਬਿਹਾਰ ਅਤੇ ਉੱਤਰ ਪ੍ਰਦੇਸ਼ ਦੇ ਉਹ ਵੋਟਰ, ਜਿੱਥੇ ਐੱਸਆਈਆਰ ਪ੍ਰਕਿਰਿਆ ਪਹਿਲਾਂ ਹੀ ਪੂਰੀ ਹੋ ਚੁੱਕੀ ਹੈ, ਉਨ੍ਹਾਂ ਦੀ ਪੰਜਾਬ ਦੀਆਂ ਵੋਟਰ ਸੂਚੀਆਂ ਵਿੱਚ ਜਾਂਚ ਹੋਣੀ ਚਾਹੀਦੀ ਹੈ। ਪਾਰਟੀ ਆਗੂਆਂ ਨੇ ਮੁੱਖ ਚੋਣ ਅਧਿਕਾਰੀ ਨੂੰ ਅਪੀਲ ਕੀਤੀ ਕਿ ਉਹ ਇਹ ਮਾਮਲਾ ਭਾਰਤੀ ਚੋਣ ਕਮਿਸ਼ਨ ਕੋਲ ਉਠਾਉਣ, ਕਿਉਂਕਿ ਹੋਰ ਰਾਜਾਂ ਦੇ ਡੁਪਲੀਕੇਟ ਵੋਟਰਾਂ ਦੀ ਜਾਂਚ ਸਿਰਫ਼ ਚੋਣ ਕਮਿਸ਼ਨ ਹੀ ਕਰ ਸਕਦਾ ਹੈ। ਕਾਂਗਰਸ ਆਗੂਆਂ ਨੇ ਉਹਨਾਂ 17 ਫੀਸਦੀ ਵੋਟਰਾਂ ਦਾ ਮੁੱਦਾ ਵੀ ਉਠਾਇਆ ਜੋ ਅਜੇ ਤੱਕ ਮੈਪ ਨਹੀਂ ਹੋਏ ਹਨ। ਉਨ੍ਹਾਂ ਕਿਹਾ ਕਿ ਇਹ ਗਿਣਤੀ ਲਗਭਗ 34-35 ਲੱਖ ਵੋਟਰਾਂ ਦੀ ਬਣਦੀ ਹੈ, ਜੋ ਤੁਰੰਤ ਕਦਮ ਨਾ ਚੁੱਕੇ ਜਾਣ ਦੀ ਸੂਰਤ ਵਿੱਚ ਆਪਣੇ ਵੋਟ ਦੇ ਅਧਿਕਾਰ ਤੋਂ ਵਾਂਝੇ ਰਹਿ ਸਕਦੇ ਹਨ।

# ਚੰਡੀਗੜ੍ਹ ਵਿਖੇ ਹੋਈ ਰਾਜ ਪੱਧਰੀ ਬੈਂਕਰਜ਼ ਕਮੇਟੀ, ਪੰਜਾਬ ਦੀ 176ਵੀਂ ਮੀਟਿੰਗ

**ਚੰਡੀਗੜ੍ਹ (ਬਿਊਰੋ)** : ਰਾਜ ਪੱਧਰੀ ਬੈਂਕਰਜ਼ ਕਮੇਟੀ, ਪੰਜਾਬ ਦੀ 176ਵੀਂ ਮੀਟਿੰਗ ਚੰਡੀਗੜ੍ਹ ਵਿਖੇ ੀ ਅਮਿਤ ਸ਼੍ਰੀਵਾਸਤਵ, ਕਾਰਜਕਾਰੀ ਨਿਦੇਸ਼ਕ, ਪੰਜਾਬ ਨੈਸ਼ਨਲ ਬੈਂਕ ਦੀ ਪ੍ਰਧਾਨਗੀ ਹੇਠ ਆਯੋਜਿਤ ਕੀਤੀ ਗਈ। ਮੀਟਿੰਗ ਵਿੱਚ ਅਜੈ ਅਰੋੜਾ, ਆਈਏਐੱਸ, ਸਪੈਸ਼ਲ ਸੈਕਟਰੀ (ਵਿੱਤ), ਪੰਜਾਬ ਸਰਕਾਰ, ਵਿਵੇਕ ਸ਼੍ਰੀਵਾਸਤਵ, ਖੇਤਰੀ ਨਿਦੇਸ਼ਕ, ਭਾਰਤੀ ਰਿਜ਼ਰਵ ਬੈਂਕ, ਚੰਡੀਗੜ੍ਹ, ਬੀ.ਰਮੇਸ਼ ਬਾਬੂ, ਚੀਫ ਜਨਰਲ ਮੈਨੇਜਰ, ਨਾਬਾਰਡ, ਚੰਡੀਗੜ੍ਹ, ਅਤੇ ਰਾਮਾਨੁਜ ਪ੍ਰਸਾਦ, ਕੋਆਰਡੀਨੇਟਰ, ਰਾਜ ਪੱਧਰੀ, ਬੈਂਕਰਜ਼ ਕਮੇਟੀ ਪੰਜਾਬ ਅਤੇ ਜ਼ੋਨਲ ਮੈਨੇਜਰ, ਪੰਜਾਬ ਨੈਸ਼ਨਲ ਬੈਂਕ ਲੁਧਿਆਣਾ ਮੌਜੂਦ ਰਹੇ। ਇਸ ਤੋਂ ਇਲਾਵਾ ਰਾਜ ਦੇ ਸਾਰੇ ਬੈਂਕਾਂ ਦੇ ਮੁਖੀ, ਵੱਖ-ਵੱਖ ਵਿਭਾਗਾਂ ਦੇ ਮੁਖੀ ਅਤੇ ਸਾਰੇ ਜ਼ਿਲ੍ਹਿਆਂ ਦੇ ਮੋਹਰੀ ਜ਼ਿਲ੍ਹਾ ਪ੍ਰਬੰਧਕ ਵੀ ਮੀਟਿੰਗ ਵਿੱਚ ਸ਼ਾਮਲ ਹੋਏ। ਰਾਮਾਨੁਜ ਪ੍ਰਸਾਦ, ਕੁਆਰਡੀਨੇਟਰ, ਐਸਐਲਬੀਸੀ ਪੰਜਾਬ ਨੇ ਵਿਸ਼ੇਸ਼ ਮਹਿਮਾਨਾਂ ਦਾ ਸੁਆਗਤ ਕਰਦੇ ਹੋਏ ਮਾਰਚ 2026 ਨੂੰ ਖਤਮ ਵਿੱਤੀ ਵਰ੍ਹੇ ਦੀ ਬੈਂਕਿੰਗ ਪ੍ਰਗਤੀ ਅਤੇ ਰਾਜ ਦੇ ਵਿਕਾਸ ਨਾਲ ਸਬੰਧਿਤ ਨੀਤੀਗਤ, ਵਿੱਤੀ ਅਤੇ ਹੋਰ ਮੁੱਦਿਆਂ ਬਾਰੇ ਚਰਚਾ ਕੀਤੀ। ਉਨ੍ਹਾਂ ਨੇ ਦੱਸਿਆ ਕਿ ਪੰਜਾਬ ਰਾਜ ਦਾ ਕਰਜ਼ਾ-ਤੋਂ-ਜਮਾ ਅਨੁਪਾਤ 66.21% ਹੈ, ਜੋ ਰਾਸ਼ਟਰੀ ਟੀਚਾ 60% ਤੋਂ ਵੱਧ ਹੈ। ਮੀਟਿੰਗ ਦਾ ਏਜੰਡਾ ਸ਼?ਰੀ ਸੁਨੀਲ ਕੁਮਾਰ ਦੁਆਰਾ ਪੇਸ਼ ਕੀਤਾ ਗਿਆ। ਰਾਮਕਿਸ਼ੋਰ ਮੀਣਾ, ਡਿਪਟੀ ਜਨਰਲ ਮੈਨੇਜਰ, ਰਾਜ ਪੱਧਰੀ ਬੈਂਕਰਜ਼ ਕਮੇਟੀ, ਪੰਜਾਬ ਦੁਆਰਾ ਦੱਸਿਆ ਗਿਆ ਕਿ ਕਈ ਵਰ੍ਹ?ਆਂ ਬਾਅਦ ਵਿੱਤੀ ਵਰ੍ਹੇ 2025-26 ਵਿੱਚ ਸਾਲਾਨਾ ਸਾਖ ਯੋਜਨਾ ਦੇ ਟੀਚਿਆਂ ਤੋਂ ਵੀ ਵੱਧ ਪ੍ਰਾਪਤ ਕੀਤੀ ਗਈ ਹੈ ਅਤੇ ਸਾਲ 2026-27 ਲਈ ਨਵੀਂ ਸਕੇਲ ਆਫ ਫਾਈਨੈਂਸ ਪ੍ਰਵਾਨਗੀ ਕੀਤੀ ਜਾ ਚੁੱਕੀ ਹੈ। ਚਾਲੂ ਵਿੱਤੀ ਵਰ੍ਹੇ 2026-27 ਵਿੱਚ ਪ੍ਰਾਇਮਰੀ ਸੈਕਟਰ ਵਿੱਚ 2.56 ਲੱਖ ਕਰੋੜ ਰੁਪਏ ਦੇ ਨਵੇਂ ਲੋਨ ਦੇਣ ਦਾ ਟੀਚਾ ਰੱਖਿਆ ਗਿਆ ਹੈ। ਅਜੈ ਅਰੋੜਾ, ਆਈਏਐੱਸ, ਸਪੈਸ਼ਲ ਸੈਕਟਰੀ (ਵਿੱਤ) ਨੇ ਰਾਜ ਦੇ ਸੰਪੂਰਨ ਵਿਕਾਸ ਲਈ ਨੀਤੀਗਤ ਫੈਸਲਿਆਂ ਦੇ ਪ੍ਰਭਾਵਸ਼ਾਲੀ ਲਾਗੂਕਰਨ ਵਿੱਚ ਬੈਂਕਾਂ ਦੀ ਭੂਮਿਕਾ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਕਿਹਾ ਕਿ ਰਾਜ ਵਿੱਚ ਐੱਮਐੱਸਐੱਮਈ ਅਤੇ ਖੇਤੀਬਾੜੀ ਖੇਤਰ ਵਿੱਚ ਅਨੇਕ ਸੰਭਾਵਨਾਵਾਂ ਹਨ ਅਤੇ ਰਾਸ਼ਟਰੀ ਅਤੇ ਰਾਜ ਨੀਤੀਆਂ ਦੇ ਸਮੁੱਚੇ ਲਾਗੂਕਰਨ ਨਾਲ ਇਨ੍ਹਾਂ ਖੇਤਰਾਂ ਵਿੱਚ ਤੀਬਰ ਵਿਕਾਸ ਸੰਭਵ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਕਰਜ਼ਾ-ਤੋਂ-ਜਮਾ ਅਨੁਪਾਤ ਵਿੱਚ ਵਾਧੇ ਲਈ ਸਾਰੇ ਬੈਂਕਾਂ ਨੂੰ ਯਤਨ ਕਰਨੇ ਚਾਹੀਦੇ ਹਨ। ਅਮਿਤ ਸ਼?ਰੀਵਾਸਤਵ, ਕਾਰਜਕਾਰੀ ਨਿਦੇਸ਼ਕ, ਪੰਜਾਬ ਨੈਸ਼ਨਲ ਬੈਂਕ ਨੇ ਸਦਨ ਨੂੰ ਮੌਜੂਦਾ ਆਲਮੀ ਆਰਥਿਕ ਦ੍ਰਿਸ਼ ਦੀ ਜਾਣਕਾਰੀ ਦਿੱਤੀ। ਉਨ੍ਹਾਂ ਨੇ ਸੰਤੋਖ ਵਿਅਕਤ ਕੀਤਾ ਕਿ ਪੰਜਾਬ ਵਿੱਚ ਬੈਂਕਾਂ ਅਤੇ ਰਾਜ ਸਰਕਾਰ ਦੀ ਮਸ਼ੀਨਰੀ ਨੇ ਇੱਕ ਟੀਮ ਵਜੋਂ ਤਾਲਮੇਲ ਨਾਲ ਕੰਮ ਕੀਤਾ ਹੈ। ਉਨ੍ਹਾਂ ਨੇ ਦੱਸਿਆ ਕਿ ਸਲਾਨਾ ਲੋਨ ਸਕੀਮ 2025-26 ਦੇ ਤਹਿਤ 31.03.2026 ਤੱਕ 2,37,748 ਕਰੋੜ ਰੁਪਏ ਦਾ ਕੁੱਲ ਕਰਜ਼ਾ ਵੰਡਿਆ ਜਾ ਚੁੱਕਿਆ ਹੈ, ਜੋ ਕਿ 2,12,351 ਕਰੋੜ ਰੁਪਏ ਦੇ ਸਲਾਨਾ ਟੀਚੇ ਦੇ ਮੁਕਾਬਲੇ 112% ਉਪਲਬਧੀ ਹੈ, ਜੋ ਰਾਜ ਵਿੱਚ ਪ੍ਰਭਾਵਸ਼ਾਲੀ ਤਾਲਮੇਲ ਅਤੇ ਮਜ਼ਬੂਤ ਵਿੱਤੀ ਪ੍ਰਦਰਸ਼ਨ ਨੂੰ ਦਰਸਾਉਂਦੀ ਹੈ। ਵਿਵੇਕ ਕੁਮਾਰ ਸ਼?ਰੀਵਾਸਤਵ, ਖੇਤਰੀ ਨਿਦੇਸ਼ਕ, ਭਾਰਤੀ ਰਿਜ਼ਰਵ ਬੈਂਕ, ਚੰਡੀਗੜ੍ਹ, ਨੇ ਰੈਗੂਲੇਟਰੀ ਭੂਮਿਕਾ 'ਤੇ ਚਾਨਣਾ ਪਾਉਂਦੇ ਹੋਏ ਵਿੱਤੀ ਸਥਿਰਤਾ, ਰੈਗੂਲੇਟਰੀ ਪਾਲਣਾ ਅਤੇ ਮਜ਼ਬੂਤ ਬੈਂਕਿੰਗ ਪ੍ਰਣਾਲੀ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਬੈਂਕਾਂ ਨੂੰ ਰਾਜ ਸਰਕਾਰ ਦੇ ਨਾਲ ਤਾਲਮੇਲ ਸਥਾਪਿਤ ਕਰਕੇ ਵਿੱਤੀ ਸਮਾਵੇਸ਼ ਅਤੇ ਵਿਕਾਸਾਤਮਕ ਪਹਿਲਕਦਮੀਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਦੀ ਸਲਾਹ ਦਿੱਤੀ। ਨਾਲ ਹੀ, ਉਨ੍ਹਾਂ ਨੇ ਸਾਈਬਰ ਅਪਰਾਧਾਂ ਅਤੇ ਮਿਊਲ ਅਕਾਉਂਟਸ ਦੀ ਰੋਕਥਾਮ ਲਈ ਸਖਤ ਨਿਗਰਾਨੀ ਅਤੇ ਮਜ਼ਬੂਤ ਸਾਈਬਰ ਸੁਰੱਖਿਆ ਪ੍ਰਣਾਲੀ ਵਿਕਸਿਤ ਕਰਨ 'ਤੇ ਵਿਸ਼ੇਸ਼ ਜ਼ੋਰ ਦਿੱਤਾ। ਪੰਕਜ ਸੇਠੀਆ, ਜਨਰਲ ਮੈਨੇਜਰ, ਰਿਜ਼ਰਵ ਬੈਂਕ ਆਫ ਇੰਡੀਆ ਦੁਆਰਾ ਕੇਵਾਈਸੀ ਅਤੇ ਵਿੱਤੀ ਸਮਾਵੇਸ਼ ਰਣਨੀਤੀ 2025-30 'ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ। ਬੀ.ਰਮੇਸ਼ ਬਾਬੂ, ਚੀਫ ਜਨਰਲ ਮੈਨੇਜਰ, ਨਾਬਾਰਦ, ਚੰਡੀਗੜ੍ਹ ਦੁਆਰਾ ਸਾਰੇ ਬੈਂਕਾਂ ਅਤੇ ਮੋਹਰੀ ਜ਼ਿਲ੍ਹਾ ਪ੍ਰਬੰਧਕਾਂ ਦੁਆਰਾ ਖੇਤੀਬਾੜੀ ਕਰਜ਼ਿਆਂ ਵਿੱਚ ਹੋਰ ਵਾਧਾ ਕਰਨ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਭਰੋਸਾ ਦਿੱਤਾ ਕਿ ਨਾਬਾਰਡ ਵੱਲੋਂ ਸਾਰੀਆਂ ਯੋਜਨਾਵਾਂ ਲਈ ਹਰ ਸੰਭਵ ਸਹਿਯੋਗ ਕੀਤਾ ਜਾਵੇਗਾ। ਅੰਤ ਵਿੱਚ, ਅਨਿਲ ਕੁਮਾਰ, ਚੀਫ ਜਨਰਲ ਮੈਨੇਜਰ, ਬੈਂਕ ਆਫ ਇੰਡੀਆ ਨੇ ਧੰਨਵਾਦ ਮਤਾ ਪੇਸ਼ ਕੀਤਾ।

# 'ਮੁੱਖ ਮੰਤਰੀ ਸਿਹਤ ਯੋਜਨਾ' ਹਜ਼ਾਰਾਂ ਪਰਿਵਾਰਾਂ ਲਈ ਮਜ਼ਬੂਤ ਸਹਾਰਾ ਬਣ ਕੇ ਉੱਭਰੀ

ਜ਼ਿਕਰ ਪੰਜਾਬ

**ਚੰਡੀਗੜ੍ਹ** : ਪੰਜਾਬ ਭਿਆਨਕ ਗਰਮੀ ਅਤੇ ਗੈਸਟ੍ਰੋਐਂਟਰਾਈਟਿਸ ਤੇ ਡਿਹਾਈਡ੍ਰੇਸ਼ਨ ਦੇ ਵਧਦੇ ਮਾਮਲਿਆਂ ਦੀ ਮਾਰ ਝੱਲ ਰਿਹਾ ਹੈ। ਇਸ ਸਥਿਤੀ ਵਿੱਚ ਭਗਵੰਤ ਮਾਨ ਸਰਕਾਰ ਦੀ 'ਮੁੱਖ ਮੰਤਰੀ ਸਿਹਤ ਯੋਜਨਾ' ਹਜ਼ਾਰਾਂ ਪਰਿਵਾਰਾਂ ਲਈ ਮਜ਼ਬੂਤ ਸਹਾਰਾ ਬਣ ਕੇ ਉੱਭਰੀ ਹੈ। ਤਿੱਖੀ ਗਰਮੀ ਦਾ ਅਸਰ ਹੁਣ ਸਿਰਫ਼ ਖੇਤਾਂ ਅਤੇ ਸੜਕਾਂ ਤੱਕ ਸੀਮਿਤ ਨਹੀਂ ਰਹਿ ਗਿਆ, ਬਲਕਿ ਹਸਪਤਾਲਾਂ ਦੇ ਵਾਰਡਾਂ ਤੱਕ ਪਹੁੰਚ ਗਿਆ ਹੈ, ਜਿੱਥੇ ਡਿਹਾਈਡ?ਰੇਸ਼ਨ ਅਤੇ ਪੇਟ ਸੰਕਰਮਣ ਕਾਰਨ ਵੱਡੀ ਗਿਣਤੀ ਵਿੱਚ ਮਰੀਜ਼ ਇਲਾਜ ਲਈ ਆ ਰਹੇ ਹਨ। ਹਾਲਾਂਕਿ, ਵਧ ਰਹੀ ਬੀਮਾਰੀ ਦੇ ਵਿਚਕਾਰ ਕਈ ਪਰਿਵਾਰਾਂ ਨੂੰ ਮੁੱਖ ਮੰਤਰੀ ਸਿਹਤ ਯੋਜਨਾ ਰਾਹੀਂ ਕੈਸ਼ਲੈੱਸ ਇਲਾਜ ਨਾਲ ਰਾਹਤ ਮਿਲ ਰਹੀ ਹੈ। ਜਨਵਰੀ ਤੋਂ ਅਪ੍ਰੈਲ ਤੱਕ ਮੁੱਖ ਮੰਤਰੀ ਸਿਹਤ ਯੋਜਨਾ ਦੇ ਤਹਿਤ 3,279 ਗੰਭੀਰ ਮਾਮਲਿਆਂ ਵਿੱਚ ਕੈਸ਼ਲੈੱਸ ਇਲਾਜ ਪ੍ਰਦਾਨ ਕੀਤਾ ਗਿਆ, ਜਿਸ ਵਿੱਚ ਸਿਰਫ਼ ਗੈਸਟਰੋ ਅਤੇ ਪੇਟ ਸੰਬੰਧੀ ਬੀਮਾਰੀਆਂ 'ਤੇ 73.42 ਲੱਖ ਖ਼ਰਚ ਕੀਤੇ ਗਏ। ਸਰਕਾਰੀ ਅਤੇ ਸੂਚੀਬੱਧ ਨਿੱਜੀ ਹਸਪਤਾਲਾਂ ਵਿੱਚ ਪੇਟ ਸੰਕਰਮਣ, ਉਲਟੀ, ਕਮਜ਼ੋਰੀ ਅਤੇ ਗੰਭੀਰ ਡਿਹਾਈਡ੍ਰੇਸ਼ਨ ਨਾਲ ਪੀੜਤ ਮਰੀਜ਼ਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਯੋਜਨਾ ਦੇ ਇਲਾਜ ਰਿਕਾਰਡ ਅਨੁਸਾਰ ਅਪ੍ਰੈਲ ਮਹੀਨੇ ਵਿੱਚ ਹੀ 1,400 ਤੋਂ ਵੱਧ ਮਰੀਜ਼ਾਂ ਨੇ ਡਿਹਾਈਡ੍ਰੇਸ਼ਨ ਨਾਲ ਸੰਬੰਧਿਤ ਗੈਸਟਰੋਇੰਟੈਸਟਾਈਨਲ ਸਮੱਸਿਆਵਾਂ ਦਾ ਇਲਾਜ ਕਰਵਾਇਆ। ਇਨ੍ਹਾਂ ਮਾਮਲਿਆਂ ਵਿੱਚ ਮੋਡਰੇਟ ਡਿਹਾਈਡ?ਰੇਸ਼ਨ ਦੇ ਨਾਲ ਗੈਸਟ?ਰੋਐਂਟਰਾਈਟਿਸ ਵਾਲੇ ਮਰੀਜ਼ ਸਭ ਤੋਂ ਵੱਧ ਰਹੇ, ਜਿੰਨ੍ਹਾਂ ਦੀ ਗਿਣਤੀ 1,050 ਤੋਂ ਵੱਧ ਰਹੀ। ਲਗਭਗ 115 ਮਰੀਜ਼ ਗੰਭੀਰ ਡਿਹਾਈਡ੍ਰੇਸ਼ਨ ਨਾਲ ਪੀੜਤ ਸਨ, ਜਦਕਿ 250 ਤੋਂ ਵੱਧ ਮਰੀਜ਼ਾਂ ਨੂੰ ਵਾਰ-ਵਾਰ ਉਲਟੀ ਕਾਰਨ ਸਰੀਰ ਵਿੱਚ ਦ੍ਰਵ ਦੀ ਕਮੀ ਅਤੇ ਬਹੁਤ ਜ਼ਿਆਦਾ ਥਕਾਵਟ ਦੇ ਕਾਰਨ ਹਸਪਤਾਲ ਵਿੱਚ ਦਾਖ਼ਲ ਕਰਨਾ ਪਿਆ। ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ, ਫ਼ਰੀਦਕੋਟ ਦੇ ਬਾਲ ਰੋਗ ਵਿਭਾਗ ਦੇ ਪ੍ਰੋਫ਼ੈਸਰ ਅਤੇ ਮੁਖੀ ਡਾ. ਸ਼ਸ਼ੀ ਕਾਂਤ ਧੀਰ ਅਨੁਸਾਰ ਅਤਿ ਗਰਮੀ ਪੇਟ ਸੰਕਰਮਣ ਦੇ ਮਾਮਲਿਆਂ ਵਿੱਚ ਵਾਧਾ ਕਰ ਰਹੀ ਹੈ। ਉਨ੍ਹਾਂ ਕਿਹਾ ਕਿ "ਤਿੱਖੀ ਗਰਮੀ ਵਿੱਚ ਭੋਜਨ ਜਲਦੀ ਖ਼ਰਾਬ ਹੋ ਜਾਂਦਾ ਹੈ ਅਤੇ ਦੂਸ਼ਿਤ ਪਾਣੀ ਤੇ ਅਸਵੱਛ ਖੁਰਾਕ ਬੀਮਾਰੀਆਂ ਦੇ ਖ਼ਤਰੇ ਨੂੰ ਵਧਾਉਂਦੇ ਹਨ।" ਉਨ੍ਹਾਂ ਨੇ ਅੱਗੇ ਕਿਹਾ,ਮਰੀਜ਼ ਅਕਸਰ ਦਸਤ, ਪੇਟ ਦਰਦ, ਉਲਟੀ, ਚੱਕਰ ਅਤੇ ਬੁਖ਼ਾਰ ਵਰਗੀਆਂ ਸ਼ਿਕਾਇਤਾਂ ਨਾਲ ਹਸਪਤਾਲ ਪਹੁੰਚਦੇ ਹਨ। ਗੰਭੀਰ ਹਾਲਤ ਵਿੱਚ ਦੇਰੀ ਨਾਲ ਇਲਾਜ ਮਿਲਣ 'ਤੇ ਬਲੱਡ ਪ੍ਰੈਸ਼ਰ ਘਟਣਾ, ਕਿਡਨੀ ਸੰਬੰਧੀ ਜਟਿਲਤਾਵਾਂ ਅਤੇ ਇਲੈਕਟ?ਰੋਲਾਈਟ ਅਸੰਤੁਲਨ ਨਾਲ



ਮਾਨਸਿਕ ਭਰਮ ਵਰਗੀਆਂ ਸਮੱਸਿਆਵਾਂ ਵੀ ਹੋ ਸਕਦੀਆਂ ਹਨ। ਬਜ਼ੁਰਗਾਂ ਵਿੱਚ ਇਸ ਮੌਸਮ ਵਿੱਚ ਰਿਕਵਰੀ ਹੌਲੀ ਹੁੰਦੀ ਹੈ ਅਤੇ ਸਰੀਰ ਵਿੱਚ ਪਾਣੀ ਨੂੰ ਰੋਕ ਕੇ ਰੱਖਣ ਦੀ ਸਮਰੱਥਾ ਵੀ ਘੱਟ ਹੋ ਜਾਂਦੀ ਹੈ। ਡਾ. ਸ਼ਸ਼ੀ ਕਾਂਤ ਧੀਰ ਨੇ ਚੇਤਾਵਨੀ ਦਿੰਦਿਆਂ ਕਿਹਾ ਬੱਚੇ ਵੀ ਤੇਜ਼ੀ ਨਾਲ ਡਿਹਾਈਡ?ਰੇਸ਼ਨ ਦਾ ਸ਼ਿਕਾਰ ਹੋ ਜਾਂਦੇ ਹਨ। ਬੱਚਿਆਂ ਵਿੱਚ ਉਲਟੀ ਅਤੇ ਦਸਤ ਕਾਰਨ ਸਰੀਰ ਵਿੱਚ ਤਰਲ ਪਦਾਰਥ ਤੇਜ਼ੀ ਨਾਲ ਘਟ ਜਾਂਦਾ ਹੈ। ਅੰਕੜਿਆਂ ਅਨੁਸਾਰ ਇਸ ਗਰਮੀ ਦੇ ਸਿਹਤ ਸੰਕਟ ਦਾ ਸਭ ਤੋਂ ਵੱਧ ਪ੍ਰਭਾਵ ਸੀਨੀਅਰ ਨਾਗਰਿਕਾਂ 'ਤੇ ਪਿਆ ਹੈ। ਅਪ੍ਰੈਲ ਵਿੱਚ 1,290 ਤੋਂ ਵੱਧ ਬਜ਼ੁਰਗਾਂ ਨੇ ਇਸ ਯੋਜਨਾ ਤਹਿਤ ਇਲਾਜ ਕਰਵਾਇਆ, ਜਦਕਿ ਲਗਭਗ 120 ਬੱਚਿਆਂ ਨੇ ਇਲਾਜ ਪ੍ਰਾਪਤ ਕੀਤਾ। ਹੁਸ਼ਿਆਰਪੁਰ ਜ਼ਿਲ੍ਹਾ ਸਭ ਤੋਂ ਵੱਧ ਪ੍ਰਭਾਵਿਤ ਰਿਹਾ, ਜਿੱਥੇ ਸਿਰਫ਼ ਮੋਡਰੇਟ ਡਿਹਾਈਡ?ਰੇਸ਼ਨ ਦੇ ਨਾਲ ਤੀਬਰ ਗੈਸਟ੍ਰੋਐਂਟਰਾਈਟਿਸ ਵਾਲੇ 250 ਤੋਂ ਵੱਧ ਬਜ਼ੁਰਗ ਮਰੀਜ਼ਾਂ ਦਾ ਇਲਾਜ ਕੀਤਾ ਗਿਆ। ਜਲੰਧਰ ਵਿੱਚ ਵੀ 100 ਤੋਂ ਵੱਧ ਮਾਮਲੇ ਦਰਜ ਹੋਏ। ਪਟਿਆਲਾ, ਲੁਧਿਆਣਾ, ਰੂਪਨਗਰ, ਬਰਨਾਲਾ, ਸੰਗਰੂਰ, ਬਠਿੰਡਾ ਅਤੇ ਸ਼ਹੀਦ ਭਗਤ ਸਿੰਘ ਨਗਰ ਵਿੱਚ ਵੀ ਇਸੇ ਤਰ੍ਹਾਂ ਦੇ ਰੁਝਾਨ ਵੇਖੇ ਗਏ। ਉੱਥੇ ਹੀ ਸ਼੍ਰੀ ਮੁਕਤਸਰ ਸਾਹਿਬ, ਪਠਾਨਕੋਟ, ਫਤਿਹਗੜ੍ਹ ਸਾਹਿਬ ਅਤੇ ਗੁਰਦਾਸਪੁਰ ਜ਼ਿਲ੍ਹਿਆਂ ਵਿੱਚ ਉਲਟੀ ਅਤੇ ਡਿਹਾਈਡ?ਰੇਸ਼ਨ ਦੇ ਕਈ ਮਾਮਲੇ ਸਾਹਮਣੇ ਆਏ, ਜਿੰਨ੍ਹਾਂ ਵਿੱਚ ਕਈ ਮਰੀਜ਼ਾਂ ਨੂੰ ਤੁਰੰਤ ਹਸਪਤਾਲ ਵਿੱਚ ਦਾਖ਼ਲ ਕਰਨਾ ਪਿਆ। ਹਾਲਾਂਕਿ, ਅਣਗਿਣਤ ਪਰਿਵਾਰਾਂ ਲਈ ਸਭ ਤੋਂ ਵੱਡੀ ਰਾਹਤ ਸਿਰਫ਼ ਇਲਾਜ ਨਹੀਂ ਸਗੋਂ ਆਰਥਿਕ ਬੋਝ ਤੋਂ ਮੁਕਤੀ ਵੀ ਰਹੀ ਹੈ। ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਯੋਗ ਨਾਗਰਿਕਾਂ ਨੂੰ ਬਿਨਾਂ ਕਿਸੇ ਖ਼ਰਚ ਦੇ ਜਾਂਚ, ਦਵਾਈਆਂ, ਆਈਵੀ ਫਲੂਇਡ, ਹਾਈਡ੍ਰੇਸ਼ਨ ਥੈਰੇਪੀ ਅਤੇ ਹਸਪਤਾਲ ਇਲਾਜ ਉਪਲੱਬਧ ਕਰਵਾਇਆ ਜਾ ਰਿਹਾ ਹੈ। ਅਧਿਕਾਰੀਆਂ ਅਨੁਸਾਰ, ਸਿਹਤ ਕਾਰਡ ਨੇ ਲੋਕਾਂ ਨੂੰ ਵੱਧ ਖ਼ਰਚ ਦੇ ਡਰ ਕਾਰਨ ਇਲਾਜ ਵਿੱਚ ਦੇਰੀ ਕਰਨ ਦੀ ਬਜਾਏ ਸਮੇਂ ਸਿਰ ਡਾਕਟਰੀ ਸਹਾਇਤਾ ਲੈਣ ਲਈ ਪ੍ਰੇਰਿਤ ਕੀਤਾ ਹੈ। ਇਹ ਖ਼ਾਸ ਤੌਰ 'ਤੇ ਆਰਥਿਕ ਤੌਰ 'ਤੇ ਕਮਜ਼ੋਰ ਪਰਿਵਾਰਾਂ ਲਈ ਬਹੁਤ ਮਹੱਤਵਪੂਰਨ ਸਾਬਤ ਹੋਇਆ ਹੈ, ਜਿੰਨ੍ਹਾਂ ਵਿੱਚੋਂ ਕਈ ਪਰਿਵਾਰ ਪਹਿਲਾਂ ਹਾਲਤ ਗੰਭੀਰ ਹੋਣ ਤੱਕ ਹਸਪਤਾਲ ਜਾਣ ਵਿੱਚ ਦੇਰੀ ਕਰਦੇ ਸਨ। ਡਾ. ਸ਼ਸ਼ੀ ਕਾਂਤ ਧੀਰ ਨੇ ਸਲਾਹ ਦਿੱਤੀ ਬੱਚਿਆਂ ਦੇ ਮਾਪਿਆਂ ਨੂੰ ਗਰਮੀ ਵਿੱਚ ਵਧੇਰੇ ਸਾਵਧਾਨੀ ਵਰਤਣੀ ਚਾਹੀਦੀ ਹੈ, ਜਿਵੇਂ ਕਿ ਬੱਚਿਆਂ ਨੂੰ ਪੂਰਾ ਪਾਣੀ ਦੇਣਾ, ਹਲਕੇ ਸੂਤੀ ਕੱਪੜੇ ਪਵਾਉਣਾ, ਦੁਪਹਿਰ ਦੀ ਤੇਜ਼ ਧੁੱਪ ਤੋਂ ਬਚਾਉਣਾ ਅਤੇ ਘਰ ਦਾ ਤਾਜ਼ਾ ਭੋਜਨ ਦੇਣਾ। ਉਨ੍ਹਾਂ ਨੇ ਇਹ ਵੀ ਅਪੀਲ ਕੀਤੀ ਕਿ ਜੇਕਰ ਬੱਚਿਆਂ ਵਿੱਚ ਬੁਖ਼ਾਰ, ਉਲਟੀ, ਸੁਸਤੀ ਜਾਂ ਡਿਹਾਈਡ?ਰੇਸ਼ਨ ਦੇ ਲੱਛਣ ਦਿਖਾਈ ਦੇਣ ਤਾਂ ਤੁਰੰਤ ਡਾਕਟਰੀ ਸਹਾਇਤਾ ਲਈ ਜਾਵੇ। ਇਸ ਸਮੇਂ ਜਦੋਂ ਰਾਜ ਵਿੱਚ ਮੌਸਮੀ ਬੀਮਾਰੀਆਂ ਦਾ ਪ੍ਰਕੋਪ ਵਧ ਰਿਹਾ ਹੈ, 'ਮੁੱਖ ਮੰਤਰੀ ਸਿਹਤ ਯੋਜਨਾ' ਹੁਣ ਸਿਰਫ਼ ਇੱਕ ਕਲਿਆਣਕਾਰੀ ਯੋਜਨਾ ਨਹੀਂ ਰਹੀ। ਸਗੋਂ ਭਿਆਨਕ ਗਰਮੀ ਨਾਲ ਜੂਝ ਰਹੇ ਕਈ ਪੰਜਾਬੀ ਪਰਿਵਾਰਾਂ ਲਈ ਸਮੇਂ ਸਿਰ ਇਲਾਜ ਅਤੇ ਸਿਹਤ ਸੇਵਾ ਦੀ ਇੱਕ ਮਹੱਤਵਪੂਰਨ ਗਾਰੰਟੀ ਬਣ ਗਈ ਹੈ, ਜਿਸ ਨਾਲ ਇਲਾਜ ਦੌਰਾਨ ਆਰਥਿਕ ਬੋਝ ਦਾ ਡਰ ਨਹੀਂ ਰਹਿੰਦਾ।

# ਪੈਟਰੋਲ-ਡੀਜ਼ਲ ਦੇ ਵਧੇ ਰੇਟਾਂ ਵਿਰੁੱਧ 'ਆਪ' ਵੱਲੋਂ ਰੋਸ ਪ੍ਰਦਰਸ਼ਨ




ਜ਼ਿਕਰ ਪੰਜਾਬ

**ਚੰਡੀਗੜ੍ਹ/ਬਿਊਰੋ**

ਆਮ ਆਦਮੀ ਪਾਰਟੀ (ਆਪ) ਨੇ ਲੁਧਿਆਣਾ, ਅੰਮ੍ਰਿਤਸਰ ਅਤੇ ਜਲੰਧਰ ਵਿੱਚ ਕੇਂਦਰ ਵਿੱਚ ਭਾਜਪਾ ਦੀ ਅਗਵਾਈ ਵਾਲੀ ਮੋਦੀ ਸਰਕਾਰ ਦੀਆਂ ਨੀਤੀਆਂ ਦੇ ਖਿਲਾਫ ਜੋਰਦਾਰ ਪ੍ਰਦਰਸ਼ਨ ਕੀਤਾ। ਇਸ ਮੌਕੇ ਆਪ ਆਗੂਆਂ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਪੰਜ ਰਾਜਾਂ ਦੀਆਂ ਚੋਣਾਂ ਖਤਮ ਹੋਣ ਤੋਂ ਬਾਅਦ ਨਿਰੰਤਰ ਪਹਿਲਾਂ ਗੈਸ ਸਲੰਡਰ ਦੀ ਕੀਮਤ ਅਤੇ ਹੁਣ ਪੈਟਰੋਲ ਦੀਆਂ ਕੀਮਤਾਂ ਵਿੱਚ ਵਾਧਾ ਕੀਤਾ ਗਿਆ ਹੈ ਜਿਸ ਦਾ ਕਿ ਆਮ ਲੋਕਾਂ ਦੀ ਜ਼ਿੰਦਗੀ ਤੇ ਆਰਥਿਕ ਬੋਝ ਪਿਆ ਹੈ। ਮੋਦੀ ਸਰਕਾਰ ਦੀ ਵਿਦੇਸ਼ ਨੀਤੀ ਫੇਲ ਸਾਬਤ ਹੋਈ ਹੈ। ਅੰਮ੍ਰਿਤਸਰ ਵਿਖੇ ਧਰਨੇ ਦੌਰਾਨ ਵਿਧਾਇਕ ਕੁਲਦੀਪ ਧਾਲੀਵਾਲ ਨੇ ਕਿਹਾ ਕਿ ਮਹਿੰਗਾਈ ਕਾਰਨ ਪਹਿਲਾਂ ਹੀ ਦੇਸ਼ ਦੀ ਜਨਤਾ ਦਾ ਲੱਕ ਟੁੱਟ ਚੁੱਕਾ ਹੈ ਅਤੇ ਉੱਪਰੋਂ ਤੇਲ ਦੀਆਂ ਕੀਮਤਾਂ ਵਿੱਚ ਕੀਤੇ ਜਾ ਰਹੇ ਇਸ ਬੇਤਹਾਸ਼ਾ ਵਾਧੇ ਨੇ ਗਰੀਬ ਅਤੇ ਮੱਧ ਵਰਗ ਦੇ ਪਰਿਵਾਰਾਂ ਦਾ ਜੀਣਾ ਮੁਹਾਲ ਕਰ ਦਿੱਤਾ ਹੈ। ਪੈਟਰੋਲ-ਡੀਜ਼ਲ ਮਹਿੰਗਾ ਹੋਣ ਨਾਲ ਰੋਜ਼ਾਨਾ ਵਰਤੋਂ ਦੀਆਂ ਹੋਰ ਚੀਜ਼ਾਂ ਅਤੇ ਸਬਜ਼ੀਆਂ ਦੇ ਭਾਅ ਵੀ ਅਸਮਾਨੀ ਚੜ੍ਹ ਗਏ ਹਨ, ਜਿਸ ਲਈ ਸਿੱਧੇ ਤੌਰ 'ਤੇ ਮੋਦੀ ਸਰਕਾਰ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਜ਼ਿੰਮੇਵਾਰ ਹਨ। ਲੁਧਿਆਣਾ ਵਿਖੇ ਪ੍ਰਦਰਸ਼ਨ ਨੂੰ ਸੰਬੋਧਿਤ ਕਰਦਿਆਂ ਜਿਲ੍ਹਾ ਪ੍ਰਧਾਨ ਜਤਿੰਦਰ ਖੰਗੂੜਾ ਨੇ ਕੇਂਦਰ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਵਧੀਆਂ ਹੋਈਆਂ ਕੀਮਤਾਂ ਨੂੰ ਤੁਰੰਤ ਵਾਪਸ ਨਾ ਲਿਆ ਗਿਆ, ਤਾਂ ਆਮ ਆਦਮੀ ਪਾਰਟੀ ਵੱਲੋਂ ਇਸ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ ਅਤੇ ਜਨਤਾ ਦੇ ਹੱਕਾਂ ਲਈ ਸੜਕਾਂ ਤੋਂ ਲੈ ਕੇ ਸੰਸਦ ਤੱਕ ਆਵਾਜ਼ ਬੁਲੰਦ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪਾਰਟੀ ਹਮੇਸ਼ਾ ਆਮ ਲੋਕਾਂ ਦੇ ਨਾਲ ਖੜ੍ਹੀ ਹੈ ਅਤੇ ਕੇਂਦਰ ਸਰਕਾਰ ਦੀ ਇਸ ਲੁੱਟ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਜਲੰਧਰ ਵਿਖੇ ਦੇ ਜਿਲ੍ਹਾ ਪ੍ਰਧਾਨ ਅੰਮ੍ਰਿਤਪਾਲ ਸਿੰਘ ਨੇ ਕਿਹਾ ਕਿ ਭਾਜਪਾ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਆਮ ਲੋਕ ਮਹਿੰਗਾਈ ਦੀ ਮਾਰ ਹੇਠ ਪੀਸ ਰਹੇ ਹਨ। ਪੈਟਰੋਲ ਅਤੇ ਡੀਜ਼ਲ ਦੀਆਂ ਲਗਾਤਾਰ ਵਧ ਰਹੀਆਂ ਕੀਮਤਾਂ ਨੇ ਆਮ ਆਦਮੀ ਦਾ ਘਰੇਲੂ ਬਜਟ ਪੂਰੀ ਤਰ੍ਹਾਂ ਖ਼ਰਾਬ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇੰਧਨ ਦੀਆਂ ਕੀਮਤਾਂ ਵਧਣ ਨਾਲ ਹਰ ਵਰਗ ਪ੍ਰਭਾਵਿਤ ਹੋ ਰਿਹਾ ਹੈ ਅਤੇ ਇਸ ਦਾ ਸਿੱਧਾ ਅਸਰ ਰੋਜ਼ਮਰ੍ਹਾ ਦੀਆਂ ਜ਼ਰੂਰੀ ਵਸਤਾਂ 'ਤੇ ਵੀ ਪੈ ਰਿਹਾ ਹੈ।

# ਭਾਜਪਾ ਨੇ ਪੱਛਮੀ ਬੰਗਾਲ 'ਚ ਵੋਟਾਂ ਲੁੱਟੀਆਂ, ਹੁਣ ਤੇਲ ਦੀਆਂ ਕੀਮਤਾਂ ਵਧਾ ਕੇ ਲੋਕਾਂ ਨੂੰ ਲੁੱਟ ਰਹੀ ਹੈ : ਅਮਨ ਅਰੋੜਾ

ਜ਼ਿਕਰ ਪੰਜਾਬ

**ਚੰਡੀਗੜ੍ਹ/ਬਿਊਰੋ**

ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਪ੍ਰਧਾਨ ਅਤੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਤੇਲ ਦੀਆਂ ਕੀਮਤਾਂ ਵਿੱਚ ਵਾਧੇ ਅਤੇ ਮਹਿੰਗਾਈ ਨੂੰ ਲੈ ਕੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀ ਸਖ਼ਤ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਸਰਕਾਰ ਨੇ ਮੁੱਠੀ ਭਰ ਕਾਰਪੋਰੇਟ ਘਰਾਣਿਆਂ ਨੂੰ ਫਾਇਦਾ ਪਹੁੰਚਾਉਂਦੇ ਹੋਏ ਆਮ ਲੋਕਾਂ, ਕਿਸਾਨਾਂ ਅਤੇ ਛੋਟੇ ਕਾਰੋਬਾਰੀਆਂ ਨੂੰ ਆਰਥਿਕ ਤੰਗੀ ਵਿੱਚ ਧੱਕ ਦਿੱਤਾ ਹੈ। ਸ਼ੁੱਕਰਵਾਰ ਨੂੰ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ 'ਆਪ' ਪੰਜਾਬ ਦੇ ਸੂਬਾ ਪ੍ਰਧਾਨ ਅਮਨ ਅਰੋੜਾ ਨੇ ਕਿਹਾ ਕਿ 12 ਸਾਲ ਪਹਿਲਾਂ ਸੱਤਾ ਵਿੱਚ ਆਉਣ ਤੋਂ ਪਹਿਲਾਂ ਪ੍ਰਧਾਨ ਮੰਤਰੀ ਮੋਦੀ ਵੱਲੋਂ ਕੀਤੇ ਗਏ ਵੱਡੇ-ਵੱਡੇ ਵਾਅਦਿਆਂ ਦੇ ਬਾਵਜੂਦ ਅੱਜ ਪੂਰਾ ਦੇਸ਼ ਵਧਦੀ ਮਹਿੰਗਾਈ ਕਾਰਨ ਪੈਦਾ ਹੋਈਆਂ ਮੁਸ਼ਕਿਲਾਂ ਦਾ ਸਾਹਮਣਾ ਕਰ ਰਿਹਾ ਹੈ। ਉਨ੍ਹਾਂ ਅੱਗੇ ਕਿਹਾ ਕਿ ਭਾਜਪਾ ਸਰਕਾਰ ਨੇ ਤੇਲ ਦੀਆਂ ਵਧਦੀਆਂ ਕੀਮਤਾਂ ਅਤੇ ਮਹਿੰਗਾਈ ਨਾਲ ਆਮ ਲੋਕਾਂ, ਕਿਸਾਨਾਂ ਅਤੇ ਛੋਟੇ ਕਾਰੋਬਾਰੀਆਂ 'ਤੇ ਇੱਕ ਵਾਰ ਫਿਰ ਬੋਝ ਪਾ ਦਿੱਤਾ ਹੈ। ਪੂਰਾ ਦੇਸ਼ ਦੇਖ ਰਿਹਾ ਹੈ ਕਿ 12 ਸਾਲ ਪਹਿਲਾਂ ਪੀਐਮ ਮੋਦੀ ਦੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਕੀਤੇ ਗਏ ਉੱਚੇ-ਉੱਚੇ ਵਾਅਦਿਆਂ ਦੇ ਬਾਵਜੂਦ ਲੋਕ ਮਹਿੰਗਾਈ ਹੇਠ ਕਿਵੇਂ ਪੀਸ ਰਹੇ ਹਨ। ਤੇਲ ਅਤੇ ਐਲਪੀਜੀ ਦੀਆਂ ਕੀਮਤਾਂ ਵਿੱਚ ਹੋਏ ਤਾਜ਼ਾ ਵਾਧੇ ਦਾ ਜ਼ਿਕਰ ਕਰਦਿਆਂ ਅਮਨ ਅਰੋੜਾ ਨੇ ਕਿਹਾ ਕਿ ਪੱਛਮੀ ਬੰਗਾਲ ਚੋਣਾਂ ਤੋਂ ਤੁਰੰਤ ਬਾਅਦ ਕੇਂਦਰ ਸਰਕਾਰ ਨੇ ਕਮਰਸ਼ੀਅਲ ਐਲਪੀਜੀ ਸਿਲੰਡਰ ਦੀ ਕੀਮਤ ਵਿੱਚ ਰੁ.943 ਦਾ ਵਾਧਾ ਕਰਕੇ ਛੋਟੇ ਕਾਰੋਬਾਰੀਆਂ ਅਤੇ ਵਪਾਰੀਆਂ ਨੂੰ ਕਰਾਰੀ ਸੱਟ ਮਾਰੀ ਹੈ। ਇਸ ਦੇ ਨਾਲ ਹੀ ਕੇਂਦਰ ਨੇ ਪੈਟਰੋਲ ਦੀ ਕੀਮਤ ਵਿੱਚ ਰੁ.3.14 ਪ੍ਰਤੀ ਲੀਟਰ, ਡੀਜ਼ਲ ਵਿੱਚ ਰ.3.11 ਪ੍ਰਤੀ ਲੀਟਰ ਅਤੇ ਸੀਐਨਜੀ ਦੀ ਕੀਮਤ ਵਿੱਚ 2 ਰੁਪਏ ਦਾ ਵਾਧਾ ਕੀਤਾ ਹੈ। ਇਹ ਦੇਸ਼ ਦੇ ਲੋਕਾਂ ਨੂੰ ਇੱਕ ਸ਼ਰਮਨਾਕ ਤੋਹਫ਼ਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਭਾਜਪਾ ਨੂੰ ਚੋਣਾਂ ਵੇਲੇ ਹੀ ਲੋਕ ਭਲਾਈ ਦੀ ਯਾਦ ਆਉਂਦੀ ਹੈ ਪਰ ਵੋਟਾਂ ਹਾਸਲ ਕਰਨ ਤੋਂ ਬਾਅਦ ਉਹ ਲੋਕਾਂ 'ਤੇ ਆਰਥਿਕ ਬੋਝ ਪਾ ਦਿੰਦੀ ਹੈ। ਅਮਨ ਅਰੋੜਾ ਨੇ ਕਿਹਾ ਕਿ ਭਾਜਪਾ ਚੋਣਾਂ ਦੌਰਾਨ ਲੋਕ ਭਲਾਈ ਦੀਆਂ ਗੱਲਾਂ ਕਰਦੀ ਹੈ, ਪਰ ਵੋਟਾਂ ਜਿੱਤਣ ਤੋਂ ਬਾਅਦ ਲੋਕਾਂ ਦੀ ਮਿਹਨਤ ਦੀ



ਕਮਾਈ ਲੁੱਟਣੀ ਸ਼ੁਰੂ ਕਰ ਦਿੰਦੀ ਹੈ। ਕੀਮਤਾਂ ਵਿੱਚ ਇਹ ਵਾਧਾ ਸਿਰਫ਼ ਸੱਤਾਧਾਰੀ ਪਾਰਟੀ ਦੇ ਨਜ਼ਦੀਕੀ ਕੁਝ ਚੋਣਵੇਂ ਕਾਰਪੋਰੇਟ ਘਰਾਣਿਆਂ ਨੂੰ ਲਾਭ ਪਹੁੰਚਾਉਣ ਲਈ ਕੀਤਾ ਜਾ ਰਿਹਾ ਹੈ। ਭਾਜਪਾ ਦੇ ਚੋਣ ਵਾਅਦਿਆਂ 'ਤੇ ਨਿਸ਼ਾਨਾ ਸਾਧਦਿਆਂ ਅਮਨ ਅਰੋੜਾ ਨੇ ਕਿਹਾ ਕਿ ਭਾਜਪਾ ਨੇ ਹਰ ਨਾਗਰਿਕ ਦੇ ਬੈਂਕ ਖਾਤੇ 'ਚ ਰੁ.15 ਲੱਖ ਜਮ੍ਹਾ ਕਰਵਾਉਣ, ਦੋ ਕਰੋੜ ਨੌਕਰੀਆਂ ਦੇਣ ਅਤੇ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਵਾਅਦਾ ਕੀਤਾ ਸੀ। ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦੀ ਬਜਾਏ ਭਾਜਪਾ ਸਰਕਾਰ ਨੇ ਮਹਿੰਗਾਈ ਅਤੇ ਤੇਲ ਦੀਆਂ ਵਧਦੀਆਂ ਕੀਮਤਾਂ ਰਾਹੀਂ ਕਿਸਾਨਾਂ 'ਤੇ ਲਗਾਤਾਰ ਆਰਥਿਕ ਬੋਝ ਵਧਾਇਆ ਹੈ। ਪੰਜਾਬ ਦੇ ਖੇਤੀਬਾੜੀ ਸੈਕਟਰ 'ਤੇ ਪੈਣ ਵਾਲੇ ਪ੍ਰਭਾਵ ਦਾ ਜ਼ਿਕਰ ਕਰਦਿਆਂ 'ਆਪ' ਪੰਜਾਬ ਦੇ ਸੂਬਾ ਪ੍ਰਧਾਨ ਨੇ ਕਿਹਾ ਕਿ ਡੀਜ਼ਲ ਦੀਆਂ ਕੀਮਤਾਂ 'ਚ ਵਾਧਾ ਝੋਨੇ ਦੀ ਬਿਜਾਈ ਦੇ ਸੀਜ਼ਨ ਦੌਰਾਨ ਖੇਤੀਬਾੜੀ ਦੇ ਕੰਮਾਂ 'ਤੇ ਸਿੱਧਾ ਅਸਰ ਪਾਵੇਗਾ। ਉਨ੍ਹਾਂ ਅੱਗੇ ਕਿਹਾ ਕਿ ਝੋਨੇ ਦੀ ਬਿਜਾਈ ਦੌਰਾਨ ਕਿਸਾਨਾਂ ਨੂੰ ਸਿੰਚਾਈ ਲਈ ਹਜ਼ਾਰਾਂ ਲੀਟਰ ਪਾਣੀ ਅਤੇ ਤੇਲ ਦੀ ਲੋੜ ਹੁੰਦੀ ਹੈ। ਡੀਜ਼ਲ ਦੀਆਂ ਕੀਮਤਾਂ ਵਿੱਚ ਵਾਧਾ ਸਿੱਧੇ ਤੌਰ 'ਤੇ ਉਨ੍ਹਾਂ ਦੇ ਖੇਤੀਬਾੜੀ ਕਾਰਜਾਂ ਨੂੰ ਪ੍ਰਭਾਵਿਤ ਕਰੇਗਾ ਅਤੇ ਉਨ੍ਹਾਂ ਦਾ ਆਰਥਿਕ ਬੋਝ ਵਧਾਏਗਾ। ਅਮਨ ਅਰੋੜਾ ਨੇ ਅੱਗੇ ਕਿਹਾ ਕਿ ਇੱਕ ਸਮਾਂ ਸੀ ਜਦੋਂ ਪੈਟਰੋਲ ਦੀਆਂ ਕੀਮਤਾਂ ਵਿੱਚ ਮਾਮੂਲੀ ਵਾਧੇ 'ਤੇ ਵੀ ਦੇਸ਼ ਵਿਆਪੀ ਪ੍ਰਦਰਸ਼ਨ ਸ਼ੁਰੂ ਹੋ ਜਾਂਦੇ ਸਨ, ਪਰ ਪਿਛਲੇ 12 ਤੋਂ 13 ਸਾਲਾਂ ਤੋਂ ਮਹਿੰਗਾਈ ਨੂੰ ਬਰਦਾਸ਼ਤ ਕਰਦੇ-ਕਰਦੇ ਲੋਕ ਹੁਣ ਥੱਕ ਚੁੱਕੇ ਹਨ ਅਤੇ ਨਿਰਾਸ਼ ਹੋ ਚੁੱਕੇ ਹਨ। ਉਨ੍ਹਾਂ ਟਿੱਪਣੀ ਕੀਤੀ ਕਿ ਮੌਜੂਦਾ ਸਥਿਤੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਭਾਜਪਾ ਸਰਕਾਰ ਦੀਆਂ ਘਰੇਲੂ ਆਰਥਿਕ ਨੀਤੀਆਂ ਦੀ ਪੂਰੀ ਤਰ੍ਹਾਂ ਨਾਕਾਮਯਾਬੀ ਦਾ ਨਤੀਜਾ ਹੈ। ਭਾਰਤ ਨੂੰ ÷ਆਤਮਨਿਰਭਰ÷ ਬਣਾਉਣ ਦੇ ਕੇਂਦਰ ਦੇ ਦਾਅਵਿਆਂ 'ਤੇ ਸਵਾਲ ਉਠਾਉਂਦੇ ਹੋਏ ਅਮਨ ਅਰੋੜਾ ਨੇ ਕਿਹਾ ਕਿ ਪਿਛਲੇ ਇੱਕ ਦਹਾਕੇ ਵਿੱਚ ਉਲਟਾ ਆਯਾਤ (ਇੰਪੋਰਟ) 'ਤੇ ਨਿਰਭਰਤਾ ਕਾਫ਼ੀ ਵਧ ਗਈ ਹੈ। ਤੇਲ ਦੀ ਦਰਾਮਦ ਨਾਲ ਸਬੰਧਤ ਕੇਂਦਰ ਦੇ ਵਿਦੇਸ਼ ਨੀਤੀ ਦੇ ਫੈਸਲਿਆਂ 'ਤੇ ਚੁਟਕੀ ਲੈਂਦਿਆਂ ਉਨ੍ਹਾਂ ਕਿਹਾ, "ਇਹ ਸਮਝਣਾ ਮੁਸ਼ਕਲ ਹੈ ਕਿ ਰੂਸ ਵਰਗੇ ਦੇਸ਼ਾਂ ਤੋਂ ਮੌਕੇ ਉਪਲਬਧ ਹੋਣ ਦੇ ਬਾਵਜੂਦ ਭਾਰਤ ਤੇਲ ਖਰੀਦਣ ਬਾਰੇ ਸੁਤੰਤਰ ਫੈਸਲੇ ਲੈਣ ਤੋਂ ਕਿਉਂ ਝਿਜਕ ਰਿਹਾ ਹੈ।' ਪੈਟਰੋਲ, ਡੀਜ਼ਲ ਅਤੇ ਸੀਐਨਜੀ ਦੀਆਂ ਕੀਮਤਾਂ ਵਿੱਚ ਕੀਤੇ ਗਏ ਵਾਧੇ ਦੀ ਸਖ਼ਤ ਨਿਖੇਧੀ ਕਰਦਿਆਂ ਅਮਨ ਅਰੋੜਾ ਨੇ ਮੰਗ ਕੀਤੀ ਕਿ ਕੇਂਦਰ ਸਰਕਾਰ ਇਸ ਵਾਧੇ ਨੂੰ ਤੁਰੰਤ ਵਾਪਸ ਲਵੇ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਮਹਿੰਗਾਈ ਇਸੇ ਤਰ੍ਹਾਂ ਆਮ ਲੋਕਾਂ ਦਾ ਦਮ ਘੁੱਟਦੀ ਰਹੀ, ਤਾਂ ਜਨਤਾ ਦਾ ਗੁੱਸਾ ਸੜਕਾਂ 'ਤੇ ਨਿਕਲ ਸਕਦਾ ਹੈ, ਜਿਸ ਦੇ ਭਾਜਪਾ ਸਰਕਾਰ ਲਈ ਵੱਡੇ ਸਿਆਸੀ ਨਤੀਜੇ ਭੁਗਤਣੇ ਪੈਣਗੇ।

# ਫਿਰੋਜ਼ਪੁਰ ਦੇ ਨਿੱਜੀ ਹਸਪਤਾਲ 'ਚ ਨਵਜੰਮੇ ਬੱਚੇ ਦੀ ਮੌਤ ਮਗਰੋਂ ਹੰਗਾਮਾ

ਜ਼ਿਕਰ ਪੰਜਾਬ

**ਫਿਰੋਜ਼ਪੁਰ/ਬਿਊਰੋ**

ਫਿਰੋਜ਼ਪੁਰ ਦੇ ਇੱਕ ਨਿੱਜੀ ਹਸਪਤਾਲ ਵਿੱਚ 14 ਦਿਨਾਂ ਦੇ ਨਵਜੰਮੇ ਬੱਚੇ ਦੀ ਮੌਤ ਤੋਂ ਬਾਅਦ ਮਾਹੌਲ ਤਣਾਅਪੂਰਨ ਬਣ ਗਿਆ। ਗੁੱਸੇ ਵਿੱਚ ਆਏ ਪਰਿਵਾਰਕ ਮੈਂਬਰਾਂ ਨੇ ਹਸਪਤਾਲ ਪ੍ਰਬੰਧਕਾਂ ਅਤੇ ਡਾਕਟਰਾਂ 'ਤੇ ਗੰਭੀਰ ਇਲਜ਼ਾਮ ਲਗਾਉਂਦੇ ਹੋਏ ਹੰਗਾਮਾ ਕੀਤਾ ਅਤੇ ਇਨਸਾਫ ਦੀ ਮੰਗ ਕੀਤੀ। ਪਰਿਵਾਰ ਦਾ ਦਾਅਵਾ ਹੈ ਕਿ ਹਸਪਤਾਲ ਦੀ ਲਾਪਰਵਾਹੀ ਕਾਰਨ ਉਨ੍ਹਾਂ ਦੇ ਬੱਚੇ ਦੀ ਜਾਨ ਗਈ ਹੈ। ਪੀੜਤ ਪਰਿਵਾਰ ਨੇ ਦੱਸਿਆ ਕਿ ਬੱਚਾ 1 ਮਈ ਤੋਂ ਹਸਪਤਾਲ ਵਿੱਚ ਦਾਖਲ ਸੀ ਅਤੇ ਉਹ ਹਰ ਰੋਜ਼ ਉਸਦੀ ਸਿਹਤ ਬਾਰੇ ਜਾਣਕਾਰੀ ਲੈਂਦੇ ਰਹੇ। ਉਨ੍ਹਾਂ ਦਾ ਕਹਿਣਾ ਹੈ ਕਿ ਡਾਕਟਰਾਂ ਵੱਲੋਂ ਲਗਾਤਾਰ ਇਹ ਕਿਹਾ ਜਾਂਦਾ ਰਿਹਾ ਕਿ ਬੱਚੇ ਦੀ ਹਾਲਤ ਸਥਿਰ ਹੈ, ਪਰ ਅਚਾਨਕ ਬਾਅਦ ਵਿੱਚ ਬੱਚੇ ਦੀ ਮੌਤ ਦੀ ਖਬਰ ਦੇ ਦਿੱਤੀ ਗਈ। ਪਰਿਵਾਰ ਨੇ ਇਲਜ਼ਾਮ ਲਗਾਇਆ ਕਿ 14 ਦਿਨਾਂ ਤੱਕ ਉਨ੍ਹਾਂ ਨੂੰ ਇਹ ਨਹੀਂ



ਦੱਸਿਆ ਗਿਆ ਕਿ ਬੱਚੇ ਦੀ ਕਿਡਨੀ ਪ੍ਰਭਾਵਿਤ ਹੋ ਚੁੱਕੀ ਹੈ ਅਤੇ ਉਸਨੂੰ ਪਿਸ਼ਾਬ ਨਾ ਆਉਣ ਦੀ ਸਮੱਸਿਆ ਸੀ। ਪਰਿਵਾਰਕ ਮੈਂਬਰਾਂ ਨੇ ਕਿਹਾ ਕਿ ਗਰਭ ਅਵਸਥਾ ਦੌਰਾਨ ਕਰਵਾਏ ਗਏ ਸਕੈਨਾਂ ਵਿੱਚ ਬੱਚਾ ਸਿਹਤਮੰਦ ਸੀ। ਉਨ੍ਹਾਂ ਮੁਤਾਬਕ ਸਿਰਫ ਮਾਂ ਦੇ ਗਰਭ ਵਿੱਚ ਆਕਸੀਜਨ ਘੱਟ ਮਿਲਣ ਦੀ ਸਮੱਸਿਆ ਸੀ, ਪਰ ਬੱਚੇ ਦੀ ਹੋਰ ਕੋਈ ਵੱਡੀ ਤਕਲੀਫ਼ ਨਹੀਂ ਸੀ। ਹੁਣ ਉਹ ਹਸਪਤਾਲ ਪ੍ਰਬੰਧਕਾਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕਰ ਰਹੇ ਹਨ। ਉੱਧਰ ਹਸਪਤਾਲ ਦੇ ਮੁੱਖ ਡਾਕਟਰ ਨੇ ਸਾਰੇ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਹਸਪਤਾਲ ਵੱਲੋਂ ਕਿਸੇ ਤਰ੍ਹਾਂ ਦੀ ਲਾਪਰਵਾਹੀ ਨਹੀਂ ਕੀਤੀ ਗਈ। ਉਨ੍ਹਾਂ ਦੱਸਿਆ ਕਿ ਬੱਚਾ ਪਹਿਲੇ ਦਿਨ ਤੋਂ ਹੀ ਗੰਭੀਰ ਹਾਲਤ ਵਿੱਚ ਸੀ ਅਤੇ ਵੈਂਟੀਲੇਟਰ 'ਤੇ ਇਲਾਜ ਅਧੀਨ ਸੀ। ਡਾਕਟਰਾਂ ਨੇ ਕਿਹਾ ਕਿ ਬੱਚੇ ਦੀ ਹਾਲਤ ਬਾਰੇ ਪਰਿਵਾਰ ਨੂੰ ਸਮੇਂ-ਸਮੇਂ 'ਤੇ ਜਾਣਕਾਰੀ ਦਿੱਤੀ ਜਾਂਦੀ ਰਹੀ। ਉਨ੍ਹਾਂ ਇਹ ਵੀ ਕਿਹਾ ਕਿ ਜੇ ਪਰਿਵਾਰ ਚਾਹੇ ਤਾਂ ਪੋਸਟਮਾਰਟਮ ਅਤੇ ਮੈਡੀਕਲ ਜਾਂਚ ਕਰਵਾ ਸਕਦਾ ਹੈ, ਅਤੇ ਜੇਕਰ ਹਸਪਤਾਲ ਦੀ ਕੋਈ ਗਲਤੀ ਸਾਹਮਣੇ ਆਉਂਦੀ ਹੈ ਤਾਂ ਉਹ ਕਾਰਵਾਈ ਭੁਗਤਣ ਲਈ ਤਿਆਰ ਹਨ। ਇਸ ਮਾਮਲੇ ਸਬੰਧੀ ਪੀੜਤ ਪਰਿਵਾਰ ਨੇ ਪੁਲਿਸ ਨੂੰ ਸ਼ਿਕਾਇਤ ਵੀ ਦਿੱਤੀ ਹੈ। ਮੌਕੇ 'ਤੇ ਪਹੁੰਚੀ ਪੁਲਿਸ ਵੱਲੋਂ ਪਰਿਵਾਰ ਦੇ ਬਿਆਨ ਦਰਜ ਕੀਤੇ ਜਾ ਰਹੇ ਹਨ। ਪੁਲਿਸ ਦਾ ਕਹਿਣਾ ਹੈ ਕਿ ਜਾਂਚ ਦੌਰਾਨ ਜੇ ਕੋਈ ਵੀ ਦੋਸ਼ੀ ਪਾਇਆ ਗਿਆ ਤਾਂ ਉਸ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਆਈਏਐਸ/ਸੀਨੀਅਰ ਪੀਸੀਐਸ ਅਧਿਕਾਰੀਆਂ ਨੂੰ ਜਨਰਲ ਆਬਜ਼ਰਵਰਾਂ ਵਜੋਂ ਕੀਤਾ ਨਿਯੁਕਤ

ਜ਼ਿਕਰ ਪੰਜਾਬ

**ਚੰਡੀਗੜ੍ਹ/ਬਿਊਰੋ**

ਰਾਜ ਚੋਣ ਕਮਿਸ਼ਨ, ਪੰਜਾਬ ਵੱਲੋਂ ਸੂਬੇ ਵਿੱਚ 08 ਨਗਰ ਨਿਗਮਾਂ, 76 ਨਗਰ ਕੌਂਸਲਾਂ ਅਤੇ 21 ਨਗਰ ਪੰਚਾਇਤਾਂ (ਕੁੱਲ 105) ਦੀਆਂ ਆਮ ਚੋਣਾਂ ਦਾ ਐਲਾਨ ਕੀਤਾ ਗਿਆ ਹੈ ਅਤੇ ਇਸ ਸਬੰਧੀ ਮਿਤੀ 26.05.2026 (ਮੰਗਲਵਾਰ) ਨੂੰ ਵੋਟਾਂ ਪੈਣਗੀਆਂ। ਇਹਨਾਂ ਚੋਣਾਂ ਨੂੰ ਸੁਤੰਤਰ, ਨਿਰਪੱਖ ਅਤੇ ਸ਼ਾਂਤੀਪੂਰਨ ਢੰਗ ਨਾਲ ਨੇਪਰੇ ਚਾੜ੍ਹਨ ਲਈ ਕਮਿਸ਼ਨ ਵੱਲੋਂ 23 ਜ਼ਿਲ੍ਹਿਆਂ ਵਿੱਚ ਆਈਏਐਸ/ਸੀਨੀਅਰ ਪੀਸੀਐਸ ਅਧਿਕਾਰੀਆਂ ਨੂੰ ਜਨਰਲ ਅਬਜ਼ਰਵਰ ਨਿਯੁਕਤ ਕੀਤਾ ਗਿਆ ਹੈ। ਨਿਯੁਕਤ ਕੀਤੇ ਗਏ ਜਨਰਲ ਅਬਜ਼ਰਵਰਾਂ ਦੇ ਵੇਰਵੇ ਹੇਠ ਲਿਖੇ ਅਨੁਸਾਰ ਹਨ:- (1) ਸ੍ਰੀ ਪਰਮਦੀਪ ਸਿੰਘ, ਪੀ.ਸੀ.ਐਸ. (ਅੰਮ੍ਰਿਤਸਰ), (2) ਮਿਸ. ਪਰਨੀਤ ਸ਼ੇਰਗਿੱਲ, ਆਈ.ਏ.ਐਸ. (ਬਰਨਾਲਾ) (3) ਸ੍ਰੀ ਹਰਸੁਹਿੰਦਰ ਪਾਲ ਸਿੰਘ ਬਰਾੜ, ਆਈ.ਏ.ਐਸ. (ਬਠਿੰਡਾ), (4) ਸ੍ਰੀ ਸੁਖਪ੍ਰੀਤ ਸਿੰਘ ਸਿੱਧੂ, ਪੀ.ਸੀ.ਐਸ.(ਫਿਰੋਜ਼ਪੁਰ), (5) ਸ੍ਰੀ ਰੁਬਿੰਦਰਜੀਤ ਸਿੰਘ ਬਰਾੜ, ਆਈ.ਏ.ਐਸ. (ਫਰੀਦਕੋਟ), (6) ਸ੍ਰੀ ਰਿਸ਼ਭ ਬਾਂਸਲ, ਪੀ.ਸੀ.ਐਸ. (ਫਾਜ਼ਿਲਕਾ), (7) ਮਿਸ. ਹਰਗੁਣਜੀਤ ਕੌਰ, ਆਈ.ਏ.ਐਸ. (ਫਤਿਹਗੜ੍ਹ ਸਾਹਿਬ), (8) ਸ੍ਰੀ ਰਾਕੇਸ਼ ਕੁਮਾਰ ਪੋਪਲੀ, ਪੀ.ਸੀ.ਐਸ.(ਗੁਰਦਾਸਪੁਰ), (9) ਮਿਸ. ਹਰਜੋਤ ਕੌਰ, ਪੀ.ਸੀ.ਐਸ. (ਹੁਸ਼ਿਆਰਪੁਰ), (10) ਸ੍ਰੀ ਪਰਮਵੀਰ ਸਿੰਘ, ਆਈ.ਏ.ਐਸ. (ਜਲੰਧਰ), (11) ਮਿਸ. ਕਨੂੰ ਥਿੰਦ ਪੀ.ਸੀ.ਐਸ. (ਕਪੂਰਥਲਾ/19.05.2026 ਤੱਕ) ਅਤੇ ਸ੍ਰੀਮਤੀ ਸੇਨੂ ਦੁੱਗਲ, ਆਈ.ਏ.ਐਸ. (ਕਪੂਰਥਲਾ/24.05.2026 ਤੋਂ 29.05.2026), (12) ਮਿਸ. ਬਲਦੀਪ ਕੌਰ, ਆਈ.ਏ.ਐਸ. (ਲੁਧਿਆਣਾ), (13) ਮਿਸ. ਨਯਨ, ਪੀ.ਸੀ.ਐਸ. (ਮੋਗਾ), (14) ਸ੍ਰੀ ਅਮਿਤ ਸਰੀਨ, ਪੀ.ਸੀ.ਐਸ.(ਮਾਨਸਾ), (15) ਸ੍ਰੀ ਪਰਮੋਦ ਸਿੰਗਲਾ, ਪੀ.ਸੀ.ਐਸ.(ਮਾਲੇਰਕੋਟਲਾ), (16) ਸ੍ਰੀ ਅਮਰਬੀਰ ਸਿੰਘ, ਪੀ.ਸੀ.ਐਸ. (ਸ੍ਰੀ ਮੁਕਤਸਰ ਸਾਹਿਬ), (17) ਮਿਸ. ਅਪਨੀਤ ਰਿਆਤ, ਆਈ.ਏ.ਐਸ. (ਪਟਿਆਲਾ/19.05.2026 ਤੱਕ) ਅਤੇ ਸ੍ਰੀ ਰਿਸ਼ੀ ਪਾਲ ਸਿੰਘ, ਆਈ.ਏ.ਐਸ. (ਪਟਿਆਲਾ/24.05.2026 ਤੋਂ 29.05.2026 ਤੱਕ), (18) ਸ੍ਰੀ ਅਮਰਿੰਦਰ ਸਿੰਘ ਟਿਵਾਣਾ, ਪੀ.ਸੀ.ਐਸ. (ਪਠਾਨਕੋਟ), (19) ਸ੍ਰੀ ਜਗਜੀਤ ਸਿੰਘ, ਪੀ.ਸੀ.ਐਸ. (ਰੂਪਨਗਰ), (20) ਮਿਸ. ਅਮਨਦੀਪ ਕੌਰ, ਆਈ.ਏ.ਐਸ. (ਐਸ.ਬੀ.ਐਸ. ਨਗਰ), (21) ਸ੍ਰੀ ਅਭਿਜੀਤ ਕਪਲਿਸ਼, ਆਈ.ਏ.ਐਸ. (ਮੁਹਾਲੀ), (22) ਸ੍ਰੀ ਕਮਲ ਕੁਮਾਰ ਗਰਗ, ਆਈ.ਏ.ਐਸ. (ਸੰਗਰੂਰ), (23) ਸ੍ਰੀ ਵਿਕਾਸ ਹੀਰਾ, ਪੀ.ਸੀ.ਐਸ. (ਤਰਨਤਾਰਨ)।

# ਸੀਬੀਐੱਸਈ ਨੇ 9ਵੀਂ ਵਿੱਚ ਤਿੰਨ ਭਾਸ਼ਾਵਾਂ ਦੀ ਪੜ੍ਹਾਈ ਲਾਜ਼ਮੀ ਕੀਤੀ

ਜ਼ਿਕਰ ਪੰਜਾਬ

**ਚੰਡੀਗੜ੍ਹ/ਬਿਊਰੋ**

ਸੀ ਬੀ ਐੱਸ ਈ ਨੇ ਪਹਿਲੀ ਜੁਲਾਈ ਤੋਂ ਨੌਵੀਂ ਜਮਾਤ ਦੇ ਵਿਦਿਆਰਥੀਆਂ ਲਈ ਤਿੰਨ ਭਾਸ਼ਾਵਾਂ ਦਾ ਅਧਿਐਨ ਲਾਜ਼ਮੀ ਕਰ ਦਿੱਤਾ ਹੈ, ਜਿਨ੍ਹਾਂ ਵਿੱਚ ਘੱਟ-ਘੱਟ ਦੋ ਮੂਲ ਭਾਰਤੀ ਭਾਸ਼ਾਵਾਂ ਵੀ ਸ਼ਾਮਲ ਹਨ। ਇਹ ਜਾਣਕਾਰੀ ਬੋਰਡ ਵੱਲੋਂ ਜਾਰੀ ਸਰਕੁਲਰ ਵਿੱਚ ਦਿੱਤੀ ਗਈ ਹੈ। ਇਹ ਪਹਿਲਕਦਮੀ ਸੀ ਬੀ ਐੱਸ ਈ ਦੀ ਆਪਣੀ ਅਧਿਐਨ ਯੋਜਨਾ ਨੂੰ ਕੌਮੀ ਸਿੱਖਿਆ ਨੀਤੀ (ਐੱਨ ਈ ਪੀ) 2020 ਅਤੇ ਸਕੂਲ ਸਿੱਖਿਆ ਲਈ ਕੌਮੀ ਪਾਠਕ੍ਰਮ ਢਾਂਚੇ (ਐੱਨ ਸੀ ਐੱਫ-ਐੱਸ ਈ) 2023 ਦੇ ਅਨੁਕੂਲ ਬਣਾਉਣ ਦੀ ਕੜੀ ਦਾ ਹਿੱਸਾ ਹੈ। ਬੋਰਡ ਵੱਲੋਂ 15 ਮਈ ਨੂੰ ਜਾਰੀ ਸਰਕੂਲਰ ਮੁਤਾਬਕ ਵਿਦੇਸ਼ੀ ਭਾਸ਼ਾ ਦੀ ਚੋਣ ਕਰਨ ਵਾਲੇ ਵਿਦਿਆਰਥੀ ਦੋ ਮੂਲ ਭਾਰਤੀ ਭਾਸ਼ਾਵਾਂ ਦਾ ਅਧਿਐਨ ਕਰਨ ਤੋਂ ਬਾਅਦ ਤੀਜੀ ਭਾਸ਼ਾ ਵਜੋਂ ਜਾਂ ਇੱਕ ਵਾਧੂ ਚੌਥੀ ਭਾਸ਼ਾ ਵਜੋਂ ਅਜਿਹਾ ਕਰ ਸਕਦੇ ਹਨ। ਸਰਕੁਲਰ ਵਿੱਚ ਲਿਖਿਆ ਹੈ ਕਿ 'ਪਹਿਲੀ ਜੁਲਾਈ 2026 ਤੋਂ, ਨੌਵੀਂ ਜਮਾਤ ਲਈ ਤਿੰਨ ਭਾਸ਼ਾਵਾਂ (ਆਰ 1, ਆਰ 2, ਆਰ 3) ਦਾ ਅਧਿਐਨ ਲਾਜ਼ਮੀ ਹੋਵੇਗਾ, ਜਿਸ ਵਿੱਚ ਘੱਟੋ-ਘੱਟ ਦੋ ਭਾਸ਼ਾਵਾਂ ਮੂਲ ਭਾਰਤੀ ਭਾਸ਼ਾਵਾਂ ਹੋਣਗੀਆਂ।'

ਸੀ ਬੀ ਐੱਸ ਈ ਨੇ ਕਿਹਾ ਕਿ ਸਿੱਖਣ 'ਤੇ ਧਿਆਨ ਕੇਂਦਰਿਤ ਰੱਖਣ ਅਤੇ ਵਿਦਿਆਰਥੀਆਂ ਉੱਤੇ ਬੇਲੋੜੇ ਦਬਾਅ ਨੂੰ ਘਟਾਉਣ ਲਈ, ਦਸਵੀਂ ਜਮਾਤ ਦੇ ਪੱਧਰ 'ਤੇ ਆਰ 3 ਲਈ ਕੋਈ ਬੋਰਡ ਪ੍ਰੀਖਿਆ ਨਹੀਂ ਲਈ ਜਾਵੇਗੀ।

ਸਰਕੁਲਰ ਵਿੱਚ ਕਿਹਾ ਗਿਆ ਹੈ ਕਿ 'ਆਰ 3 ਲਈ ਸਾਰੇ ਮੁਲਾਂਕਣ ਪੂਰੀ ਤਰ੍ਹਾਂ ਸਕੂਲ-ਅਧਾਰਤ ਅਤੇ ਅੰਦਰੂਨੀ ਹੋਣਗੇ। ਆਰ 3 ਵਿੱਚ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਸੀ ਬੀ ਐੱਸ ਈ ਸਰਟੀਫਿਕੇਟ ਵਿੱਚ ਸਹੀ ਢੰਗ ਨਾਲ ਦਰਸਾਈ ਜਾਵੇਗੀ। ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਆਰ 3 ਕਰ ਕੇ ਕਿਸੇ ਵੀ ਵਿਦਿਆਰਥੀ ਨੂੰ ਦਸਵੀਂ ਜਮਾਤ ਦੀਆਂ ਬੋਰਡ ਪ੍ਰੀਖਿਆਵਾਂ ਵਿੱਚ ਸ਼ਾਮਲ ਹੋਣ ਤੋਂ ਨਹੀਂ ਰੋਕਿਆ ਜਾਵੇਗਾ। ਬੋਰਡ ਵੱਲੋਂ ਅੰਦਰੂਨੀ ਮੁਲਾਂਕਣ ਲਈ ਨਮੂਨਾ ਪ੍ਰਸ਼ਨ ਪੱਤਰ, ਰੁਬਰਿਕਸ (ਸੇਧਾਂ) ਜਲਦੀ ਹੀ ਸਾਂਝੇ ਕੀਤੇ ਜਾਣਗੇ।" ਬੋਰਡ ਨੇ ਸਕੂਲਾਂ ਨੂੰ 30 ਜੂਨ ਤੱਕ 'ਓ ਏ ਐੱਸ ਆਈ ਐੱਸ' ਪੋਰਟਲ 'ਤੇ 6ਵੀਂ ਤੋਂ 9ਵੀਂ ਜਮਾਤ ਲਈ ਆਪਣੀਆਂ ਆਰ 3 ਭਾਸ਼ਾ ਦੀਆਂ ਪੇਸ਼ਕਸ਼ਾਂ ਨੂੰ ਅਪਡੇਟ ਕਰਨ ਲਈ ਵੀ ਕਿਹਾ ਹੈ।

# ਆਕਾਸ਼ਵਾਣੀ ਦੇ 90 ਸਾਲ ਪੂਰੇ ਹੋਣ ਦੀ ਖੁਸ਼ੀ ਵਿੱਚ ਵਾਕਾਥੌਨ ਦਾ ਆਯੋਜਨ

ਜ਼ਿਕਰ ਪੰਜਾਬ

**ਚੰਡੀਗੜ੍ਹ/ਪ੍ਰੈਸ ਸੂਚਨਾ ਬਿਊਰੋ**

ਆਕਾਸ਼ਵਾਣੀ ਦੇ ਗੌਰਵਮਈ 90 ਸਾਲ ਪੂਰੇ ਹੋਣ ਦੀ ਖੁਸ਼ੀ ਵਿੱਚ ਸ਼ਨੀਵਾਰ ਸਵੇਰੇ ਇੱਕ ਸ਼ਾਨਦਾਰ ਵਾਕਾਥੌਨ ਦਾ ਆਯੋਜਨ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਆਕਾਸ਼ਵਾਣੀ ਚੰਡੀਗੜ੍ਹ, ਦੂਰਦਰਸ਼ਨ, ਪੱਤਰ ਸੂਚਨਾ ਦਫ਼ਤਰ, ਸੀਸੀਡਬਲਿਊ ਸਮੇਤ ਵੱਖ-ਵੱਖ ਸੰਸਥਾਵਾਂ ਦੇ 200 ਤੋਂ ਵੱਧ ਅਧਿਕਾਰੀਆਂ, ਕਰਮਚਾਰੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੇ ਉਤਸ਼ਾਹਪੂਰਵਕ ਹਿੱਸਾ ਲਿਆ। ਵਾਕਾਥੌਨ ਨੂੰ ਸ਼੍ਰੀ ਸੁਮੀਤ ਗੋਇਲ, ਡੀਡੀਜੀ ਅਤੇ ਕਲਸਟਰ ਹੈੱਡ, ਆਕਾਸ਼ਵਾਣੀ ਅਤੇ ਦੂਰਦਰਸ਼ਨ ਵੱਲੋਂ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ ਗਿਆ। ਪ੍ਰੋਗਰਾਮ ਵਿੱਚ ਉਤਸ਼ਾਹ, ਇਕਜੁੱਟਤਾ ਅਤੇ ਸਿਹਤ ਪ੍ਰਤੀ ਜਾਗਰੂਕਤਾ ਦਾ ਵਿਸ਼ੇਸ਼ ਮਾਹੌਲ ਦੇਖਣ ਨੂੰ ਮਿਲਿਆ। ਇਸ ਮੌਕੇ 'ਤੇ ਵਿਕਾਸ ਭੱਟ, ਡਾਇਰੈਕਟਰ (ਇੰਜੀਨੀਅਰਿੰਗ); ਸ਼੍ਰੀਮਤੀ ਪੂਨਮ ਅੰਮ੍ਰਿਤ ਸਿੰਘ, ਪ੍ਰੋਗਰਾਮ ਹੈੱਡ, ਆਕਾਸ਼ਵਾਣੀ; ਅਸ਼ਵਨੀ ਕੁਮਾਰ, ਨਿਊਜ਼ ਹੈੱਡ ਏਆਈਆਰ ਸੁਸ਼੍ਰੀ ਆਕਾਂਕਸ਼ਾ ਸਕਸੈਨਾ, ਨਿਊਜ਼ ਹੈੱਡ ਡੀਡੀਕੇ ਪ੍ਰੀਤਮ ਸਿੰਘ, ਡਾਇਰੈਕਟਰ, ਪੱਤਰ ਸੂਚਨਾ ਦਫ਼ਤਰ ਚੰਡੀਗੜ੍ਹ; ਸ਼੍ਰੀਮਤੀ ਮੀਨਾਕਸ਼ੀ ਕਾਲੀਆ, ਏਡੀਪੀ, ਆਕਾਸ਼ਵਾਣੀ; ਅਤੇ ਅਸ਼ਵਿਨੀ ਕੁਮਾਰ, ਪ੍ਰੋਗਰਾਮ ਐਗਜ਼ੀਕਿਊਟਿਵ ਸਮੇਤ ਵੱਖ-ਵੱਖ ਸਹਿਯੋਗੀ ਸੰਸਥਾਵਾਂ ਦੇ ਸੀਨੀਅਰ ਅਧਿਕਾਰੀ, ਕਰਮਚਾਰੀ ਅਤੇ ਉਨ੍ਹਾਂ ਦੇ ਬੱਚੇ ਵੱਡੀ ਗਿਣਤੀ ਵਿੱਚ ਮੌਜੂਦ ਰਹੇ। ਵਾਕਾਥੌਨ ਨੂੰ ਆਮ ਨਾਗਰਿਕਾਂ ਵੱਲੋਂ ਵੀ ਬਹੁਤ ਸਕਾਰਾਤਮਕ ਹੁੰਗਾਰਾ ਮਿਲਿਆ। ਸਵੇਰ ਦੀ ਸੈਰ ਕਰਨ ਵਾਲੇ ਕਈ ਲੋਕਾਂ ਅਤੇ ਆਕਾਸ਼ਵਾਣੀ ਦੇ ਪੁਰਾਣੇ ਸਰੋਤਿਆਂ ਨੇ ਇਸ ਪਹਿਲਕਦਮੀ ਦੀ ਸ਼ਲਾਘਾ ਕਰਦੇ ਹੋਏ ਆਕਾਸ਼ਵਾਣੀ ਨਾਲ ਜੁੜੀਆਂ ਆਪਣੀਆਂ ਪੁਰਾਣੀਆਂ ਯਾਦਾਂ ਅਤੇ ਅਨੁਭਵ ਭਾਗੀਦਾਰਾਂ ਨਾਲ ਸਾਂਝੇ ਕੀਤੇ। ਇਹ ਆਯੋਜਨ ਆਕਾਸ਼ਵਾਣੀ ਅਤੇ ਆਮ ਲੋਕਾਂ ਦਰਮਿਆਨ ਦਹਾਕਿਆਂ ਪੁਰਾਣੇ ਪਿਆਰ ਭਰੇ ਸਬੰਧਾਂ ਨੂੰ ਮਜ਼ਬੂਤ ਕਰਨ ਦੇ ਨਾਲ-ਨਾਲ ਸਿਹਤ, ਸਦਭਾਵਨਾ ਅਤੇ ਸਮੂਹਿਕ ਸ਼ਮੂਲੀਅਤ ਦਾ ਸੰਦੇਸ਼ ਦੇਣ ਵਿੱਚ ਸਫਲ ਰਿਹਾ।

# ਅੰਮ੍ਰਿਤਸਰ 'ਚ ਪੈਟਰੋਲ ਬੰਬ ਹਮਲੇ ਦਾ ਪਰਦਾਫਾਸ਼

**ਅੰਮ੍ਰਿਤਸਰ/ਬਿਊਰੋ**

ਅੰਮ੍ਰਿਤਸਰ ਦੇ ਕਸਬਾ ਰਮਦਾਸ ਅਧੀਨ ਪੈਂਦੇ ਪਿੰਡ ਸੁਧਾਰ ਵਿੱਚ ਸਰਪੰਚ ਦੇ ਘਰ 'ਤੇ ਹੋਏ ਪੈਟਰੋਲ ਬੰਬ ਹਮਲੇ ਅਤੇ ਫਾਇਰਿੰਗ ਮਾਮਲੇ ਵਿੱਚ ਅੰਮ੍ਰਿਤਸਰ ਦੇਹਾਤ ਪੁਲਿਸ ਨੇ ਵੱਡੀ ਕਾਰਵਾਈ ਕਰਦਿਆਂ ਚਾਰ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਅਨੁਸਾਰ ਇਹ ਹਮਲਾ ਇੱਕ ਸੁਚੱਜੀ ਸਾਜ਼ਿਸ਼ ਤਹਿਤ ਕੀਤਾ ਗਿਆ ਸੀ ਅਤੇ ਇਸ ਪਿੱਛੇ ਵਿਦੇਸ਼ਾਂ ਵਿੱਚ ਬੈਠੇ ਗੈਂਗਸਟਰਾਂ ਦਾ ਹੱਥ ਸਾਹਮਣੇ ਆ ਰਿਹਾ ਹੈ। ਐਸ.ਐਸ.ਪੀ. ਦੇਹਾਤ ਸੋਹੇਲ ਮੀਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 9 ਮਈ ਦੀ ਰਾਤ ਕਰੀਬ 11 ਵਜੇ ਮੌਜੂਦਾ ਸਰਪੰਚ ਦੇ ਘਰ 'ਤੇ ਪੈਟਰੋਲ ਬੰਬ ਸੁੱਟਿਆ ਗਿਆ ਸੀ ਅਤੇ ਇਲਾਕੇ ਵਿੱਚ ਦਹਿਸ਼ਤ ਫੈਲਾਉਣ ਲਈ ਗੋਲੀਆਂ ਵੀ ਚਲਾਈਆਂ ਗਈਆਂ। ਹਮਲੇ ਤੋਂ ਪਹਿਲਾਂ ਸਰਪੰਚ ਨੂੰ ਵਿਦੇਸ਼ਾਂ ਵਿੱਚ ਬੈਠੇ ਗੈਂਗਸਟਰਾਂ ਦੇ ਨਾਮ 'ਤੇ ਫਿਰੌਤੀ ਮੰਗਣ ਵਾਲੀਆਂ ਧਮਕੀਭਰੀਆਂ ਕਾਲਾਂ ਆ ਰਹੀਆਂ ਸਨ, ਜਿਸ ਕਾਰਨ ਪਿੰਡ ਅਤੇ ਆਸਪਾਸ ਦੇ ਇਲਾਕਿਆਂ ਵਿੱਚ ਸਹਿਮ ਦਾ ਮਾਹੌਲ ਬਣ ਗਿਆ ਸੀ। ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਪੁਲਿਸ ਨੇ ਤੁਰੰਤ ਵਿਸ਼ੇਸ਼ ਜਾਂਚ ਟੀਮਾਂ ਬਣਾਈਆਂ ਅਤੇ ਸੀਸੀਟੀਵੀ ਫੁਟੇਜ, ਤਕਨੀਕੀ ਸਬੂਤਾਂ ਅਤੇ ਗੁਪਤ ਸੂਚਨਾਵਾਂ ਦੇ ਆਧਾਰ 'ਤੇ ਚਾਰਾਂ ਮੁਲਜ਼ਮਾਂ ਨੂੰ ਕਾਬੂ ਕਰ ਲਿਆ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਕੁਲਵਿੰਦਰ ਸਿੰਘ, ਆਕਾਸ਼ਦੀਪ ਸਿੰਘ ਕੌੜਾ, ਆਕਾਸ਼ਦੀਪ ਸਿੰਘ ਬਾਬਾ ਅਤੇ ਜਗਤਾਰ ਸਿੰਘ ਵਜੋਂ ਹੋਈ ਹੈ। ਪੁਲਿਸ ਪੁੱਛਗਿੱਛ ਦੌਰਾਨ ਇਹ ਵੀ ਸਾਹਮਣੇ ਆਇਆ ਕਿ ਮੁਲਜ਼ਮ ਵਿਦੇਸ਼ਾਂ ਵਿੱਚ ਬੈਠੇ ਹੈਂਡਲਰਾਂ ਨਾਲ ਇੰਟਰਨੈੱਟ ਵੀਡੀਓ ਕਾਲਾਂ ਰਾਹੀਂ ਸੰਪਰਕ ਵਿੱਚ ਰਹਿੰਦੇ ਸਨ ਅਤੇ ਉਨ੍ਹਾਂ ਦੇ ਨਿਰਦੇਸ਼ਾਂ 'ਤੇ ਹੀ ਹਮਲੇ ਨੂੰ ਅੰਜਾਮ ਦਿੱਤਾ ਗਿਆ। ਜਾਂਚ ਵਿੱਚ ਇਹ ਖੁਲਾਸਾ ਵੀ ਹੋਇਆ ਕਿ ਹਮਲੇ ਤੋਂ ਪਹਿਲਾਂ ਸਾਰੇ ਮੁਲਜ਼ਮ ਇੱਕ ਮੀਟ ਸ਼ਾਪ 'ਤੇ ਇਕੱਠੇ ਹੋਏ, ਜਿੱਥੇ ਉਨ੍ਹਾਂ ਨੇ ਪੈਟਰੋਲ ਬੰਬ ਤਿਆਰ ਕੀਤੇ ਅਤੇ ਵਾਰਦਾਤ ਲਈ ਮੋਟਰਸਾਈਕਲ ਦਾ ਪ੍ਰਬੰਧ ਕੀਤਾ। ਪੁਲਿਸ ਅਧਿਕਾਰੀਆਂ ਮੁਤਾਬਕ ਇਹੀ ਗਿਰੋਹ ਪਹਿਲਾਂ ਵੀ ਇਸੇ ਪਿੰਡ ਦੇ ਇੱਕ ਹੋਰ ਸਰਪੰਚ ਦੇ ਘਰ 'ਤੇ ਫਾਇਰਿੰਗ ਦੀ ਘਟਨਾ ਵਿੱਚ ਸ਼ਾਮਲ ਰਹਿ ਚੁੱਕਾ ਹੈ। ਇਸ ਦੇ ਨਾਲ ਹੀ ਪੁਲਿਸ ਹੁਣ ਵਿਦੇਸ਼ੀ ਹੈਂਡਲਰਾਂ ਦੇ ਪੰਜਾਬ ਵਿੱਚ ਰਹਿੰਦੇ ਰਿਸ਼ਤੇਦਾਰਾਂ ਅਤੇ ਸਹਿਯੋਗੀਆਂ ਦੀ ਭੂਮਿਕਾ ਦੀ ਵੀ ਜਾਂਚ ਕਰ ਰਹੀ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਜਾਂਚ ਅਜੇ ਜਾਰੀ ਹੈ ਅਤੇ ਇਸ ਗੈਂਗਸਟਰ ਨੈੱਟਵਰਕ ਨਾਲ ਜੁੜੇ ਹੋਰ ਵੀ ਕਈ ਵੱਡੇ ਖੁਲਾਸੇ ਆਉਣ ਦੀ ਸੰਭਾਵਨਾ ਹੈ।



# ਕਾਂਗਰਸੀ ਆਗੂ ਨੂੰ ਗੈਂਗਸਟਰ ਤੋਂ ਫੋਨ ਕਰਵਾਉਣ ਵਾਲੇ ਡੀਐਸਪੀ ਨੂੰ ਬਰਖਾਸਤ ਕੀਤਾ ਜਾਵੇ: ਵੜਿੰਗ

ਜ਼ਿਕਰ ਪੰਜਾਬ

**ਚੰਡੀਗੜ੍ਹ/ਬਿਊਰੋ**

ਪੰਜਾਬ ਕਾਂਗਰਸ ਪ੍ਰਧਾਨ ਨੇ ਕਾਂਗਰਸੀ ਉਮੀਦਵਾਰ ਆਸ਼ੂ ਬਾਂਗੜ ਨੂੰ ਡਰਾਉਣ ਅਤੇ ਧਮਕਾਉਣ ਲਈ ਗੈਂਗਸਟਰ ਸੇਖੋਂ ਤੋਂ ਫੋਨ ਕਰਵਾਉਣ ਵਾਲੇ ਕਰਨ ਨਾਮ ਦੇ ਡੀਐਸਪੀ ਨੂੰ ਬਰਖਾਸਤ ਕੀਤੇ ਜਾਣ ਦੀ ਮੰਗ ਕੀਤੀ ਹੈ। ਇਸ ਬਾਰੇ ਖੁਲਾਸਾ ਕਰਦੇ, ਵੜਿੰਗ ਨੇ ਕਿਹਾ ਕਿ ਆਸ਼ੂ ਬਾਂਗੜ ਫਿਰੋਜ਼ਪੁਰ ਵਿੱਚ ਮਿਉਂਸੀਪਲ ਚੋਣਾਂ ਲਈ ਕਾਂਗਰਸ ਉਮੀਦਵਾਰਾਂ ਦੇ ਨਾਮਜ਼ਦਗੀ ਪੱਤਰ ਦਾਖਲ ਕਰਵਾਉਣ ਲਈ ਉਨ੍ਹਾਂ ਨਾਲ ਗਏ ਹੋਏ ਸਨ। ਉਨ੍ਹਾਂ ਨੇ ਕਿਹਾ ਕਿ 'ਸੇਖੋਂ' ਨਾਮ ਦਾ ਗੈਂਗਸਟਰ ਅਤੇ ਉਸਦੇ ਸਾਥੀ ਬਾਂਗੜ ਨੂੰ ਡਰਾਉਣ ਦੀ ਕੋਸ਼ਿਸ਼ ਕਰ ਰਹੇ ਸਨ ਅਤੇ ਕਾਂਗਰਸ ਉਮੀਦਵਾਰਾਂ ਨਾਲ ਨਾਮਜ਼ਦਗੀ ਪੱਤਰ ਦਾਖਲ ਕਰਨ ਲਈ ਨਾ ਜਾਣ ਦੀ ਚੇਤਾਵਨੀ ਦੇ ਰਹੇ ਸਨ। ਇਸ ਦੌਰਾਨ ਬਾਂਗੜ ਲਈ ਹੈਰਾਨੀ ਕਰਨ ਵਾਲੀ ਗੱਲ ਇਹ ਸੀ ਕਿ ਡੀਐਸਪੀ ਕਰਨ ਨੇ ਹੀ ਗੈਂਗਸਟਰ ਸੇਖੋਂ ਦੀ ਉਸ ਨਾਲ ਗੱਲ ਕਰਵਾਈ। ਇਸ ਦੌਰਾਨ ਵੜਿੰਗ ਨੇ ਮੰਗ ਕੀਤੀ ਹੈ ਕਿ ਸੰਬੰਧਿਤ ਡੀਐਸਪੀ ਨੂੰ ਤੁਰੰਤ ਨੌਕਰੀ ਤੋਂ ਬਰਖਾਸਤ ਕੀਤਾ ਜਾਵੇ ਅਤੇ ਉਸ ਖ਼ਿਲਾਫ਼ ਸਖ਼ਤ ਕਾਨੂੰਨੀ ਧਾਰਾਵਾਂ ਹੇਠ ਐਫਆਈਆਰ ਦਰਜ ਕੀਤੀ ਜਾਵੇ। ਉਨ੍ਹਾਂ ਨੇ ਕਿਹਾ ਕਿ ਹੋਰ



ਕੁਝ ਮਹੀਨਿਆਂ ਦੀ ਹੀ ਗੱਲ ਹੈ, ਜਦੋਂ ਪੰਜਾਬ ਵਿੱਚ ਕਾਂਗਰਸ ਦੀ ਸਰਕਾਰ ਬਣੇਗੀ ਅਤੇ ਡੀਐਸਪੀ ਕਰਨ ਵਰਗੇ ਅਧਿਕਾਰੀਆਂ ਨੂੰ ਨਾ ਸਿਰਫ਼ ਨੌਕਰੀ ਤੋਂ ਕੱਢਿਆ ਜਾਵੇਗਾ, ਸਗੋਂ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਵੀ ਕੀਤੀ ਜਾਵੇਗੀ। ਸੂਬਾ ਕਾਂਗਰਸ ਪ੍ਰਧਾਨ ਨੇ ਕਿਹਾ ਕਿ ਕਾਂਗਰਸ ਲਗਾਤਾਰ ਇਸ ਗੱਲ ਤੇ ਜ਼ੋਰ ਦਿੰਦੀ ਆ ਰਹੀ ਹੈ ਕਿ ਪੁਲਿਸ ਦੀ ਗੈਂਗਸਟਰਾਂ ਨਾਲ ਮਿਲੀ ਭੁਗਤ ਹੈ ਅਤੇ ਡੀਐਸਪੀ ਕਰਨ ਨੇ ਅੱਜ ਇਸਨੂੰ ਸਾਬਿਤ ਕਰ ਦਿੱਤਾ ਹੈ। ਉਨ੍ਹਾਂ ਸਵਾਲ ਕੀਤਾ ਕਿ ਜੇ ਪੰਜਾਬ ਪੁਲਿਸ ਦੀ ਗੈਂਗਸਟਰਾਂ ਨਾਲ ਮਿਲੀਭੁਗਤ ਨਹੀਂ ਸੀ, ਤਾਂ ਫਿਰ ਲੌਰੈਂਸ ਬਿਸ਼ਨੋਈ ਦਾ ਜੇਲ ਦੇ ਅੰਦਰੋਂ ਟੈਲੀਵਿਜ਼ਨ ਇੰਟਰਵਿਊ ਕਿਵੇਂ ਹੋਣ ਦਿੱਤਾ ਗਿਆ। ਵੜਿੰਗ ਨੇ ਖੁਲਾਸਾ ਕੀਤਾ ਕਿ ਨਾਮਜ਼ਦਗੀ ਪੱਤਰ ਦਾਖਲ ਕਰਨ ਜਾ ਰਹੇ ਕਾਂਗਰਸ ਉਮੀਦਵਾਰਾਂ 'ਤੇ ਹਮਲਾ ਕੀਤਾ ਗਿਆ ਅਤੇ ਇਕ ਮਹਿਲਾ ਉਮੀਦਵਾਰ ਨੂੰ ਇੰਨੀ ਬੇਰਹਿਮੀ ਨਾਲ ਕੁੱਟਿਆ ਗਿਆ ਕਿ ਉਸ ਦੀਆਂ ਦੋਵੇਂ ਟੰਗਾਂ ਟੁੱਟ ਗਈਆਂ। ਉਨ੍ਹਾਂ ਨੇ ਸਰਕਾਰ ਅਤੇ ਪੁਲਿਸ ਨੂੰ ਚੇਤਾਵਨੀ ਦਿੰਦਿਆਂ, ਦੁਹਰਾਇਆ ਕਿ ਕੁਝ ਮਹੀਨਿਆਂ ਬਾਅਦ ਹਰ ਕਿਸੇ ਤੋਂ ਹਿਸਾਬ ਲਿਆ ਜਾਵੇਗਾ। ਇਸ ਦੌਰਾਨ ਉਨ੍ਹਾਂ ਨੇ ਗੈਂਗਸਟਰਾਂ, ਸਰਕਾਰ ਅਤੇ ਪੁਲਿਸ ਦੀ ਧੱਕੇਸ਼ਾਹੀ ਖ਼ਿਲਾਫ਼ ਡੱਟ ਕੇ ਮੁਕਾਬਲਾ ਕਰਨ ਲਈ ਕਾਂਗਰਸ ਵਰਕਰਾਂ ਨੂੰ ਵਧਾਈ ਵੀ ਦਿੱਤੀ।

# ਪੀਜੀਪੀ ਬੈਚ ਦੇ ਵਿਦਿਆਰਥੀਆਂ ਦਾ ਕੀਤਾ ਸਵਾਗਤ

ਜ਼ਿਕਰ ਪੰਜਾਬ

**ਮੁਹਾਲੀ/ਬਿਊਰੋ**

ਆਪਣੇ 25ਵੇਂ ਸਾਲ ਵਿੱਚ, ਇੰਡੀਅਨ ਸਕੂਲ ਆਫ਼ ਬਿਜ਼ਨਸ ਨੇ ਆਪਣੇ ਹੈਦਰਾਬਾਦ ਅਤੇ ਮੋਹਾਲੀ ਕੈਂਪਸਾਂ ਵਿੱਚ ਪੋਸਟ ਗ੍ਰੈਜੂਏਟ ਪ੍ਰੋਗਰਾਮ 2027 ਬੈਚ ਲਈ 839 ਵਿਦਿਆਰਥੀਆਂ ਦਾ ਸਵਾਗਤ ਕੀਤਾ। ਇਸ ਬੈਚ ਵਿੱਚ ਹੈਦਰਾਬਾਦ ਕੈਂਪਸ ਵਿੱਚ 424 ਅਤੇ ਮੋਹਾਲੀ ਕੈਂਪਸ ਵਿੱਚ 415 ਵਿਦਿਆਰਥੀ ਸ਼ਾਮਲ ਹਨ। ਆਈਐੱਸਬੀ ਦੇ ਪੀਜੀਪੀ 2027 ਬੈਚ ਵਿੱਚ ਸ਼ੁਰੂਆਤੀ ਕਰੀਅਰ ਪੇਸ਼ੇਵਰਾਂ ਤੋਂ ਲੈ ਕੇ ਤਜਰਬੇਕਾਰ ਪ੍ਰਤਿਭਾ ਤੱਕ ਦਾ ਹਿੱਸਾ ਹੈ। ਵਿਦਿਆਰਥੀਆਂ ਦੀ ਔਸਤ ਉਮਰ 26 ਸਾਲ ਹੈ, ਅਤੇ ਉਨ੍ਹਾਂ ਕੋਲ 2 ਤੋਂ 18 ਸਾਲ ਤੱਕ ਦਾ ਕੰਮ ਦਾ ਤਜਰਬਾ ਹੈ। ਔਰਤਾਂ ਬੈਚ ਦਾ 45% ਤੋਂ ਵੱਧ ਹਿੱਸਾ ਬਣਾਉਂਦੀਆਂ ਹਨ, ਜੋ ਇੱਕ ਵਿਭਿੰਨ ਅਕਾਦਮਿਕ ਵਾਤਾਵਰਣ ਨੂੰ ਮਜ਼ਬੂਤ ਕਰਦੀਆਂ ਹਨ। ਇਹ ਬੈਚ 12 ਤੋਂ ਵੱਧ ਉਦਯੋਗਾਂ ਅਤੇ 15 ਵਿਭਿੰਨ ਵਰਟੀਕਲਾਂ ਤੋਂ ਪ੍ਰਤਿਭਾ ਨੂੰ ਇਕੱਠਾ ਕਰਦਾ ਹੈ, ਜਿਸ ਵਿੱਚ ਆਈਟੀਈਐਸ, ਬੈਂਕਿੰਗ, ਸਲਾਹਕਾਰ, ਈ-ਕਾਮਰਸ, ਮੀਡੀਆ ਅਤੇ ਐਫਐਮਸੀਜੀ ਵਰਗੇ ਖੇਤਰ ਸ਼ਾਮਲ ਹਨ। ਪੀਜੀਪੀ 2027 ਬੈਚ ਵਿੱਚ ਹਥਿਆਰਬੰਦ ਸੈਨਾਵਾਂ, ਜਨਤਕ ਖੇਤਰ ਦੇ ਸੰਗਠਨਾਂ ਜਿਵੇਂ ਕਿ ਇਸਰੋ ਅਤੇ ਬੀਏਆਰਸੀ, ਉੱਦਮੀ, ਅਤੇ ਦਵਾਈ, ਕਾਨੂੰਨ, ਇੰਜੀਨੀਅਰਿੰਗ, ਅਤੇ ਰਚਨਾਤਮਕ ਕਲਾ ਵਰਗੇ ਵਿਭਿੰਨ ਖੇਤਰਾਂ ਦੇ ਪੇਸ਼ੇਵਰ ਸ਼ਾਮਲ ਹਨ। ਇਸ ਬੈਚ ਵਿੱਚ ਕਈ ਪੁਰਸਕਾਰ ਜੇਤੂ ਪ੍ਰਤਿਭਾਵਾਂ ਵੀ ਹਨ, ਜਿਨ੍ਹਾਂ ਵਿੱਚ ਆਲ ਇੰਡੀਆ ਰੈਂਕ ਹੋਲਡਰ, ਐਥਲੀਟ ਅਤੇ ਵਿਦਵਾਨ ਸ਼ਾਮਲ ਹਨ। ਆਈਐੱਸਬੀ ਨੇ ਆਪਣੇ ਲਗਭਗ 13% ਵਿਦਿਆਰਥੀਆਂ ਨੂੰ 12 ਕਰੋੜ ਤੋਂ ਵੱਧ ਦੇ ਵਜ਼ੀਫ਼ੇ ਦਿੱਤੇ ਹਨ। ਇਨ੍ਹਾਂ ਵਿੱਚ ਯੋਗਤਾ-ਅਧਾਰਤ, ਲੋੜ-ਅਧਾਰਤ, ਅਤੇ ਵਿਭਿੰਨਤਾ-ਪ੍ਰੋਤਸਾਹਨ ਸਕਾਲਰਸ਼ਿਪ ਸ਼ਾਮਲ ਹਨ। ਇਹ ਸਕਾਲਰਸ਼ਿਪ ਅੰਸ਼ਕ ਤੋਂ ਪੂਰੀ ਟਿਊਸ਼ਨ ਫੀਸਾਂ ਨੂੰ ਕਵਰ ਕਰਦੀ ਹੈ ਅਤੇ ਵੱਖ-ਵੱਖ ਸ਼੍ਰੇਣੀਆਂ ਵਿੱਚ ਪੇਸ਼ ਕੀਤੀ ਜਾਂਦੀ ਹੈ, ਜਿਵੇਂ ਕਿ ਅੰਤਰਰਾਸ਼ਟਰੀ ਵਿਭਿੰਨਤਾ, ਹਥਿਆਰਬੰਦ ਸੈਨਾਵਾਂ ਦੁਆਰਾ ਸਮਰਥਤ ਪਹਿਲਕਦਮੀਆਂ, ਅਤੇ ਭਾਈਵਾਲ ਸੰਸਥਾਵਾਂ। ਨਵੇਂ ਬੈਚ ਦਾ ਸਵਾਗਤ ਕਰਦੇ ਹੋਏ, ਪ੍ਰੋਫੈਸਰ ਦੀਪਾ ਮਨੀ, ਡਿਪਟੀ ਡੀਨ, ਅਕਾਦਮਿਕ ਪ੍ਰੋਗਰਾਮ, ਆਈਐੱਸਬੀ ਨੇ ਕਿਹਾ, ਅਸੀਂ ਪੀਜੀਪੀ 2027 ਬੈਚ ਦਾ ਆਈਐੱਸਬੀ ਵਿੱਚ ਸਵਾਗਤ ਕਰਦੇ ਹੋਏ ਬਹੁਤ ਖੁਸ਼ ਹਾਂ। ਇਹ ਬੈਚ ਸਾਡੇ ਵਿਸ਼ਵ ਭਾਈਚਾਰੇ ਦੀ ਵਿਭਿੰਨਤਾ, ਪ੍ਰਤਿਭਾ ਅਤੇ ਇੱਛਾਵਾਂ ਨੂੰ ਦਰਸਾਉਂਦਾ ਹੈ। ਆਈਐੱਸਬੀ ਲੀਡਰਸ਼ਿਪ ਅਤੇ ਨਵੀਨਤਾ ਦੇ 25 ਸਾਲਾਂ ਦਾ ਜਸ਼ਨ ਮਨਾ ਰਿਹਾ ਹੈ। ਸਾਨੂੰ ਵਿਸ਼ਵਾਸ ਹੈ ਕਿ ਅਸੀਂ ਵਿਦਿਆਰਥੀਆਂ ਨੂੰ ਹਮਦਰਦ, ਜ਼ਿੰਮੇਵਾਰ ਅਤੇ ਦੂਰਦਰਸ਼ੀ ਨੇਤਾ ਬਣਨ ਵਿੱਚ ਸਹਾਇਤਾ ਕਰਾਂਗੇ ਜੋ ਤੇਜ਼ੀ ਨਾਲ ਬਦਲਦੀ ਦੁਨੀਆ ਵਿੱਚ ਅਰਥਪੂਰਨ ਤਬਦੀਲੀ ਲਿਆਉਣਗੇ। ਜਿਵੇਂ ਕਿ ਆਈਐੱਸਬੀ 25 ਸਾਲਾਂ ਦਾ ਜਸ਼ਨ ਮਨਾ ਰਿਹਾ ਹੈ, ਨਵਾਂ ਬੈਚ ਪ੍ਰਤਿਭਾਸ਼ਾਲੀ ਨੌਜਵਾਨਾਂ ਨੂੰ ਆਕਰਸ਼ਿਤ ਕਰਨ ਅਤੇ ਉਨ੍ਹਾਂ ਨੂੰ ਵਿਸ਼ਵ ਪੱਧਰੀ ਪ੍ਰਬੰਧਨ ਸਿੱਖਿਆ ਤੱਕ ਪਹੁੰਚ ਪ੍ਰਦਾਨ ਕਰਨ ਲਈ ਸੰਸਥਾ ਦੇ ਨਿਰੰਤਰ ਯਤਨਾਂ ਨੂੰ ਦਰਸਾਉਂਦਾ ਹੈ। ਆਈਐੱਸਬੀ ਦਾ ਪੀਜੀਪੀ ਪ੍ਰੋਗਰਾਮ ਇੱਕ ਮਜ਼ਬੂਤ ??ਅਤੇ ਉਦਯੋਗ-ਸੰਬੰਧਿਤ ਕੋਰਸ ਹੈ ਜੋ ਵਿਦਿਆਰਥੀਆਂ ਨੂੰ ਅੱਜ ਦੇ ਤੇਜ਼ੀ ਨਾਲ ਵਿਕਸਤ ਹੋ ਰਹੇ ਵਪਾਰਕ ਵਾਤਾਵਰਣ ਵਿੱਚ ਸਫਲ ਹੋਣ ਲਈ ਜ਼ਰੂਰੀ ਗਿਆਨ, ਹੁਨਰ ਅਤੇ ਮਾਨਸਿਕਤਾ ਪ੍ਰਦਾਨ ਕਰਦਾ ਹੈ।

# ਮੋਦੀ ਸਰਕਾਰ ਦਾ ਰਾਤੋ-ਰਾਤ ਡੀਜ਼ਲ-ਪੈਟਰੋਲ ਦੀਆਂ ਕੀਮਤਾਂ ਵਧਾਉਣ ਦਾ ਫੈਸਲਾ ਪੰਜਾਬ ਅਤੇ ਕਿਸਾਨ-ਵਿਰੋਧੀ ਕਦਮ : ਧਾਲੀਵਾਲ

## ਕਿਹਾ, ਦੇਸ਼ ਦੇ ਅੰਨ ਭੰਡਾਰ ਵਿੱਚ ਪੰਜਾਬ ਦਾ ਸਭ ਤੋਂ ਮਹੱਤਵਪੂਰਨ ਯੋਗਦਾਨ, ਇਸ ਵਾਧੇ ਦਾ ਸਭ ਤੋਂ ਘਾਤਕ ਅਸਰ ਸਾਡੇ ਕਿਸਾਨਾਂ 'ਤੇ ਪਵੇਗਾ

ਜ਼ਿਕਰ ਪੰਜਾਬ

**ਚੰਡੀਗੜ੍ਹ/ਬਿਊਰੋ**

ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਮੁੱਖ ਬੁਲਾਰੇ ਅਤੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਡੀਜ਼ਲ, ਪੈਟਰੋਲ ਅਤੇ ਸੀਐਨਜੀ ਦੀਆਂ ਕੀਮਤਾਂ ਵਿੱਚ ਕੀਤੇ ਗਏ ਬੇਤਹਾਸ਼ਾ ਵਾਧੇ ਨੂੰ ਲੈ ਕੇ ਨਰਿੰਦਰ ਮੋਦੀ ਸਰਕਾਰ 'ਤੇ ਤਿੱਖਾ ਹਮਲਾ ਬੋਲਿਆ ਹੈ। ਧਾਲੀਵਾਲ ਨੇ ਇਸ ਨੂੰ ਦੇਸ਼-ਵਿਰੋਧੀ, ਪੰਜਾਬ-ਵਿਰੋਧੀ ਅਤੇ ਪੂਰੀ ਤਰ੍ਹਾਂ ਕਿਸਾਨ-ਵਿਰੋਧੀ ਕਦਮ ਦੱਸਦਿਆਂ ਕਹਿ ਕਿ ਜਦੋਂ ਦੇਸ਼ ਦੇ ਲੋਕ ਸਵੇਰੇ ਸੋ ਕੇ ਉੱਠੇ, ਤਾਂ ਕੇਂਦਰ ਸਰਕਾਰ ਨੇ ਉਨ੍ਹਾਂ ਨੂੰ ਮਹਿੰਗਾਈ ਦਾ ਇੱਕ ਬਹੁਤ ਵੱਡਾ ਝਟਕਾ ਦਿੱਤਾ। ਇਸ ਫੈਸਲੇ ਨੇ ਸਾਫ਼ ਕਰ ਦਿੱਤਾ ਹੈ ਕਿ ਭਾਜਪਾ ਆਮ ਜਨਤਾ ਅਤੇ ਦੇਸ਼ ਦੇ ਅੰਨਦਾਤਾ ਨੂੰ ਬਰਬਾਦ ਕਰਨ 'ਤੇ ਤੁਲੀ ਹੋਈ ਹੈ। ਸ਼ੁੱਕਰਵਾਰ ਨੂੰ 'ਆਪ' ਆਗੂ ਪ੍ਰਭਵੀਰ ਬਰਾੜ ਨਾਲ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕੁਲਦੀਪ ਧਾਲੀਵਾਲ ਨੇ ਪੰਜਾਬ ਦੇ ਮੌਜੂਦਾ ਖੇਤੀ ਸੰਕਟ ਅਤੇ ਝੋਨੇ ਦੇ ਸੀਜ਼ਨ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਸ ਸਮੇਂ ਪੂਰੇ ਦੇਸ਼ ਅਤੇ ਵਿਸ਼ੇਸ਼ ਤੌਰ 'ਤੇ ਪੰਜਾਬ ਵਿੱਚ ਝੋਨੇ ਦੀ ਬਿਜਾਈ ਦਾ ਸੀਜ਼ਨ ਸ਼ੁਰੂ ਹੋ ਚੁੱਕਾ ਹੈ। ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਾਡੀ ਸਰਕਾਰ ਨੇ ਕਿਸਾਨਾਂ ਲਈ ਨਹਿਰੀ ਪਾਣੀ ਦਾ ਪ੍ਰਬੰਧ ਕੀਤਾ ਹੈ ਅਤੇ 1 ਜੂਨ ਤੋਂ ਝੋਨੇ ਦੀ ਲਵਾਈ ਪੂਰੇ ਜ਼ੋਰ-ਸ਼ੋਰ ਨਾਲ ਸ਼ੁਰੂ ਹੋਣ ਜਾ ਰਹੀ ਹੈ। ਕਿਸਾਨ ਆਪਣੀ ਕਣਕ ਦੀ ਫ਼ਸਲ ਅਤੇ ਤੂੜੀ ਨੂੰ ਸਾਂਭ ਕੇ ਅਗਲੀ ਮੁੱਖ ਫ਼ਸਲ ਲਈ ਦਿਨ-ਰਾਤ ਖੇਤਾਂ ਨੂੰ ਤਿਆਰ ਕਰਨ ਵਿੱਚ ਜੁਟੇ ਹੋਏ ਹਨ। ਅਜਿਹੇ ਨਾਜ਼ੁਕ ਸਮੇਂ ਵਿੱਚ ਡੀਜ਼ਲ ਦੀ ਕੀਮਤ ਵਿੱਚ 3.11 ਰੁਪਏ ਪ੍ਰਤੀ ਲੀਟਰ ਦਾ ਭਾਰੀ ਵਾਧਾ ਕਰਨਾ ਸਿੱਧੇ ਤੌਰ 'ਤੇ ਪੰਜਾਬ ਦੇ ਕਿਸਾਨਾਂ ਦੀ ਪਿੱਠ ਵਿੱਚ ਛੁਰਾ ਘੋਪਣ ਵਾਂਗ ਹੈ। ਭਾਜਪਾ ਅਤੇ ਪ੍ਰਧਾਨ ਮੰਤਰੀ ਮੋਦੀ ਦੀ ਨੀਅਤ 'ਤੇ ਸਵਾਲ ਉਠਾਉਂਦਿਆਂ ਧਾਲੀਵਾਲ ਨੇ ਕਿਹਾ ਕਿ ਕਿਸਾਨ ਅੰਦੋਲਨ ਅੱਗੇ ਜਦੋਂ ਮੋਦੀ ਸਰਕਾਰ ਨੂੰ ਝੁਕਣਾ ਪਿਆ ਅਤੇ ਤਿੰਨੋਂ ਕਾਲੇ ਖੇਤੀ ਕਾਨੂੰਨ ਵਾਪਸ ਲੈਣੇ ਪਏ, ਉਸ ਹਾਰ ਦੀ ਚੋਭ ਅੱਜ ਵੀ ਪ੍ਰਧਾਨ ਮੰਤਰੀ ਮੋਦੀ ਦੇ ਦਿਮਾਗ ਵਿੱਚੋਂ ਨਹੀਂ ਨਿਕਲ ਰਹੀ। ਮੋਦੀ ਸਰਕਾਰ ਜਾਣਬੁੱਝ ਕੇ ਵਾਰ-ਵਾਰ ਪੰਜਾਬ ਅਤੇ ਇੱਥੋਂ ਦੇ ਕਿਸਾਨਾਂ-ਮਜ਼ਦੂਰਾਂ ਨੂੰ ਤੰਗ ਕਰ ਰਹੀ ਹੈ। ਕੇਂਦਰ ਨੇ ਪਹਿਲਾਂ ਪੰਜਾਬ ਦਾ ਪੇਂਡੂ ਵਿਕਾਸ ਫੰਡ (ਆਰਡੀਐਫ) ਰੋਕਿਆ ਅਤੇ ਹੁਣ ਡੀਜ਼ਲ ਦੀਆਂ ਕੀਮਤਾਂ ਵਧਾ ਕੇ



ਕਿਸਾਨਾਂ 'ਤੇ ਅਸਹਿ ਬੋਝ ਪਾ ਦਿੱਤਾ ਹੈ। ਪੰਜਾਬ ਦੇਸ਼ ਦੇ ਅੰਨ ਭੰਡਾਰ ਦੀ ਅਗਵਾਈ ਕਰਦਾ ਹੈ, ਇਸ ਲਈ ਇਸ ਵਾਧੇ ਦਾ ਸਭ ਤੋਂ ਘਾਤਕ ਅਸਰ ਸਾਡੇ ਕਿਸਾਨਾਂ 'ਤੇ ਪਵੇਗਾ। ਧਾਲੀਵਾਲ ਨੇ ਕੇਂਦਰ ਸਰਕਾਰ ਦੀਆਂ ਗਲਤ ਵਿਦੇਸ਼ੀ ਅਤੇ ਵਪਾਰਕ ਨੀਤੀਆਂ 'ਤੇ ਬੋਲਦਿਆਂ ਕਿਹਾ ਕਿ ਇਸ ਸਾਲ 26 ਫਰਵਰੀ ਨੂੰ ਜਦੋਂ ਅਮਰੀਕਾ-ਇੰਡੀਆ ਟ?ਰੇਡ ਡੀਲ ਹੋਈ ਸੀ, ਉਦੋਂ ਆਮ ਆਦਮੀ ਪਾਰਟੀ ਦੇਸ਼ ਦੀ ਪਹਿਲੀ ਪਾਰਟੀ ਸੀ ਜਿਸ ਨੇ ਪ੍ਰੈਸ ਕਾਨਫਰੰਸ ਕਰਕੇ ਇਸ ਸੌਦੇ ਦਾ ਜ਼ੋਰਦਾਰ ਵਿਰੋਧ ਕੀਤਾ ਸੀ। ਮੈਂ ਉਸੇ ਦਿਨ ਚੇਤਾਵਨੀ ਦਿੱਤੀ ਸੀ ਕਿ ਮੋਦੀ ਨੇ ਅਮਰੀਕਾ ਅੱਗੇ ਜੋ ਗੋਡੇ ਟੇਕੇ ਹਨ, ਉਹ ਇਸ ਦੇਸ਼ ਨੂੰ ਬਰਬਾਦੀ ਵੱਲ ਲੈ ਜਾਣਗੇ। ਇਸ ਤੋਂ ਪਹਿਲਾਂ ਸਾਨੂੰ ਸਾਡਾ ਪੁਰਾਣਾ ਅਤੇ ਭਰੋਸੇਮੰਦ ਦੋਸਤ ਰੂਸ ਮਹਿਜ਼ £35 ਤੋਂ £50 ਪ੍ਰਤੀ ਬੈਰਲ 'ਤੇ ਸਸਤਾ ਕੱਚਾ ਤੇਲ ਦੇ ਰਿਹਾ ਸੀ, ਜੋ ਅੱਜ ਵੀ ਚੀਨ ਨੂੰ ਮਿਲ ਰਿਹਾ ਹੈ। ਪਰ ਅਮਰੀਕਾ ਦੇ ਦਬਾਅ ਹੇਠ ਮੋਦੀ ਸਰਕਾਰ ਨੇ ਉੱਥੋਂ ਤੇਲ ਲੈਣਾ ਬੰਦ ਕਰ ਦਿੱਤਾ ਅਤੇ ਅੱਜ ਉਸ ਦਾ ਨਤੀਜਾ ਦੇਸ਼ ਭੁਗਤ ਰਿਹਾ ਹੈ। ਪੈਟਰੋਲ-ਡੀਜ਼ਲ ਦੀਆਂ ਕੀਮਤਾਂ 100 ਤੋਂ ਪਾਰ ਪਹੁੰਚ ਚੁੱਕੀਆਂ ਹਨ।

ਉਨ੍ਹਾਂ ਨੇ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਅਤੇ ਉਨ੍ਹਾਂ ਦੀ ਮੰਡਲੀ 'ਤੇ ਤੰਜ਼ ਕਸਦਿਆਂ ਕਿਹਾ ਕਿ ਜਾਖੜ ਐਂਡ ਕੰਪਨੀ, ਜੋ ਕੱਲ੍ਹ ਤੱਕ ਕੇਂਦਰ ਦੀ ਵਕਾਲਤ ਕਰ ਰਹੀ ਸੀ, ਅੱਜ ਜਨਤਾ ਨੂੰ ਜਵਾਬ ਦੇਵੇ ਕਿ ਇਹ ਕੇਹਾ ਇਨਸਾਫ਼ ਹੈ? ਪਰਸੋਂ ਕੇਂਦਰ ਸਰਕਾਰ ਨੇ ਝੋਨੇ ਦੇ ਐਮਐਸਪੀ ਵਿੱਚ ਊਠ ਦੇ ਮੂੰਹ ਵਿੱਚ ਜ਼ੀਰੇ ਵਾਂਗ ਮਹਿਜ਼ 72 ਪੈਸੇ ਪ੍ਰਤੀ ਕਿਲੋ ਦਾ ਵਾਧਾ ਕਰਕੇ ਕਿਸਾਨਾਂ ਨਾਲ ਕੋਝਾ ਮਜ਼ਾਕ ਕੀਤਾ। ਦੂਜੇ ਪਾਸੇ, ਡੀਜ਼ਲ ਦੇ ਦਾਮ 3.11 ਰੁਪਏ ਪ੍ਰਤੀ ਲੀਟਰ ਵਧਾ ਦਿੱਤੇ। ਉਨ੍ਹਾਂ ਕਿਹਾ ਕਿ ਲੁਧਿਆਣਾ ਐਗਰੀਕਲਚਰਲ ਯੂਨੀਵਰਸਿਟੀ ਦੇ ਮਾਹਰਾਂ ਤੋਂ ਪੁੱਛੋ ਕਿ ਝੋਨਾ ਪੈਦਾ ਕਰਨ ਦੀ ਲਾਗਤ ਕੀ ਆਉਂਦੀ ਹੈ। ਬਾਜ਼ਾਰ ਵਿੱਚ ਚੌਲ 50 ਤੋਂ ਲੈ ਕੇ 200 ਰੁਪਏ ਕਿਲੋ ਤੱਕ ਵਿਕਦਾ ਹੈ ਅਤੇ ਕਿਸਾਨ ਨੂੰ ਸਿਰਫ਼ 72 ਪੈਸੇ ਦਿੱਤੇ ਜਾ ਰਹੇ ਹਨ। ਕੁਲਦੀਪ ਧਾਲੀਵਾਲ ਨੇ ਕਿਹਾ ਕਿ ਡੀਜ਼ਲ ਦੇ ਦਾਮ ਵਧਣ ਨਾਲ ਸਿਰਫ਼ ਕਿਸਾਨ ਹੀ ਨਹੀਂ, ਸਗੋਂ ਆਮ ਨਾਗਰਿਕ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਵੇਗਾ। ਮਾਲ ਢੋਆ-ਢੁਆਈ ਅਤੇ ਟਰਾਂਸਪੋਰਟੇਸ਼ਨ ਮਹਿੰਗੀ ਹੋਣ ਕਾਰਨ ਖਾਣ-ਪੀਣ ਦੀ ਹਰ ਲੋੜੀਂਦੀ ਚੀਜ਼ ਦੀਆਂ ਕੀਮਤਾਂ ਅਸਮਾਨ ਨੂੰ ਛੂਹਣ ਲੱਗਣਗੀਆਂ। ਉਨ੍ਹਾਂ ਪ੍ਰਧਾਨ ਮੰਤਰੀ ਮੋਦੀ 'ਤੇ ਤਨਜ਼ ਕਸਦਿਆਂ ਕਿਹਾ ਕਿ ਇੱਕ ਪਾਸੇ ਜਨਤਾ ਨੂੰ ਨਸੀਹਤਾਂ ਦਿੱਤੀਆਂ ਜਾ ਰਹੀਆਂ ਹਨ ਕਿ ਗੱਡੀਆਂ ਘੱਟ ਚਲਾਓ, ਦਫ਼ਤਰਾਂ ਵਿੱਚ ਕਾਰਾਂ ਨਾ ਲਿਆਓ, ਮੋਟਰਸਾਈਕਲ ਅਤੇ ਸਾਈਕਲ ਦੀ ਵਰਤੋਂ ਕਰੋ ਅਤੇ ਦੂਜੇ ਪਾਸੇ ਉਹ ਖੁਦ ਦੇਸ਼ ਨੂੰ ਮਹਿੰਗਾਈ ਦੇ ਦਲਦਲ ਵਿੱਚ ਧੱਕ ਕੇ ਸਰਕਾਰੀ ਜਹਾਜ਼ ਉਡਾ ਕੇ ਵਿਦੇਸ਼ ਦੌਰਿਆਂ 'ਤੇ ਨਿਕਲ ਗਏ ਹਨ। ਉਨ੍ਹਾਂ ਕਿਹਾ ਕਿ ਅਸੀਂ ਕੇਂਦਰ ਸਰਕਾਰ ਦੇ ਇਸ ਜਨ-ਵਿਰੋਧੀ ਫੈਸਲੇ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦੇ ਹਾਂ। ਕੇਂਦਰ ਸਰਕਾਰ ਨੂੰ ਇਸ ਨੂੰ ਤੁਰੰਤ ਵਾਪਸ ਲੈਣਾ ਚਾਹੀਦਾ ਹੈ।

# ਪੰਜਾਬ ਸਟੇਟ ਕਰਮਚਾਰੀ ਯੂਨੀਅਨ ਦੇ ਵਫਦ ਵੱਲੋਂ ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨਾਲ ਮੁਲਾਕਾਤ

## ਕਲਰਕਾਂ ਦੀ ਮੁੱਢਲੀ ਤਨਖ਼ਾਹ ਦੇ ਮੁੱਦੇ ਤੋਂ ਕਰਵਾਇਆ ਜਾਣੂੰ



ਜ਼ਿਕਰ ਪੰਜਾਬ

**ਲੁਧਿਆਣਾ** : ਪੰਜਾਬ ਸਟੇਟ ਜ਼ਿਲ੍ਹਾ (ਡੀ.ਸੀ. ਦਫ਼ਤਰ) ਕਰਮਚਾਰੀ ਯੂਨੀਅਨ ਦੇ ਜ਼ਿਲ੍ਹਾ ਯੂਨਿਟ, ਲੁਧਿਆਣਾ ਦੇ ਵਫਦ ਵੱਲੋਂ ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨਾਲ ਮੁਲਾਕਾਤ ਕਰਕੇ ਮਿਤੀ 17.07.2020 ਤੋਂ ਬਾਅਦ ਭਰਤੀ ਹੋਏ ਕਲਰਕਾਂ ਨੂੰ ਪਹਿਲੇ ਕਰਮਚਾਰੀਆਂ ਦੀ ਤਰਜ 'ਤੇ ਮੁਢਲੀ ਤਨਖਾਹ ਦੇਣ ਬਾਰੇ ਗੁਜਾਰਿਸ਼ ਕੀਤੀ। ਦਫ਼ਤਰ ਡਿਪਟੀ ਕਮਿਸ਼ਨਰ, ਲੁਧਿਆਣਾ ਵਿਖੇ ਫਰਵਰੀ ਅਤੇ ਮਾਰਚ 2023 ਵਿੱਚ ਲਗਭਗ 70 ਕਲਰਕਾਂ ਦੀ ਨਿਯੁਕਤੀ ਹੋਈ ਹੈ। ਪੰਜਾਬ ਸਰਕਾਰ ਦੇ ਵਿੱਤ ਵਿਭਾਗ ਵੱਲੋਂ ਜਾਰੀ ਪੱਤਰ ਰਾਹੀਂ ਕੇਂਦਰ ਸਰਕਾਰ ਦੇ 7ਵੇਂ ਪੇਅ ਕਮਿਸ਼ਨ ਦੇ ਅਧਾਰ 'ਤੇ ਪੰਜਾਬ ਸੂਬੇ ਦੇ ਵੱਖ-ਵੱਖ ਵਿਭਾਗਾਂ ਵਿੱਚ ਕੰਮ ਕਰਦੇ ਕਲਰਕਾਂ ਦੀ ਮੁਢਲੀ ਤਨਖਾਹ 19,900/-ਰੁਪਏ ਤੈਅ ਹੋਈ ਸੀ ਜਿਸਦੇ ਤਹਿਤ ਜਿਹੜੇ ਕਰਮਚਾਰੀ 17.07.2020 ਤੋਂ ਬਾਅਦ ਭਰਤੀ ਹੋਏ ਹਨ, ਉਹ 19,900/-ਰੁਪਏ ਦੀ ਨਿਸ਼ਚਿਤ ਮੁਢਲੀ ਤਨਖਾਹ ਦੇ ਹੱਕਦਾਰ ਹਨ।

# ਡਕੈਤੀ ਦੀ ਯੋਜਨਾ ਬਣਾ ਰਹੇ 6 ਬਦਮਾਸ਼ ਹਥਿਆਰਾਂ ਸਮੇਤ ਕਾਬੂ

ਜ਼ਿਕਰ ਪੰਜਾਬ

**ਗੁਰਦਾਸਪੁਰ/ਬਿਊਰੋ**

ਗੁਰਦਾਸਪੁਰ ਪੁਲਿਸ ਨੇ ਅਪਰਾਧੀਆਂ ਖ਼?ਲਾਫ਼ ਚਲਾਈ ਜਾ ਰਹੀ ਮੁਹਿੰਮ ਤਹਿਤ ਇੱਕ ਵੱਡੀ ਸਫ਼ਲਤਾ ਹਾਸਲ ਕਰਦਿਆਂ ਡਕੈਤੀ ਦੀ ਯੋਜਨਾ ਤਿਆਰ ਕਰ ਰਹੇ 6 ਖ਼ਤਰਨਾਕ ਬਦਮਾਸ਼ਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਨੇ ਇਨ੍ਹਾਂ ਮੁਲਜ਼ਮਾਂ ਕੋਲੋਂ ਨਜਾਇਜ਼ ਪਿਸਤੌਲ, ਜ਼ਿੰਦਾ ਕਾਰਤੂਸ ਅਤੇ ਹੋਰ ਤੇਜ਼ਧਾਰ ਹਥਿਆਰ ਵੀ ਬਰਾਮਦ ਕੀਤੇ ਹਨ। ਫੜੇ ਗਏ ਮੁਲਜ਼ਮਾਂ ਦਾ ਪਿਛੋਕੜ ਅਪਰਾਧਿਕ ਦੱਸਿਆ ਜਾ ਰਿਹਾ ਹੈ ਅਤੇ ਇਨ੍ਹਾਂ ਖ਼?ਲਾਫ਼ ਪਹਿਲਾਂ ਵੀ ਕਈ ਗੰਭੀਰ ਕੇਸ ਦਰਜ ਹਨ। ਐਸ.ਐਸ.ਪੀ. ਗੁਰਦਾਸਪੁਰ ਆਦਿੱਤਿਆ ਨੇ ਪ੍ਰੈਸ ਕਾਨਫਰੰਸ ਦੌਰਾਨ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੁਲਿਸ ਨੂੰ ਗੁਪਤ ਸੂਚਨਾ ਪ੍ਰਾਪਤ ਹੋਈ ਸੀ ਕਿ ਕੁਝ ਸ਼ੱਕੀ ਨੌਜਵਾਨ ਪਿੰਡ ਕੌਂਟਾ ਦੇ



ਸ਼ਮਸ਼ਾਨਘਾਟ ਨੇੜੇ ਇੱਕ ਕਾਰ ਵਿੱਚ ਇਕੱਠੇ ਹੋ ਕੇ ਕਿਸੇ ਵੱਡੀ ਵਾਰਦਾਤ ਨੂੰ ਅੰਜਾਮ ਦੇਣ ਦੀ ਤਿਆਰੀ ਕਰ ਰਹੇ ਹਨ। ਸੂਚਨਾ ਮਿਲਦੇ ਹੀ ਥਾਣਾ ਦੀਨਾਨਗਰ ਦੀ ਪੁਲਿਸ ਨੇ ਤੁਰੰਤ ਕਾਰਵਾਈ ਕਰਦਿਆਂ ਇਲਾਕੇ ਦੀ ਘੇਰਾਬੰਦੀ ਕੀਤੀ ਅਤੇ ਮੌਕੇ ਤੋਂ 6 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ। ਪੁਲਿਸ ਵੱਲੋਂ ਜਦੋਂ ਮੁਲਜ਼ਮਾਂ ਦੀ ਵਰਨਾ ਕਾਰ ਨੰਬਰ ਪੀਬੀ 18 ਪੀ 1700 ਦੀ ਤਲਾਸ਼ੀ ਲਈ ਗਈ ਤਾਂ ਉਸ ਵਿੱਚੋਂ ਇੱਕ .30 ਬੋਰ ਦਾ ਨਜਾਇਜ਼ ਪਿਸਤੌਲ, ਮੈਗਜ਼ੀਨ, 4 ਜ਼ਿੰਦਾ ਕਾਰਤੂਸ, ਇੱਕ ਬੇਸਬਾਲ ਬੈਟ, ਇੱਕ ਕਿਰਪਾਨ ਅਤੇ ਇੱਕ ਦਾਤਰ ਬਰਾਮਦ ਹੋਏ। ਪੁਲਿਸ ਮੁਤਾਬਕ ਇਹ ਸਾਰੇ ਹਥਿਆਰ ਕਿਸੇ ਵੱਡੀ ਲੁੱਟ ਜਾਂ ਡਕੈਤੀ ਦੌਰਾਨ ਵਰਤੇ ਜਾਣੇ ਸਨ। ਜਾਂਚ ਦੌਰਾਨ ਇਹ ਵੀ ਸਾਹਮਣੇ ਆਇਆ ਕਿ ਫੜੇ ਗਏ ਬਦਮਾਸ਼ ਲੁੱਟ-ਖੋਹ, ਅਸਲਾ ਐਕਟ ਅਤੇ ਆਬਕਾਰੀ ਐਕਟ ਵਰਗੇ ਮਾਮਲਿਆਂ ਵਿੱਚ ਪਹਿਲਾਂ ਵੀ ਸ਼ਾਮਲ ਰਹੇ ਹਨ ਅਤੇ ਹਾਲ ਹੀ ਵਿੱਚ ਜ਼ਮਾਨਤ 'ਤੇ ਜੇਲ੍ਹ ਤੋਂ ਬਾਹਰ ਆਏ ਸਨ। ਜੇਲ੍ਹ ਤੋਂ ਬਾਹਰ ਆਉਣ ਤੋਂ ਬਾਅਦ ਵੀ ਇਨ੍ਹਾਂ ਨੇ ਅਪਰਾਧਿਕ ਗਤੀਵਿਧੀਆਂ ਨਹੀਂ ਛੱਡੀਆਂ ਅਤੇ ਮੁੜ ਵੱਡੀ ਵਾਰਦਾਤ ਦੀ ਤਿਆਰੀ ਵਿੱਚ ਜੁਟੇ ਹੋਏ ਸਨ। ਐਸ.ਐਸ.ਪੀ. ਨੇ ਕਿਹਾ ਕਿ ਪੰਜਾਬ ਪੁਲਿਸ ਵੱਲੋਂ ਗੈਂਗਸਟਰਾਂ ਅਤੇ ਸਮਾਜ ਵਿਰੋਧੀ ਤੱਤਾਂ ਖ਼ਿਲਾਫ਼ ਚਲਾਈ ਜਾ ਰਹੀ ਮੁਹਿੰਮ ਅੱਗੇ ਵੀ ਜਾਰੀ ਰਹੇਗੀ ਅਤੇ ਇਲਾਕੇ ਵਿੱਚ ਕਾਨੂੰਨ-ਵਿਵਸਥਾ ਨੂੰ ਹਰ ਹਾਲਤ ਵਿੱਚ ਕਾਇਮ ਰੱਖਿਆ ਜਾਵੇਗਾ। ਇਸ ਮੌਕੇ ਡੀ.ਐਸ.ਪੀ. ਦੀਨਾਨਗਰ ਰਾਜਿੰਦਰ ਸਿੰਘ ਮਿਨਹਾਸ ਵੀ ਮੌਜੂਦ ਰਹੇ।

ਪੰਜਾਬੀ ਭਾਸ਼ਾ ਵਿੱਚ ਅਖ਼ਬਾਰਾਂ, ਮੈਗਜ਼ੀਨ ਅਤੇ ਕਿਤਾਬਾਂ ਤਿਆਰ ਕਰਵਾਉਣ ਲਈ ਸੰਪਰਕ ਕਰੋ:

89685-44271

E-mail:
vicksam125@gmail.com

# ਸਾਬਕਾ ਆਈਏਐਸ ਅਧਿਕਾਰੀ ਡਾ. ਸਵਰਨ ਸਿੰਘ 'ਆਪ' ਵਿੱਚ ਸ਼ਾਮਲ



ਜ਼ਿਕਰ ਪੰਜਾਬ

**ਚੰਡੀਗੜ੍ਹ/ਬਿਊਰੋ**

ਪੰਜਾਬ ਵਿੱਚ ਆਮ ਆਦਮੀ ਪਾਰਟੀ (ਆਪ) ਦੇ ਕੁਨਬੇ ਵਿੱਚ ਅੱਜ ਉਸ ਵੇਲੇ ਇੱਕ ਵੱਡਾ ਵਾਧਾ ਹੋਇਆ, ਜਦੋਂ ਸਾਬਕਾ ਆਈਏਐਸ ਅਧਿਕਾਰੀ ਡਾ. ਸਵਰਨ ਸਿੰਘ ਪਾਰਟੀ ਵਿੱਚ ਸ਼ਾਮਲ ਹੋ ਗਏ। ਪਾਰਟੀ ਦੇ ਸੂਬਾ ਪ੍ਰਧਾਨ ਤੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਉਨ੍ਹਾਂ ਨੂੰ ਰਸਮੀ ਤੌਰ 'ਤੇ ਪਾਰਟੀ ਵਿੱਚ ਸ਼ਾਮਲ ਕੀਤਾ ਅਤੇ ਸਿਰੋਪਾ ਪਾ ਕੇ ਉਨ੍ਹਾਂ ਦਾ ਸਵਾਗਤ ਕੀਤਾ। ਇਸ ਮੌਕੇ ਪੰਜਾਬ ਦੇ ਐਸਸੀ ਵਿੰਗ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਜੀਪੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਡਾ. ਸਵਰਨ ਸਿੰਘ ਪੰਜਾਬ ਸਰਕਾਰ ਵਿੱਚ ਕਈ ਅਹਿਮ ਅਤੇ ਪ੍ਰਸ਼ਾਸਨਿਕ ਅਹੁਦਿਆਂ 'ਤੇ ਰਹਿੰਦਿਆਂ ਆਪਣੀਆਂ ਸ਼ਾਨਦਾਰ ਸੇਵਾਵਾਂ ਨਿਭਾ ਚੁੱਕੇ ਹਨ। ਪ੍ਰਸ਼ਾਸਨਿਕ ਖੇਤਰ ਵਿੱਚ ਇੱਕ ਲੰਮਾ ਅਤੇ ਵਧੀਆ ਤਜਰਬਾ ਰੱਖਣ ਦੇ ਨਾਲ-ਨਾਲ ਉਨ੍ਹਾਂ ਦਾ ਸਮਾਜਿਕ ਅਤੇ ਸਿਆਸੀ ਖੇਤਰ ਵਿੱਚ ਵੀ ਚੰਗਾ ਪ੍ਰਭਾਵ ਹੈ। ਜ਼ਿਕਰਯੋਗ ਹੈ ਕਿ ਡਾ. ਸਵਰਨ ਸਿੰਘ ਸਾਲ 2019 ਦੀਆਂ ਲੋਕ ਸਭਾ ਚੋਣਾਂ ਵਿੱਚ ਫਰੀਦਕੋਟ ਸੀਟ ਤੋਂ ਬਤੌਰ ਆਜ਼ਾਦ ਉਮੀਦਵਾਰ ਚੋਣ ਵੀ ਲੜ ਚੁੱਕੇ ਹਨ। ਇਸ ਮੌਕੇ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਡਾ. ਸਵਰਨ ਸਿੰਘ ਵਰਗੇ ਪੜ੍ਹੇ-ਲਿਖੇ ਅਤੇ ਤਜਰਬੇਕਾਰ ਪ੍ਰਸ਼ਾਸਨਿਕ ਅਧਿਕਾਰੀ ਦੇ ਪਾਰਟੀ ਵਿੱਚ ਆਉਣ ਨਾਲ ਆਮ ਆਦਮੀ ਪਾਰਟੀ ਨੂੰ ਪੰਜਾਬ, ਖਾਸ ਕਰਕੇ ਮਾਲਵਾ ਖੇਤਰ ਵਿੱਚ ਹੋਰ ਮਜ਼ਬੂਤੀ ਮਿਲੇਗੀ। ਦੂਜੇ ਪਾਸੇ, ਡਾ. ਸਵਰਨ ਸਿੰਘ ਨੇ ਕਿਹਾ ਕਿ ਉਹ ਪਾਰਟੀ ਦੀਆਂ ਨੀਤੀਆਂ ਅਤੇ ਪੰਜਾਬ ਸਰਕਾਰ ਦੇ ਲੋਕ-ਪੱਖੀ ਕੰਮਾਂ ਤੋਂ ਪ੍ਰਭਾਵਿਤ ਹੋ ਕੇ 'ਆਪ' ਦਾ ਹਿੱਸਾ ਬਣੇ ਹਨ।

# ਕਿਸਾਨਾਂ 'ਤੇ ਜਬਰ ਖ਼ਿਲਾਫ਼ ਭਾਜਪਾ ਤੇ ਰਾਜਪਾਲ ਦੇ ਪੁਤਲੇ ਫੂਕੇ

ਜ਼ਿਕਰ ਪੰਜਾਬ

**ਚੰਡੀਗੜ੍ਹ/ਬਿਊਰੋ**

ਸੰਯੁਕਤ ਕਿਸਾਨ ਮੋਰਚਾ ਪੰਜਾਬ ਨੇ ਰਾਜ ਭਵਨ ਵੱਲ ਮਾਰਚ ਕਰ ਰਹੇ ਕਿਸਾਨਾਂ 'ਤੇ ਜਬਰ ਦੇ ਰੋਸ ਵਜੋਂ ਅੱਜ ਸੂਬੇ ਭਰ ਵਿੱਚ ਸੈਂਕੜੇ ਥਾਵਾਂ 'ਤੇ ਭਾਜਪਾ ਤੇ ਰਾਜਪਾਲ ਦੇ ਪੁਤਲੇ ਫੂਕੇ। ਕਿਸਾਨਾਂ ਨੇ ਨਾਅਰੇਬਾਜ਼ੀ ਕਰ ਕੇ ਪੁਲੀਸ ਜਬਰ ਖ਼?ਲਾਫ਼ ਆਪਣੇ ਰੋਸ ਜਤਾਇਆ। ਕਿਸਾਨ ਨਾਰਾਜ਼ ਹਨ ਕਿ ਉਨ੍ਹਾਂ ਨੂੰ ਪੰਜਾਬ ਦੀ ਰਾਜਧਾਨੀ 'ਚ ਦਾਖ਼ਲ ਹੋਣ ਤੋਂ ਰੋਕਿਆ ਜਾ ਰਿਹਾ ਹੈ। ਕਿਸਾਨ ਇਸ ਲਈ ਸਿੱਧੇ ਤੌਰ 'ਤੇ ਭਾਜਪਾ ਅਤੇ ਰਾਜਪਾਲ ਨੂੰ ਜ਼ਿੰਮੇਵਾਰ ਮੰਨ ਰਹੇ ਹਨ। ਕਿਸਾਨ ਸ਼ੁੱਕਰਵਾਰ ਨੂੰ ਡੈਮ ਸੇਫ਼ਟੀ ਐਕਟ ਤਹਿਤ ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀ ਬੀ ਐੱਮ ਬੀ) ਦੇ ਨਿਯਮਾਂ 'ਚ ਸੋਧ ਕਰ ਕੇ ਪੰਜਾਬ ਦੀ ਸਥਾਈ ਮੈਂਬਰੀ ਖ਼ਤਮ ਕਰਨ ਦਾ ਨੋਟੀਫ਼?ਕੇਸ਼ਨ ਜਾਰੀ ਹੋਣ ਖ਼?ਲਾਫ਼ ਆਪਣੀ ਆਵਾਜ਼ ਉਠਾਉਣਾ ਚਾਹੁੰਦੇ ਸਨ, ਪਰ ਕਿਸਾਨਾਂ ਨੂੰ ਚੰਡੀਗੜ੍ਹ ਦੀ ਜੂਹ 'ਤੇ ਹੀ ਜਬਰੀ ਰੋਕ ਲਿਆ ਗਿਆ। ਕਿਸਾਨ 'ਆਪ' ਸਰਕਾਰ ਵੱਲੋਂ ਹੱਦ ਕਰਜ਼ਿਆਂ ਦੇ ਵਾਧੇ ਸਬੰਧੀ ਨੋਟੀਫ਼?ਕੇਸ਼ਨ ਵਾਪਸ ਲੈਣ ਕਾਰਨ ਖ਼ਫ਼ਾ ਹਨ। ਰਜਿਸਟਰਾਰ ਸਹਿਕਾਰੀ ਸਭਾਵਾਂ ਨੇ ਸੰਯੁਕਤ ਕਿਸਾਨ ਮੋਰਚੇ ਦੇ ਵਫ਼ਦ ਨੂੰ ਹੱਦ ਕਰਜ਼ਿਆਂ ਦੇ ਵਾਧੇ ਵਾਲਾ ਨੋਟੀਫ਼?ਕੇਸ਼ਨ 15 ਮਈ ਤੱਕ ਜਾਰੀ ਕਰਨ ਦਾ ਭਰੋਸਾ ਦਿੱਤਾ ਸੀ। ਸੰਯੁਕਤ ਕਿਸਾਨ ਮੋਰਚੇ ਨੇ ਦੋਵੇਂ ਸਰਕਾਰਾਂ ਨੂੰ ਸਖ਼ਤ ਚਿਤਾਵਨੀ ਦਿੰਦਿਆਂ ਕਿਹਾ ਕਿ ਉਹ ਕਿਸਾਨਾਂ ਦੀ ਹੋਰ ਪ੍ਰੀਖਿਆ ਨਾ ਲੈਣ। ਇਸ ਦੀ ਮਹਿੰਗੀ ਕੀਮਤ ਚੁਕਾਉਣੀ ਪੈ ਸਕਦੀ ਹੈ। ਸੰਯੁਕਤ ਕਿਸਾਨ ਮੋਰਚਾ ਪੰਜਾਬ ਦੇ ਸੱਦੇ 'ਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਵੱਲੋਂ ਸੂਬਾ ਪ੍ਰਧਾਨ ਮਨਜੀਤ ਸਿੰਘ ਧਨੇਰ ਦੀ ਅਗਵਾਈ ਵਿੱਚ 13 ਜ਼ਿਲ੍ਹਿਆਂ ਵਿੱਚ ਪੁਤਲਾ ਫੂਕ ਪ੍ਰਦਰਸ਼ਨ ਕੀਤੇ ਗਏ। ਵੱਖ ਵੱਖ ਥਾਵਾਂ 'ਤੇ ਇਕੱਠੇ ਹੋ ਕੇ ਕਿਸਾਨਾਂ ਨੇ ਭਾਜਪਾ ਅਤੇ ਰਾਜਪਾਲ ਪੰਜਾਬ ਦੇ ਪੁਤਲੇ ਸਾੜ ਕੇ 15 ਮਈ ਨੂੰ ਕਿਸਾਨਾਂ 'ਤੇ ਕੀਤੇ ਜਬਰ ਦਾ ਵਿਰੋਧ ਕੀਤਾ।



# ਜਗਰਾਓਂ ਵਿੱਚ ਫਰਨੀਚਰ ਫੈਕਟਰੀ ਨੂੰ ਲੱਗੀ ਭਿਆਨਕ ਅੱਗ

ਜ਼ਿਕਰ ਪੰਜਾਬ

**ਜਗਰਾਓਂ/ਬਿਊਰੋ**

ਜਗਰਾਓਂ ਦੇ ਕੋਠੇ ਖਜੂਰਾਂ ਰੋਡ 'ਤੇ ਉਸ ਵੇਲੇ ਦਹਿਸ਼ਤ ਦਾ ਮਾਹੌਲ ਬਣ ਗਿਆ, ਜਦੋਂ ਜਪ ਫਰਨੀਚਰ ਨਾਮਕ ਫੈਕਟਰੀ ਵਿੱਚ ਅਚਾਨਕ ਭਿਆਨਕ ਅੱਗ ਲੱਗ ਗਈ। ਕੁਝ ਹੀ ਸਮੇਂ ਵਿੱਚ ਅੱਗ ਨੇ ਵਿਕਰਾਲ ਰੂਪ ਧਾਰਨ ਕਰ ਲਿਆ ਅਤੇ ਫੈਕਟਰੀ ਅੰਦਰ ਪਿਆ ਲੱਕੜ ਦਾ ਫਰਨੀਚਰ ਧੂੰ-ਧੂੰ ਕਰਕੇ ਸੜਨ ਲੱਗ ਪਿਆ। ਅੱਗ ਕਾਰਨ ਉੱਠਿਆ ਕਾਲਾ ਧੂੰਆਂ ਤਿੰਨ ਕਿਲੋਮੀਟਰ ਤੱਕ ਦੇ ਇਲਾਕੇ ਵਿੱਚ ਫੈਲ ਗਿਆ, ਜਿਸ ਨਾਲ ਲੋਕਾਂ ਵਿੱਚ ਡਰ ਅਤੇ ਹਫੜਾ-ਦਫੜੀ ਮਚ ਗਈ। ਘਟਨਾ ਦੌਰਾਨ ਫੈਕਟਰੀ ਵਿੱਚ ਕੰਮ ਕਰ ਰਹੇ ਮਜ਼ਦੂਰ ਆਪਣੀ ਜਾਨ ਬਚਾਉਣ ਲਈ ਤੁਰੰਤ ਬਾਹਰ ਨਿਕਲੇ। ਇਸ ਦੌਰਾਨ ਇੱਕ ਨੌਜਵਾਨ ਜ਼ਖ਼ਮੀ ਹੋ ਗਿਆ, ਜਿਸ ਨੂੰ ਤੁਰੰਤ ਇਲਾਜ ਲਈ ਭੇਜਿਆ ਗਿਆ। ਖ਼ੁਸ਼ਕਿਸਮਤੀ ਨਾਲ ਇਸ ਹਾਦਸੇ ਵਿੱਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਅੱਗ ਦੀ ਸੂਚਨਾ ਮਿਲਦਿਆਂ ਹੀ ਜਗਰਾਓਂ, ਰਾਏਕੋਟ ਅਤੇ ਮੁੱਲਾਂਪੁਰ ਦਾਖਾ ਤੋਂ ਫਾਇਰ ਬ੍ਰਿਗੇਡ ਦੀਆਂ ਟੀਮਾਂ ਮੌਕੇ 'ਤੇ ਪਹੁੰਚ ਗਈਆਂ ਅਤੇ ਅੱਗ 'ਤੇ ਕਾਬੂ ਪਾਉਣ ਲਈ ਲਗਾਤਾਰ ਯਤਨ ਸ਼ੁਰੂ ਕਰ ਦਿੱਤੇ। ਹਾਲਾਤ ਨੂੰ ਦੇਖਦੇ ਹੋਏ ਪੁਲਿਸ ਪ੍ਰਸ਼ਾਸਨ ਵੱਲੋਂ ਕੋਠੇ ਖਜੂਰਾਂ ਰੋਡ ਨੂੰ ਅਸਥਾਈ ਤੌਰ 'ਤੇ ਬੰਦ ਕਰ ਦਿੱਤਾ ਗਿਆ। ਡੀਐਸਪੀ ਕੁਲਵੰਤ ਸਿੰਘ ਅਤੇ ਐਸਐਚਓ ਸਿਟੀ ਪਰਮਿੰਦਰ ਸਿੰਘ ਵੀ ਮੌਕੇ 'ਤੇ ਮੌਜੂਦ ਰਹੇ ਅਤੇ ਰਾਹਤ ਕਾਰਜਾਂ ਦੀ ਨਿਗਰਾਨੀ ਕਰਦੇ ਨਜ਼ਰ ਆਏ। ਫੈਕਟਰੀ ਮਾਲਕ ਸੰਦੀਪ ਸਿੰਘ ਅਤੇ ਅੰਮ੍ਰਿਤਪਾਲ ਸਿੰਘ ਨੇ ਦੱਸਿਆ ਕਿ ਅੱਗ ਲੱਗਣ ਦੇ ਅਸਲ ਕਾਰਨਾਂ ਬਾਰੇ ਅਜੇ ਕੁਝ ਪਤਾ ਨਹੀਂ ਲੱਗ ਸਕਿਆ। ਉਨ੍ਹਾਂ ਕਿਹਾ ਕਿ ਫੈਕਟਰੀ ਵਿੱਚ ਮੌਜੂਦ 50 ਤੋਂ 60 ਅੱਗ ਬੁਝਾਉ ਸਿਲੰਡਰਾਂ ਦੀ ਵਰਤੋਂ ਵੀ ਕੀਤੀ ਗਈ, ਪਰ ਅੱਗ ਇੰਨੀ ਤੇਜ਼ੀ ਨਾਲ ਫੈਲੀ ਕਿ ਉਸ 'ਤੇ ਤੁਰੰਤ ਕਾਬੂ ਨਹੀਂ ਪਾਇਆ ਜਾ ਸਕਿਆ। ਡੀਐਸਪੀ ਕੁਲਵੰਤ ਸਿੰਘ ਨੇ ਕਿਹਾ ਕਿ ਫਾਇਰ ਬ੍ਰਿਗੇਡ ਦੀਆਂ ਟੀਮਾਂ ਵੱਲੋਂ ਪੂਰੀ ਮੁਸ਼ਤੈਦੀ ਨਾਲ ਅੱਗ ਬੁਝਾਉਣ ਦੇ ਯਤਨ ਕੀਤੇ ਜਾ ਰਹੇ ਹਨ ਅਤੇ ਜਲਦ ਹੀ ਹਾਲਾਤ ਕਾਬੂ ਵਿੱਚ ਹੋਣ ਦੀ ਉਮੀਦ ਹੈ। ਉਨ੍ਹਾਂ ਇਹ ਵੀ ਕਿਹਾ ਕਿ ਰੱਬ ਦਾ ਸ਼ੁਕਰ ਹੈ ਕਿ ਇਸ ਵੱਡੇ ਹਾਦਸੇ ਵਿੱਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ।

# ਮਜੀਠਾ 'ਚ ਕਾਂਗਰਸ ਨੂੰ ਵੱਡਾ ਝਟਕਾ, ਕਈ ਆਗੂ 'ਆਪ' 'ਚ ਸ਼ਾਮਲ

ਜ਼ਿਕਰ ਪੰਜਾਬ

**ਚੰਡੀਗੜ੍ਹ/ਬਿਊਰੋ**

ਆਮ ਆਦਮੀ ਪਾਰਟੀ (ਆਪ) ਨੂੰ ਮਜੀਠਾ ਵਿੱਚ ਵੱਡੀ ਸਿਆਸੀ ਮਜ਼ਬੂਤੀ ਮਿਲੀ ਹੈ, ਜਦਕਿ ਕਾਂਗਰਸ ਨੂੰ ਵੱਡਾ ਝਟਕਾ ਲੱਗਾ ਹੈ। ਸ਼ਨੀਵਾਰ ਨੂੰ ਕਾਂਗਰਸ ਦੇ ਕਈ ਸੀਨੀਅਰ ਆਗੂ ਅਤੇ ਜ਼ਮੀਨੀ ਪੱਧਰ ਦੇ ਵਰਕਰ ਆਪਣੀ ਪਾਰਟੀ ਛੱਡ ਕੇ 'ਆਪ' ਵਿੱਚ ਸ਼ਾਮਲ ਹੋ ਗਏ। ਮੁੱਖ ਮੰਤਰੀ ਭਗਵੰਤ ਮਾਨ ਨੇ ਸਾਰੇ ਆਗੂਆਂ ਨੂੰ ਰਸਮੀ ਤੌਰ 'ਤੇ 'ਆਪ' ਵਿੱਚ ਸ਼ਾਮਲ ਕੀਤਾ ਅਤੇ



ਉਨ੍ਹਾਂ ਦਾ ਸਵਾਗਤ ਕੀਤਾ। ਉਨ੍ਹਾਂ ਦੇ ਨਾਲ ਮਜੀਠਾ ਦੇ ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ ਵੀ ਮੌਜੂਦ ਸਨ। ਕਾਂਗਰਸ ਤੋਂ 'ਆਪ' ਵਿੱਚ ਸ਼ਾਮਲ ਹੋਣ ਵਾਲੇ ਪ੍ਰਮੁੱਖ ਆਗੂਆਂ ਵਿੱਚ ਪਰਮਜੀਤ ਸਿੰਘ ਪੰਮਾ, ਪਲਵਿੰਦਰ ਸਿੰਘ ਪਾਲੀ, ਜਗਦੀਪ ਸਿੰਘ ਗੋਗਾ, ਅਪਰਮਦੀਪ ਸਿੰਘ ਅੱਪੂ ਅਤੇ ਅਮਨਦੀਪ ਸਿੰਘ ਸ਼ਾਮਲ ਹਨ। ਇਸ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ 'ਆਪ' ਸਰਕਾਰ ਦੀਆਂ ਨੀਤੀਆਂ ਹਰ ਵਰਗ ਦੇ ਭਲਾਈ ਲਈ ਸਮਰਪਿਤ ਹਨ। ਅੱਜ ਸੂਬੇ ਦੇ ਲੋਕ ਸਿਆਸਤ ਤੋਂ ਉੱਪਰ ਉੱਠ ਕੇ ਵਿਕਾਸ ਦੀ ਰਾਜਨੀਤੀ ਨੂੰ ਚੁਣ ਰਹੇ ਹਨ। ਮਜੀਠਾ ਤੋਂ ਆਏ ਇਨ੍ਹਾਂ ਸਾਥੀਆਂ ਦੇ ਜੁੜਨ ਨਾਲ ਪਾਰਟੀ ਨੂੰ ਖੇਤਰ ਵਿੱਚ ਬੇਮਿਸਾਲ ਮਜ਼ਬੂਤੀ ਮਿਲੇਗੀ। ਅਸੀਂ ਸਾਰੇ ਮਿਲ ਕੇ ਪੰਜਾਬ ਨੂੰ ਫਿਰ ਤੋਂ 'ਰੰਗਲਾ ਪੰਜਾਬ' ਬਣਾਵਾਂਗੇ। ਦੂਜੇ ਪਾਸੇ ਤਲਬੀਰ ਸਿੰਘ ਨੇ ਕਿਹਾ ਕਿ ਮਜੀਠਾ ਵਿੱਚ ਕਾਂਗਰਸ ਦਾ ਗ੍ਰਾਫ ਪੂਰੀ ਤਰ੍ਹਾਂ ਡਿੱਗ ਚੁੱਕਾ ਹੈ ਅਤੇ ਅੱਜ ਪਾਰਟੀ ਦੇ ਮਿਹਨਤੀ ਆਗੂਆਂ ਦੇ 'ਆਪ' ਵਿੱਚ ਆਉਣ ਨਾਲ ਖੇਤਰ ਵਿੱਚ ਪਾਰਟੀ ਦਾ ਆਧਾਰ ਹੋਰ ਮਜ਼ਬੂਤ ਹੋਇਆ ਹੈ। 'ਆਪ' ਵਿੱਚ ਸ਼ਾਮਲ ਹੋਏ ਸਾਰੇ ਆਗੂਆਂ ਨੇ ਵੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਪਾਰਟੀ ਦੀ ਮਜ਼ਬੂਤੀ ਲਈ ਦਿਨ-ਰਾਤ ਕੰਮ ਕਰਨਗੇ।

# ਸੀ.ਈ.ਓ. ਅਨਿੰਦਿਤਾ ਮਿਤਰਾ ਵੱਲੋਂ ਰਜਿਸਟਰਡ ਅਤੇ ਮਾਨਤਾ ਪ੍ਰਾਪਤ ਰਾਜਨੀਤਿਕ ਪਾਰਟੀਆਂ ਨੂੰ ਬੀ.ਐਲ.ਏ. ਲਗਾਉਣ ਦੀ ਅਪੀਲ

ਜ਼ਿਕਰ ਪੰਜਾਬ

**ਚੰਡੀਗੜ੍ਹ/ਬਿਊਰੋ**

ਪੰਜਾਬ ਰਾਜ ਵਿੱਚ ਭਾਰਤੀ ਚੋਣ ਕਮਿਸ਼ਨ ਵਲੋਂ ਕਰਵਾਏ ਜਾ ਰਹੇ

- **ਰਾਜਨੀਤਿਕ ਪਾਰਟੀਆਂ ਨਾਲ ਮੀਟਿੰਗ ਦੌਰਾਨ ਐਸ.ਆਈ.ਆਰ. ਬਾਰੇ ਦਿੱਤੀ ਜਾਣਕਾਰੀ**
- **ਐਸ.ਆਈ.ਆਰ. ਦੌਰਾਨ 24 ਘੰਟੇ ਕੰਮ ਕਰੇਗਾ ਟੋਲ-ਫਰੀ ਨੰਬਰ 1950**

ਸਪੈਸ਼ਲ ਇੰਟੈਂਸਿਵ ਰਿਵੀਜ਼ਨ (ਐਸ. ਆਈ. ਆਰ.) ਸਬੰਧੀ ਅੱਜ ਮੁੱਖ ਚੋਣ ਅਫ਼ਸਰ ਪੰਜਾਬ ਸ੍ਰੀਮਤੀ ਅਨਿੰਦਿਤਾ ਮਿਤਰਾ ਵਲੋਂ ਪੰਜਾਬ ਰਾਜ ਦੀਆਂ ਰਜਿਸਟਰਡ ਅਤੇ ਮਾਨਤਾ ਪ੍ਰਾਪਤ ਰਾਜਨੀਤਿਕ ਪਾਰਟੀਆਂ ਦੇ ਪ੍ਰਤੀਨਿਧੀਆਂ ਨਾਲ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਉਨ੍ਹਾਂ ਪੰਜਾਬ ਰਾਜ ਦੀਆਂ ਰਜਿਸਟਰਡ ਅਤੇ ਮਾਨਤਾ ਪ੍ਰਾਪਤ ਰਾਜਨੀਤਿਕ ਪਾਰਟੀਆਂ ਦੇ ਪ੍ਰਤੀਨਿਧੀਆਂ ਨੂੰ ਅਪੀਲ ਕੀਤੀ ਕਿ ਉਹ ਐਸ.ਆਈ.ਆਰ. ਸਬੰਧੀ ਬੂਥ ਲੈਵਲ ਏਜੰਟ (ਬੀ.ਐਲ.ਏ.) ਦੀਆਂ ਨਿਯੁਕਤੀਆਂ ਜਲਦ ਤੋਂ ਜਲਦ ਕਰ ਦੇਣ ਤਾਂ ਜੋ ਇਹਨਾਂ ਬੀ.ਐਲ.ਏਜ਼ ਨੂੰ ਬੀ.ਐਲ.ਓਜ਼ ਦੇ ਨਾਲ ਹੀ ਸਮਾਂ ਰਹਿੰਦਿਆਂ ਟ?ਰੇਨਿੰਗ ਦਿੱਤੀ ਜਾ ਸਕੇ। ਉਨ੍ਹਾਂ ਕਿਹਾ ਕਿ ਬੀ.ਐਲ.ਏਜ਼ ਦੀ ਭੂਮਿਕਾ ਬਹੁਤ ਅਹਿਮ ਹੈ ਅਤੇ ਐਸ.ਆਈ.ਆਰ. ਦੇ ਹਰੇਕ ਪੜਾਅ ਉੱਤੇ ਬੀ.ਐਲ.ਓ. ਵੱਲੋਂ ਬੀ.ਐਲ.ਏ. ਨਾਲ ਜਾਣਕਾਰੀਆਂ ਸਾਂਝੀਆਂ ਕੀਤੀਆਂ ਜਾਣਗੀਆਂ ਤਾਂ ਜੋ ਇਸ ਸਾਰੀ ਪ੍ਰਕਿਰਿਆ ਦੀ ਪਾਰਦਰਸ਼ਤਾ ਬਰਕਰਾਰ ਰਹੇ। ਉਨ੍ਹਾਂ ਰਾਜਨੀਤਿਕ ਪਾਰਟੀਆਂ ਨੂੰ ਕਿਹਾ ਕਿ ਬੀ.ਐਲ.ਏ.-1 ਦੀ ਨਿਯੁਕਤੀ ਸਬੰਧੀ ਵੀ ਪ੍ਰਕਿਰਿਆ ਨੂੰ ਵੀ ਜਲਦ ਮੁਕੰਮਲ ਕਰ ਲਿਆ ਜਾਵੇ। ਸ੍ਰੀਮਤੀ ਮਿਤਰਾ ਨੇ ਕਿਹਾ ਕਿ ਐਸ.ਆਈ.ਆਰ. ਦੀ ਸਮੁੱਚੀ ਪ੍ਰਕਿਰਿਆ ਦੌਰਾਨ ਦਫ਼ਤਰ ਮੁੱਖ ਚੋਣ ਅਫ਼ਸਰ ਪੰਜਾਬ ਰਾਜ ਦੀਆਂ ਰਾਜਨੀਤਿਕ ਪਾਰਟੀਆਂ ਨਾਲ ਲਗਾਤਾਰ ਸੰਪਰਕ ਵਿੱਚ ਰਹੇਗਾ। ਇਸ ਮੌਕੇ ਉਨ੍ਹਾਂ ਵੋਟ ਸਬੰਧੀ ਅਧਿਕਾਰੀ ਬਾਰੇ ਵੀ ਰਾਜਨੀਤਿਕ ਪਾਰਟੀਆਂ ਨੂੰ ਜਾਣੂ ਕਰਵਾਇਆ। ਇਸ ਮੌਕੇ ਉਨ੍ਹਾਂ ਦੱਸਿਆ ਕਿ ਸਪੈਸ਼ਲ ਇੰਟੈਂਸਿਵ ਰਿਵੀਜ਼ਨ (ਐਸ.ਆਈ.ਆਰ.) ਅਧੀਨ ਪੰਜਾਬ ਰਾਜ ਵਿੱਚ 25 ਜੂਨ, 2026 ਤੋਂ 24 ਜੁਲਾਈ, 2026 ਤੱਕ ਬੀਐਲਓਜ਼ ਘਰੋਂ-ਘਰੀਂ ਜਾ ਕੇ ਵੋਟਰਜ਼ ਦੇ ਫਾਰਮ ਭਰਵਾਉਣਗੇ। ਇਸ ਕਾਰਜ ਲਈ 24453 ਬੀਐਲਓਜ਼, 2476 ਸੁਪਰਵਾਈਜ਼ਰ, 117 ਈਆਰਓਜ਼ ਅਤੇ 234 ਏਈਆਰਓਜ਼ ਸਮੇਤ ਪੂਰਾ ਚੋਣ ਅਮਲਾ ਲਗਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਐਸ.ਆਈ.ਆਰ. ਸਬੰਧੀ ਬੀਐਲਓਜ਼ ਨੂੰ ਟ੍ਰੇਨਿੰਗ ਦੇਣ ਅਤੇ ਹੋਰ ਤਿਆਰੀਆਂ ਸਬੰਧੀ ਕੰਮ 15 ਜੂਨ,



2026 ਤਂ2 24 ਜੂਨ, 2026 ਤੱਕ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਾਡਾ ਉਦੇਸ਼ ਹਰੇਕ ਯੋਗ ਨਾਗਰਿਕ ਨੂੰ ਵੋਟਰ ਸੂਚੀ ਵਿੱਚ ਸ਼ਾਮਲ ਕਰਨਾ ਅਤੇ ਅਯੋਗ ਵਿਅਕਤੀਆਂ ਨੂੰ ਸੂਚੀ ਵਿੱਚੋਂ ਬਾਹਰ ਕਰਨਾ ਹੈ। ਮੁੱਖ ਚੋਣ ਅਫ਼ਸਰ ਨੇ ਕਿਹਾ ਕਿ ਦੋਹਰੀ ਵੋਟ ਰੱਖਣਾ ਭਾਰਤੀ ਸੰਵਿਧਾਨ ਅਨੁਸਾਰ ਅਪਰਾਧ ਹੈ ਜਿਸ ਲਈ ਇੱਕ ਸਾਲ ਤੱਕ ਦੀ ਕੈਦ ਦੀ ਸਜ਼ਾ ਹੈ। ਸ੍ਰੀਮਤੀ ਮਿਤਰਾ ਨੇ ਦੱਸਿਆ ਕਿ ਸੂਬੇ ਦੇ ਦਿਹਾਤੀ ਇਲਾਕਿਆਂ ਵਿੱਚ 89.58 ਫ਼ੀਸਦੀ ਮੈਪਿੰਗ ਹੋ ਚੁੱਕੀ ਹੈ ਜਦਕਿ ਸ਼ਹਿਰੀ ਖੇਤਰਾਂ ਵਿੱਚ 73 ਫ਼ੀਸਦੀ ਮੈਪਿੰਗ ਦਾ ਕੰਮ ਮੁਕੰਮਲ ਹੋ ਚੁੱਕਾ ਹੈ। ਮੁੱਖ ਚੋਣ ਅਫ਼ਸਰ ਵੱਲੋਂ ਦੱਸਿਆ ਗਿਆ ਕਿ ਸਾਲ 2003 ਵਿੱਚ ਵੀ ਪੰਜਾਬ ਰਾਜ ਵਿੱਚ ਐਸ.ਆਈ.ਆਰ. ਹੋਈ ਸੀ। ਉਸ ਐਸ.ਆਈ.ਆਰ. ਨੂੰ ਆਧਾਰ ਮੰਨ ਕੇ ਮੌਜੂਦਾ ਐਸ.ਆਈ.ਆਰ. ਕੀਤੀ ਜਾ ਰਹੀ ਹੈ।

ਮੀਟਿੰਗ ਦੌਰਾਨ ਰਾਜਨੀਤਿਕ ਪਾਰਟੀਆਂ ਵੱਲੋ ਐਸ.ਆਈ.ਆਰ. ਸਬੰਧੀ ਕੁਝ ਸ਼ੰਕੇ ਪ੍ਰਗਟਾਏ ਗਏ ਜਿਹਨਾਂ ਨੂੰ ਮੁੱਖ ਚੋਣ ਅਫ਼ਸਰ ਵੱਲੋਂ ਦੂਰ ਕੀਤਾ ਗਿਆ ਅਤੇ ਰਾਜਨੀਤਿਕ ਪਾਰਟੀਆਂ ਨੂੰ ਭਰੋਸਾ ਦਵਾਇਆ ਗਿਆ ਕਿ ਐਸ.ਆਈ.ਆਰ. ਦੀ ਸਮੁੱਚੀ ਪ੍ਰਕਿਰਿਆ ਪਾਰਦਰਸ਼ੀ ਢੰਗ ਨਾਲ ਹੀ ਨੇਪਰੇ ਚਾੜ੍ਹੀ ਜਾਵੇਗੀ। ਮੀਟਿੰਗ ਦੌਰਾਨ ਮਾਨਤਾ ਪ੍ਰਾਪਤ ਪਾਰਟੀਆਂ ਵਿੱਚੋਂ ਆਮ ਆਦਮੀ ਪਾਰਟੀ ਤੋਂ ਫੈਰੀ ਸੋਫ਼ਤ, ਬਹੁਜਨ ਸਮਾਜ ਪਾਰਟੀ ਤੋਂ ਡਾ. ਅਵਤਾਰ ਸਿੰਘ ਕਰੀਮਪੁਰੀ, ਭਾਰਤੀ ਜਨਤਾ ਪਾਰਟੀ ਤੋਂ ਐਨ.ਕੇ. ਵਰਮਾ, ਕਮਿਊਨਿਸਟ ਪਾਰਟੀ ਆਫ਼ ਇੰਡੀਆਂ (ਮਾਰਕਸਵਾਦੀ) ਆਰ.ਐਲ. ਮੋਦਗਿੱਲ ਅਤੇ ਰਣਜੀਤ ਸਿੰਘ, ਇੰਡੀਅਨ ਨੈਸ਼ਨਲ ਕਾਂਗਰਸ ਤੋਂ ਡਾ. ਅਮਰ ਸਿੰਘ ਅਤੇ ਕੈਪਟਨ ਸੰਦੀਪ ਸੰਧੂ, ਸ਼?ਰੋਮਣੀ ਅਕਾਲੀ ਦਲ ਤੋਂ ਡਾ. ਦਲਜੀਤ ਸਿੰਘ ਚੀਮਾ ਅਤੇ ਐਡਵੋਕੇਟ ਅਰਸ਼ਦੀਪ ਸਿੰਘ ਕਲੇਰ ਹਾਜ਼ਰ ਸਨ। ਇਸੇ ਤਰ੍ਹਾਂ, ਰਜਿਸਟਰਡ ਅਤੇ ਗੈਰ-ਮਾਨਤਾ ਪ੍ਰਾਪਤ ਪਾਰਟੀਆਂ ਵਿੱਚੋਂ ਜੈ ਜਵਾਨ ਜੈ ਕਿਸਾਨ ਪਾਰਟੀ ਦੇ ਮੇਜਰ ਆਰ.ਪੀ.ਐਸ. ਮਲਹੋਤਰਾ, ਨੈਸ਼ਨਲਿਸਟ ਜਸਟਿਸ ਪਾਰਟੀ ਤੋਂ ਪੀ. ਕੁਮਾਰ, ਸੱਚੋ ਸੱਚ ਪਾਰਟੀ ਤੋਂ ਸੁੱਚਾ ਲਾਲ, ਸਾਡਾ ਪੰਜਾਬ ਸਾਂਝਾ ਪੰਜਾਬ ਪਾਰਟੀ ਤੋਂ ਸੁਖਦੇਵ ਸਿੰਘ, ਸਮਾਜਿਕ ਸੰਘਰਸ਼ ਪਾਰਟੀ ਜਸਵਿੰਦਰ ਸਿੰਘ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) (ਸਿਮਰਨਜੀਤ ਸਿੰਘ ਮਾਨ) ਤੋਂ ਕੁਸ਼ਲਪਾਲ ਸਿੰਘ ਮਾਨ ਹਾਜ਼ਰ ਸਨ।

# ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਆਮ ਆਦਮੀ ਪਾਰਟੀ 'ਚ ਹੋਏ ਸ਼ਾਮਲ

ਜ਼ਿਕਰ ਪੰਜਾਬ
ਸਮਾਣਾ/ਬਿਊਰੋ



ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਕੈਬਨਿਟ ਮੰਤਰੀ ਸੁਰਜੀਤ ਸਿੰਘ ਰੱਖੜਾ ਸ਼ਨੀਵਾਰ ਨੂੰ ਸਮਾਣਾ ਵਿਖੇ ਇੱਕ ਜਨਸਭਾ ਦੌਰਾਨ ਰਸਮੀ ਤੌਰ 'ਤੇ ਆਮ ਆਦਮੀ ਪਾਰਟੀ (ਆਪ) ਵਿੱਚ ਸ਼ਾਮਲ ਹੋ ਗਏ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਖ਼ੁਦ ਉਨ੍ਹਾਂ ਨੂੰ ਪਾਰਟੀ ਵਿੱਚ ਸ਼ਾਮਲ ਕਰਵਾਇਆ ਅਤੇ ਜੀ ਆਇਆਂ ਨੂੰ ਕਹਿ ਕੇ ਸਵਾਗਤ ਕੀਤਾ। ਰੱਖੜਾ ਦੇ ਪਰਿਵਾਰਕ ਮੈਂਬਰ ਅਤੇ ਕਈ ਸਮਰਥਕ ਵੀ ਉਨ੍ਹਾਂ ਦੇ ਨਾਲ 'ਆਪ' ਵਿੱਚ ਸ਼ਾਮਲ ਹੋਏ। ਰੱਖੜਾ ਦਾ ਪਾਰਟੀ ਵਿੱਚ ਸਵਾਗਤ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ 16 ਮਈ ਦਾ ਦਿਨ ਪੰਜਾਬ ਦੇ ਸਿਆਸੀ ਇਤਿਹਾਸ ਵਿੱਚ ਇੱਕ ਅਹਿਮ ਦਿਨ ਵਜੋਂ ਯਾਦ ਰੱਖਿਆ ਜਾਵੇਗਾ, ਕਿਉਂਕਿ ਲੋਕ ਸੇਵਾ ਨੂੰ ਸਮਰਪਿਤ ਇੱਕ ਸਾਫ਼-ਸੁਥਰੇ ਅਤੇ ਸਤਿਕਾਰਤ ਅਕਸ ਵਾਲੀ ਸ਼ਖ਼ਸੀਅਤ 'ਆਪ' ਪਰਿਵਾਰ ਵਿੱਚ ਸ਼ਾਮਲ ਹੋਈ ਹੈ। ਮਾਨ ਨੇ ਕਿਹਾ ਕਿ ਰੱਖੜਾ ਕੋਲ ਆਪਣੇ ਕਾਰੋਬਾਰ ਅਤੇ ਨਿੱਜੀ ਹਿੱਤਾਂ ਨੂੰ ਵਧਾਉਣ ਦੇ ਕਈ ਮੌਕੇ ਸਨ, ਪਰ ਉਨ੍ਹਾਂ ਨੇ ਆਮ ਲੋਕਾਂ ਦੀ ਸੇਵਾ ਦਾ ਰਾਹ ਚੁਣਿਆ। ਮੁੱਖ ਮੰਤਰੀ ਨੇ ਸਮੁੱਚੇ ਰੱਖੜਾ ਪਰਿਵਾਰ ਅਤੇ ਉਨ੍ਹਾਂ ਦੇ ਸਮਰਥਕਾਂ ਦਾ 'ਆਪ ਪੰਜਾਬ ਪਰਿਵਾਰ' ਵਿੱਚ ਸ਼ਾਮਲ ਹੋਣ 'ਤੇ ਧੰਨਵਾਦ ਕੀਤਾ ਅਤੇ ਕਿਹਾ ਕਿ ਕਈ ਵਾਰ ਆਗੂਆਂ ਨੂੰ ਨਿੱਜੀ ਹਿੱਤਾਂ ਤੋਂ ਉੱਪਰ ਉੱਠ ਕੇ ਸੂਬੇ, ਸਮਾਜ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੇ ਭਲੇ ਲਈ ਕੰਮ ਕਰਨਾ ਪੈਂਦਾ ਹੈ। ਮਾਨ ਨੇ ਕਿਹਾ ਕਿ ਸੁਰਜੀਤ ਸਿੰਘ ਰੱਖੜਾ ਨੇ ਵਾਰ-ਵਾਰ ਅਕਾਲੀ ਦਲ ਨੂੰ ਅੰਦਰੋਂ ਸੁਧਾਰਨ ਦੀ ਕੋਸ਼ਿਸ਼ ਕੀਤੀ ਸੀ, ਪਰ ਪਾਰਟੀ ਆਪਣੇ ਰਾਹ ਤੋਂ ਭਟਕ ਗਈ ਅਤੇ ਗਲਤ ਹੱਥਾਂ ਵਿੱਚ ਚਲੀ ਗਈ। ਉਨ੍ਹਾਂ ਅੱਗੇ ਕਿਹਾ ਕਿ ਬੇਅਦਬੀ ਦੀਆਂ ਘਟਨਾਵਾਂ ਵਿੱਚ ਨਿਭਾਈ ਭੂਮਿਕਾ ਅਤੇ ਲੋਕ-ਵਿਰੋਧੀ ਸਿਆਸਤ ਕਾਰਨ ਲੋਕ ਪਹਿਲਾਂ ਹੀ ਅਕਾਲੀ ਲੀਡਰਸ਼ਿਪ ਨੂੰ ਨਕਾਰ ਚੁੱਕੇ ਹਨ। ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਸੁਰਜੀਤ ਸਿੰਘ ਰੱਖੜਾ ਨੇ ਪਾਰਟੀ ਵਿੱਚ ਸਵਾਗਤ ਕਰਨ ਲਈ ਮੁੱਖ ਮੰਤਰੀ ਭਗਵੰਤ ਮਾਨ ਅਤੇ 'ਆਪ' ਲੀਡਰਸ਼ਿਪ ਦਾ ਧੰਨਵਾਦ ਕੀਤਾ। ਉਨ੍ਹਾਂ ਸਪੱਸ਼ਟ ਕੀਤਾ ਕਿ ਸ਼੍ਰੋਮਣੀ ਅਕਾਲੀ ਦਲ ਛੱਡਣ ਦਾ ਉਨ੍ਹਾਂ ਦਾ ਫੈਸਲਾ ਸਿੱਧੇ ਤੌਰ 'ਤੇ ਬੇਅਦਬੀ ਦੇ ਮੁੱਦੇ ਅਤੇ ਨਵੇਂ ਬਣੇ ਬੇਅਦਬੀ ਵਿਰੋਧੀ ਕਾਨੂੰਨ ਨਾਲ ਜੁੜਿਆ ਹੋਇਆ ਹੈ। ਰੱਖੜਾ ਨੇ ਦੱਸਿਆ ਕਿ ਉਹ ਪਿਛਲੇ ਕਰੀਬ ਡੇਢ ਸਾਲ ਤੋਂ ਲਗਾਤਾਰ ਸਮਾਣਾ ਮੋਰਚੇ 'ਤੇ ਜਾਂਦੇ ਰਹੇ ਹਨ, ਜਿੱਥੇ ਗੁਰਜੀਤ ਸਿੰਘ ਖਾਲਸਾ ਬੇਅਦਬੀ ਖਿਲਾਫ ਸਖ਼ਤ ਕਾਨੂੰਨ ਦੀ ਮੰਗ ਨੂੰ ਲੈ ਕੇ 400 ਫੁੱਟ ਉੱਚੇ ਟਾਵਰ 'ਤੇ ਪ੍ਰਦਰਸ਼ਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਉਹ ਦਿਲੋਂ ਮਹਿਸੂਸ ਕਰਦੇ ਸਨ ਕਿ ਅਜਿਹਾ ਕਾਨੂੰਨ ਬਹੁਤ ਜ਼ਰੂਰੀ ਹੈ। ਰੱਖੜਾ ਨੇ ਨਹਿਰੀ ਪਾਣੀ ਦੇ ਬੁਨਿਆਦੀ ਢਾਂਚੇ ਦਾ ਵਿਸਥਾਰ ਕਰਨ ਅਤੇ ਪੰਜਾਬ ਨੂੰ ਮਾਰੂਥਲ (ਰੇਗਿਸਤਾਨ) ਬਣਨ ਤੋਂ ਬਚਾਉਣ ਲਈ ਪੰਜਾਬ ਸਰਕਾਰ ਦੇ ਯਤਨਾਂ ਦੀ ਵੀ ਸ਼ਲਾਘਾ ਕੀਤੀ। ਉਨ੍ਹਾਂ ਪੰਜਾਬ ਦੇ ਜਲ ਸਰੋਤਾਂ ਨੂੰ ਸੁਰਜੀਤ ਕਰਨ ਲਈ ਮਾਨ ਸਰਕਾਰ ਦੇ ਉਪਰਾਲਿਆਂ ਦੀ ਤਾਰੀਫ਼ ਕਰਦਿਆਂ ਕਿਹਾ ਕਿ ਨਹਿਰੀ ਪਾਣੀ ਦੀ ਵਧਦੀ ਵਰਤੋਂ ਨੇ ਪੰਜਾਬ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਨਵੀਂ ਉਮੀਦ ਜਗਾਈ ਹੈ।

# ਬੀਬੀਐਮਬੀ ਦੇ ਫੈਸਲਿਆਂ 'ਚ ਪੰਜਾਬ ਨੂੰ ਮਿਲੇ ਯੋਗ ਸਥਾਨ, ਤਾਨਾਸ਼ਾਹੀ ਅਤੇ ਗਲਤ ਫੈਸਲਿਆਂ ਨੂੰ ਬਿਲਕੁਲ ਨਹੀਂ ਕਰਾਂਗੇ ਬਰਦਾਸ਼ਤ : ਬਰਿੰਦਰ ਗੋਇਲ

ਜ਼ਿਕਰ ਪੰਜਾਬ
ਚੰਡੀਗੜ੍ਹ/ਬਿਊਰੋ

ਭਾਖੜਾ ਬਿਆਸ ਪ੍ਰਬੰਧਨ ਬੋਰਡ (ਬੀਬੀਐਮਬੀ) ਦੀ ਸਥਾਪਨਾ ਦੇ 50 ਸਾਲ ਪੂਰੇ ਹੋਣ 'ਤੇ ਪੰਚਕੂਲਾ ਵਿਖੇ ਆਯੋਜਿਤ ਮੀਟਿੰਗ ਦੌਰਾਨ ਪੰਜਾਬ ਦੇ ਕੈਬਨਿਟ ਮੰਤਰੀ ਬਰਿੰਦਰ ਗੋਇਲ ਨੇ ਸੂਬੇ ਦੇ ਹਿੱਤਾਂ ਅਤੇ ਅਧਿਕਾਰਾਂ ਨੂੰ ਲੈ ਕੇ ਕੇਂਦਰ ਸਰਕਾਰ ਦੇ ਸਾਹਮਣੇ ਬਹੁਤ ਹੀ ਸੰਜੀਦਗੀ ਅਤੇ ਦ੍ਰਿੜਤਾ ਨਾਲ ਪੰਜਾਬ ਦਾ ਪੱਖ ਰੱਖਿਆ। ਮੀਟਿੰਗ ਤੋਂ ਬਾਅਦ ਜਾਰੀ ਇੱਕ ਬਿਆਨ ਵਿੱਚ ਕੈਬਨਿਟ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਮੀਟਿੰਗ ਵਿੱਚ ਬਹੁਤ ਹੀ ਨਿਮਰਤਾ ਅਤੇ ਸਤਿਕਾਰ ਨਾਲ ਪੰਜਾਬ ਦੀਆਂ ਚਿੰਤਾਵਾਂ ਸਾਂਝੀਆਂ ਕੀਤੀਆਂ, ਪਰ ਨਾਲ ਹੀ ਇਹ ਵੀ ਸਪੱਸ਼ਟ ਕਰ ਦਿੱਤਾ ਕਿ ਪੰਜਾਬ ਆਪਣੇ ਅਧਿਕਾਰਾਂ 'ਤੇ ਕਿਸੇ ਵੀ ਤਰ੍ਹਾਂ ਦਾ ਡਾਕਾ ਨਹੀਂ ਪੈਣ ਦੇਵੇਗਾ। ਮੀਟਿੰਗ ਦੌਰਾਨ ਆਪਣੀ ਪਹਿਲੀ ਅਤੇ ਮੁੱਖ ਚਿੰਤਾ ਜ਼ਾਹਰ ਕਰਦਿਆਂ ਮੰਤਰੀ ਬਰਿੰਦਰ ਗੋਇਲ ਨੇ ਦੱਸਿਆ ਕਿ ਬੀਬੀਐਮਬੀ ਦੀ ਸਥਾਪਨਾ ਦੇ ਸਮੇਂ ਤੋਂ ਹੀ ਇਹ ਵਿਵਸਥਾ ਰਹੀ ਹੈ ਕਿ ਇਸ ਵਿੱਚ ਪਾਵਰ (ਬਿਜਲੀ) ਦਾ ਮੈਂਬਰ ਪੰਜਾਬ ਤੋਂ ਅਤੇ ਇਰੀਗੇਸ਼ਨ (ਸਿੰਚਾਈ) ਦਾ ਮੈਂਬਰ ਹਰਿਆਣਾ ਤੋਂ ਨਿਯੁਕਤ ਹੁੰਦਾ ਆਇਆ ਹੈ। ਇਹ 50 ਸਾਲਾਂ ਤੋਂ ਚਲੀ ਆ ਰਹੀ ਇੱਕ ਸਥਾਪਿਤ ਪਰੰਪਰਾ ਹੈ। ਪਰ ਕੇਂਦਰ ਸਰਕਾਰ ਨੇ 13 ਅਪ੍ਰੈਲ ਨੂੰ ਨਿਯਮਾਂ ਵਿੱਚ ਸੋਧ ਕਰਕੇ ਇਹ ਪ੍ਰਾਵਧਾਨ ਕਰ ਦਿੱਤਾ ਕਿ ਮੈਂਬਰ ਕਿਤੇ ਦਾ ਵੀ ਹੋ ਸਕਦਾ ਹੈ ਪਰੰਤੂ ਪੰਜਾਬ ਤੇ ਹਰਿਆਣਾ ਨੂੰ ਸਿਰਫ਼ ਤਰਜੀਹ ਦਿੱਤੀ ਜਾਵੇਗੀ। ਉਨ੍ਹਾਂ ਨੇ ਸਵਾਲ ਉਠਾਇਆ ਕਿ ਜਦੋਂ ਇੰਨੇ ਦਹਾਕਿਆਂ ਤੋਂ ਇਹ ਵਿਵਸਥਾ ਬਿਨਾਂ ਕਿਸੇ ਸ਼ਿਕਾਇਤ ਦੇ ਸੁਚਾਰੂ ਢੰਗ ਨਾਲ ਚੱਲ ਰਹੀ ਸੀ, ਤਾਂ ਇਸ ਬਦਲਾਅ ਦੀ ਕੀ ਲੋੜ ਸੀ? 'ਤਰਜੀਹ' ਸ਼ਬਦ ਪੰਜਾਬ ਦੇ ਮਨ ਵਿੱਚ ਵੱਡੀ ਚਿੰਤਾ ਪੈਦਾ ਕਰਦਾ ਹੈ, ਇਸ ਲਈ ਦਹਾਕਿਆਂ ਪੁਰਾਣੇ ਇਸ ਰਵਾਇਤੀ ਢਾਂਚੇ ਨੂੰ ਹੀ ਜਾਰੀ ਰੱਖਿਆ ਜਾਣਾ ਚਾਹੀਦਾ ਹੈ। ਸੁਰੱਖਿਆ ਦੇ ਮੁੱਦੇ 'ਤੇ ਕੇਂਦਰ ਦੇ ਰੁਖ ਦਾ ਜ਼ੋਰਦਾਰ ਵਿਰੋਧ ਕਰਦਿਆਂ ਉਨ੍ਹਾਂ ਨੇ ਸੀਆਈਐਸਐਫ ਦੀ ਤਾਇਨਾਤੀ 'ਤੇ ਇਤਰਾਜ਼ ਜਤਾਇਆ। ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਇੱਕ ਬਹੁਤ ਹੀ ਸਮਰੱਥ ਅਤੇ ਵਿਸ਼ਵ ਪ੍ਰਸਿੱਧ ਫੋਰਸ ਹੈ, ਜਿਸ ਨੇ ਅੱਤਵਾਦ ਦੇ ਦੌਰ ਵਿੱਚ ਦੇਸ਼ ਦੀ ਅਖੰਡਤਾ ਲਈ ਆਪਣੀਆਂ ਅਤੇ ਆਪਣੇ ਪਰਿਵਾਰਾਂ ਦੀਆਂ ਕੁਰਬਾਨੀਆਂ ਦਿੱਤੀਆਂ ਹਨ। ਸਾਡੇ ਡੈਮਾਂ ਦੀ ਸੁਰੱਖਿਆ ਸ਼ੁਰੂ ਤੋਂ ਹੀ ਪੰਜਾਬ ਪੁਲਿਸ ਕਰਦੀ ਆ ਰਹੀ ਹੈ। ਅੱਜ ਵੀ ਸਰਹੱਦ ਦੇ ਨੇੜੇ ਸਥਿਤ ਰਣਜੀਤ ਸਾਗਰ ਡੈਮ ਅਤੇ ਸ਼ਾਹਪੁਰ ਕੰਡੀ ਡੈਮ ਦੀ ਸੁਰੱਖਿਆ ਪੰਜਾਬ ਪੁਲਿਸ ਹੀ ਸੰਭਾਲ ਰਹੀ ਹੈ। ਅਜਿਹੇ ਵਿੱਚ ਬੀਬੀਐਮਬੀ ਕੰਪਲੈਕਸਾਂ ਵਿੱਚ ਸੀਆਈਐਸਐਫ ਨੂੰ ਤਾਇਨਾਤ ਕਰਨ ਦਾ ਕੀ ਤਰਕ ਹੈ? ਜਦੋਂ ਕਿਸੇ ਵੀ ਭਾਈਵਾਲ ਰਾਜ ਨੂੰ ਪੰਜਾਬ ਪੁਲਿਸ ਦੀ ਸੁਰੱਖਿਆ 'ਤੇ ਕੋਈ ਇਤਰਾਜ਼ ਨਹੀਂ ਸੀ, ਤਾਂ ਕੇਂਦਰ ਸਰਕਾਰ ਵੱਲੋਂ ਇਸ ਤਰ੍ਹਾਂ ਦੀ ਦਖਲਅੰਦਾਜ਼ੀ ਸੰਘੀ ਢਾਂਚੇ ਦੀ ਭਾਵਨਾ ਦੇ ਖਿਲਾਫ ਹੈ। ਕੈਬਨਿਟ ਮੰਤਰੀ ਨੇ ਪਾਣੀ ਦੇ ਮੁੱਦੇ 'ਤੇ ਪੰਜਾਬ ਦੀ ਉਦਾਰਤਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਪੰਜਾਬ ਕਦੇ ਵੀ ਆਪਣੀ ਜ਼ਿੰਮੇਵਾਰੀ ਤੋਂ ਪਿੱਛੇ ਨਹੀਂ ਹਟਿਆ।



ਸੂਬਾ ਆਪਣਾ ਕੀਮਤੀ ਜ਼ਮੀਨਦੋਜ਼ ਪਾਣੀ ਗੁਆਉਣ ਦੀ ਕੀਮਤ 'ਤੇ ਵੀ ਸਾਰੇ ਭਾਈਵਾਲ ਰਾਜਾਂ ਨੂੰ ਉਨ੍ਹਾਂ ਦੇ ਹਿੱਸੇ ਦਾ ਪਾਣੀ ਪੂਰੀ ਖ਼ੁਸ਼ੀ ਨਾਲ ਦੇ ਰਿਹਾ ਹੈ। ਉਨ੍ਹਾਂ ਨੇ ਪੁਰਜ਼ੋਰ ਸ਼ਬਦਾਂ ਵਿੱਚ ਕਿਹਾ ਕਿ ਕਿਉਂਕਿ ਨਦੀਆਂ ਪੰਜਾਬ ਵਿੱਚੋਂ ਹੋ ਕੇ ਵਗਦੀਆਂ ਹਨ, ਉਨ੍ਹਾਂ ਦੀ ਦੇਖਭਾਲ ਪੰਜਾਬ ਕਰਦਾ ਹੈ ਅਤੇ ਹੜ੍ਹਾਂ ਦੇ ਸਮੇਂ ਨੁਕਸਾਨ ਵੀ ਪੰਜਾਬ ਹੀ ਝੱਲਦਾ ਹੈ, ਇਸ ਲਈ ਪਾਣੀ ਨੂੰ ਡੈਮਾਂ ਵਿੱਚ ਇਕੱਠਾ ਕਰਨ ਅਤੇ ਇਸ ਦੇ ਪ੍ਰਬੰਧਨ ਨਾਲ ਜੁੜੇ ਫੈਸਲਿਆਂ ਵਿੱਚ ਪੰਜਾਬ ਨੂੰ ਤਰਜੀਹ ਮਿਲਣੀ ਚਾਹੀਦੀ ਹੈ। ਬੀਬੀਐਮਬੀ ਦੇ ਹਰ ਅਹਿਮ ਫੈਸਲੇ ਵਿੱਚ ਪੰਜਾਬ ਨੂੰ ਉਸਦਾ ਯੋਗ ਸਥਾਨ ਦਿੱਤਾ ਜਾਣਾ ਚਾਹੀਦਾ ਹੈ, ਕਿਉਂਕਿ ਪਾਣੀ ਨੂੰ ਸੰਭਾਲਣ ਦੀ ਮੁੱਖ ਜ਼ਿੰਮੇਵਾਰੀ ਪੰਜਾਬ ਦੀ ਹੀ ਹੈ। ਕੇਂਦਰੀ ਮੰਤਰੀ ਮਨੋਹਰ ਲਾਲ ਖੱਟਰ ਵੱਲੋਂ ਪੰਜਾਬ ਦੀ ਤਰਫੋਂ ਕਿਸੇ 'ਚੂਕ' ਹੋਣ ਕਾਰਨ ਸੀਆਈਐਸਐਫ ਲਗਾਉਣ ਦੇ ਦਿੱਤੇ ਗਏ ਬਿਆਨ 'ਤੇ ਹੈਰਾਨੀ ਪ੍ਰਗਟ ਕਰਦਿਆਂ ਬਰਿੰਦਰ ਗੋਇਲ ਨੇ ਕਿਹਾ ਕਿ ਪੰਜਾਬ ਤੋਂ ਕੋਈ ਚੂਕ ਨਹੀਂ ਹੋਈ ਹੈ, ਬਲਕਿ ਪੰਜਾਬ ਨੇ ਕੇਵਲ ਆਪਣੇ ਹੱਕ 'ਤੇ ਪਹਿਰਾ ਦਿੱਤਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਪਾਣੀ ਦੀ ਵੰਡ ਦੀ ਤੈਅ ਵਿਵਸਥਾ ਤਹਿਤ ਹਰਿਆਣਾ ਮਾਰਚ ਮਹੀਨੇ ਵਿੱਚ ਹੀ ਆਪਣੇ ਹਿੱਸੇ ਦਾ ਪਾਣੀ ਇਸਤੇਮਾਲ ਕਰ ਚੁੱਕਾ ਸੀ ਅਤੇ ਉਸ ਤੋਂ ਬਾਅਦ ਉਹ ਪੰਜਾਬ ਦੇ ਹਿੱਸੇ ਦਾ ਪਾਣੀ ਲੈਣਾ ਚਾਹੁੰਦਾ ਸੀ, ਜਿਸਦਾ ਪੰਜਾਬ ਨੇ ਵਿਰੋਧ ਕੀਤਾ। ਹਰਿਆਣਾ ਨੂੰ ਵਾਰ-ਵਾਰ ਪਾਣੀ ਦਾ ਧਿਆਨ ਨਾਲ ਇਸਤੇਮਾਲ ਕਰਨ ਦੀ ਸਲਾਹ ਦਿੱਤੀ ਗਈ ਸੀ, ਪਰ ਉਨ੍ਹਾਂ ਨੇ ਇਸ ਵੱਲ ਗੌਰ ਨਹੀਂ ਕੀਤਾ। ਕੇਂਦਰੀ ਮੰਤਰੀ ਖੱਟਰ 'ਤੇ ਤੰਜ ਕਸਦਿਆਂ ਉਨ੍ਹਾਂ ਕਿਹਾ ਕਿ ਭਾਵੇਂ ਖੱਟਰ ਸਾਹਿਬ ਹੁਣ ਕੇਂਦਰ ਵਿੱਚ ਮੰਤਰੀ ਬਣ ਚੁੱਕੇ ਹਨ, ਪਰ ਅਜਿਹਾ ਲੱਗਦਾ ਹੈ ਕਿ ਉਨ੍ਹਾਂ ਦਾ ਹਰਿਆਣਾ ਪ੍ਰਤੀ ਮੋਹ ਅਜੇ ਛੁੱਟਿਆ ਨਹੀਂ ਹੈ ਅਤੇ ਉਹ ਵਾਰ-ਵਾਰ ਉੱਥੇ ਹੀ ਅਟਕ ਜਾਂਦੇ ਹਨ। ਮੰਤਰੀ ਗੋਇਲ ਨੇ ਕਿਹਾ ਕਿ ਜਦੋਂ ਸਾਰੇ ਭਾਈਵਾਲ ਰਾਜ ਆਪਸੀ ਤਾਲਮੇਲ ਨਾਲ ਬਿਹਤਰ ਢੰਗ ਨਾਲ ਕੰਮ ਕਰ ਰਹੇ ਹਨ, ਤਾਂ ਕੇਂਦਰ ਸਰਕਾਰ ਨੂੰ ਇਸ ਤਰ੍ਹਾਂ ਦੀ ਬੇਲੋੜੀ ਦਖਲਅੰਦਾਜ਼ੀ ਕਰਨ ਤੋਂ ਬਚਣਾ ਚਾਹੀਦਾ ਹੈ। ਉਨ੍ਹਾਂ ਸਾਫ਼ ਕੀਤਾ ਕਿ ਬੀਬੀਐਮਬੀ ਵੱਲੋਂ ਲਏ ਗਏ ਹਰ ਜਾਇਜ਼ ਅਤੇ ਸਹੀ ਫੈਸਲੇ ਦੀ ਉਨ੍ਹਾਂ ਨੇ ਹਮੇਸ਼ਾ ਸ਼ਲਾਘਾ ਕੀਤੀ ਹੈ ਅਤੇ ਪੰਜਾਬ ਅੱਗੇ ਵੀ ਮਿਲ ਕੇ ਚੱਲਣ ਲਈ ਤਿਆਰ ਹੈ। ਪਰ, ਜੇਕਰ ਕੇਂਦਰ ਸਰਕਾਰ ਜਾਂ ਬੀਬੀਐਮਬੀ ਇਹ ਸੋਚਦੀ ਹੈ ਕਿ ਸੁਰੱਖਿਆ ਬਲਾਂ ਦੀ ਤਾਇਨਾਤੀ ਕਰਕੇ ਪੰਜਾਬ ਵਿਰੋਧੀ ਜਾਂ ਕੋਈ ਗਲਤ ਫੈਸਲੇ ਥੋਪੇ ਜਾ ਸਕਦੇ ਹਨ, ਤਾਂ ਪੰਜਾਬ ਅਜਿਹੇ ਕਿਸੇ ਵੀ ਗਲਤ ਫੈਸਲੇ ਨੂੰ ਬਿਲਕੁਲ ਵੀ ਪ੍ਰਵਾਨ ਨਹੀਂ ਕਰੇਗਾ।

# ਪੰਜ ਸਾਲਾਂ ਵਿੱਚ ਚਾਰ ਨੀਟ ਪੇਪਰ ਲੀਕ ਹੋਣ ਦੇ ਬਾਵਜੂਦ ਸਿੱਖਿਆ ਮੰਤਰੀ ਨੂੰ ਕਿਉਂ ਬਚਾ ਰਹੀ ਹੈ ਮੋਦੀ ਸਰਕਾਰ? -ਪਰਗਟ ਸਿੰਘ

## ਕਿਹਾ, ਨੌਜਵਾਨਾਂ ਦੇ ਭਵਿੱਖ ਨੂੰ ਬਰਬਾਦ ਕਰਨ ਵਾਲੇ ਸਿੱਖਿਆ ਮੰਤਰੀ ਨੂੰ ਦੇ ਦੇਣਾ ਚਾਹੀਦਾ ਅਸਤੀਫਾ

ਜ਼ਿਕਰ ਪੰਜਾਬ
ਜਲੰਧਰ/ਬਲਵਿੰਦਰ ਕੁਮਾਰ

ਸਾਬਕਾ ਸਿੱਖਿਆ ਮੰਤਰੀ ਅਤੇ ਵਿਧਾਇਕ ਪਰਗਟ ਸਿੰਘ ਨੇ ਦੋਸ਼ ਲਗਾਇਆ ਕਿ ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ 2021 ਤੋਂ ਨੀਟ, ਜੇਈਈ ਮੇਨ ਅਤੇ ਯੂਜੀਸੀ-ਨੇਟ ਸਮੇਤ 70-80 ਪ੍ਰਤੀਯੋਗੀ ਪ੍ਰੀਖਿਆਵਾਂ ਦੇ ਲੀਕ ਹੋਣ ਅਤੇ ਰੱਦ ਹੋਣ ਲਈ ਸਿੱਧੇ ਤੌਰ 'ਤੇ ਜ਼ਿੰਮੇਵਾਰ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਤੁਰੰਤ ਸਿੱਖਿਆ ਮੰਤਰੀ ਦਾ ਅਸਤੀਫਾ ਮੰਗਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਅਹੁਦੇ ਤੋਂ ਹਟਾਉਣਾ ਚਾਹੀਦਾ ਹੈ। ਪਰਗਟ ਸਿੰਘ ਨੇ ਕਿਹਾ ਕਿ ਧਰਮਿੰਦਰ ਪ੍ਰਧਾਨ ਦੇ ਸਿੱਖਿਆ ਮੰਤਰੀ ਬਣਨ ਤੋਂ ਬਾਅਦ ਪਿਛਲੇ ਪੰਜ ਸਾਲਾਂ ਵਿੱਚ, ਇਨ੍ਹਾਂ ਪ੍ਰੀਖਿਆਵਾਂ ਵਿੱਚ 125 ਮਿਲੀਅਨ ਤੋਂ ਵੱਧ ਵਿਦਿਆਰਥੀਆਂ ਦਾ ਭਵਿੱਖ ਦਾਅ 'ਤੇ ਲੱਗਿਆ ਹੈ। ਉਨ੍ਹਾਂ ਦੀ ਸਾਲਾਂ ਦੀ ਮਿਹਨਤ ਵਾਰ-ਵਾਰ ਬਰਬਾਦ ਹੋ ਰਹੀ ਹੈ। ਇਸ ਸਾਲ 2026 ਦੀ ਨੀਟ ਪ੍ਰੀਖਿਆ ਰੱਦ ਹੋਣ ਨਾਲ ਦੇਸ਼ ਭਰ ਦੇ 22 ਲੱਖ ਤੋਂ ਵੱਧ ਵਿਦਿਆਰਥੀ ਵੀ ਪ੍ਰਭਾਵਿਤ ਹੋਏ ਹਨ। ਪਰਗਟ ਸਿੰਘ ਨੇ ਕਿਹਾ ਕਿ 2021 ਤੋਂ 2026 ਤੱਕ ਚਾਰ ਨੀਟ-ਯੂਜੀ ਅਤੇ ਪੀਜੀ ਪੇਪਰ ਲੀਕ ਹੋਏ ਹਨ। ਇਨ੍ਹਾਂ ਵਿੱਚੋਂ ਨੀਟ-ਯੂਜੀ 2021 ਜੈਪੁਰ, ਨੀਟ-ਯੂਜੀ 2024 ਪਟਨਾ-ਹਜ਼ਾਰੀਬਾਗ, ਨੀਟ-ਪੀਜੀ 2024, ਅਤੇ ਨੀਟ-ਯੂਜੀ 2026 ਸੀਕਰ ਮਹੱਤਵਪੂਰਨ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਸਿੱਖਿਆ ਮੰਤਰੀ ਦੇ ਅਸਤੀਫਾ ਦੇਣ ਤੱਕ ਚੁੱਪ ਨਹੀਂ ਰਹੇਗੀ। ਇਸ ਨੂੰ ਦੇਸ਼ ਵਿਆਪੀ ਅੰਦੋਲਨ ਵਿੱਚ ਬਦਲ ਦਿੱਤਾ ਜਾਵੇਗਾ। ਇਸ ਮਾਮਲੇ ਦੀ ਤੁਰੰਤ ਨਿਰਪੱਖ ਜਾਂਚ ਕਰਵਾਈ ਜਾਣੀ ਚਾਹੀਦੀ ਹੈ, ਜਿਸ ਲਈ ਸੁਪਰੀਮ ਕੋਰਟ ਦੇ ਮੌਜੂਦਾ ਜੱਜ ਦੀ ਕਮੇਟੀ ਬਣਾਈ ਜਾਣੀ ਚਾਹੀਦੀ ਹੈ। ਕਿਉਂਕਿ ਸੀਬੀਆਈ ਜਾਂਚ ਦਾ ਵੀ ਕੋਈ ਨਤੀਜਾ ਨਹੀਂ ਨਿਕਲਿਆ ਹੈ, ਇਸ ਲਈ ਕੇਂਦਰ ਸਰਕਾਰ ਅਜੇ ਵੀ ਕੋਈ ਹੱਲ ਨਹੀਂ ਲੱਭ ਸਕੀ ਹੈ। ਇਸ ਰੈਕੇਟ ਵਿੱਚ ਸ਼ਾਮਲ ਲੋਕ ਵਾਰ-ਵਾਰ ਪੇਪਰ ਲੀਕ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਪ੍ਰੀਖਿਆਵਾਂ ਨੂੰ ਰੱਦ ਕਰਨ ਨਾਲ ਨੌਜਵਾਨਾਂ ਨੂੰ ਨਿਰਾਸ਼ਾ ਹੋਈ ਹੈ ਅਤੇ ਮਾਨਸਿਕ ਤਣਾਅ ਅਤੇ ਅਸੁਰੱਖਿਆ ਪੈਦਾ ਹੋ ਰਹੀ ਹੈ। ਹੁਣ ਤੱਕ ਚਾਰ ਨੌਜਵਾਨਾਂ ਨੇ ਖ਼ੁਦਕੁਸ਼ੀ ਕਰ ਲਈ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਇਨ੍ਹਾਂ ਪੇਪਰਾਂ ਨੂੰ ਲੀਕ ਕਰਨ ਵਾਲਿਆਂ ਵਿਰੁੱਧ ਕੋਈ ਸਖ਼ਤ ਕਾਰਵਾਈ ਨਹੀਂ ਕੀਤੀ ਗਈ ਹੈ। ਇਸ ਦੀ ਬਜਾਏ, ਇਨ੍ਹਾਂ ਵਿੱਚੋਂ ਕਈ ਮਾਮਲਿਆਂ ਵਿੱਚ ਤਰੱਕੀਆਂ ਦਿੱਤੀਆਂ ਗਈਆਂ ਹਨ। ਭ੍ਰਿਸ਼ਟਾਚਾਰ ਨੂੰ ਖਤਮ ਕਰਨ ਅਤੇ ਸਿੱਖਿਆ ਨੂੰ ਮੁੜ ਆਕਾਰ ਦੇਣ ਦੇ ਭਾਜਪਾ ਦੇ ਸਾਰੇ ਵਾਅਦੇ ਖੋਖਲੇ ਜਾਪਦੇ ਹਨ।



# ਪੰਜਾਬ ਦੇ ਸਰਕਾਰੀ ਸਕੂਲਾਂ ਦੇ 72 ਅਧਿਆਪਕਾਂ ਦਾ ਵਫ਼ਦ ਸਿਖਲਾਈ ਲਈ ਫਿਨਲੈਂਡ ਰਵਾਨਾ

ਜ਼ਿਕਰ ਪੰਜਾਬ
ਚੰਡੀਗੜ੍ਹ/ਬਿਊਰੋ



ਪੰਜਾਬ ਵਿੱਚ 'ਸਿੱਖਿਆ ਕ੍ਰਾਂਤੀ' ਨੂੰ ਹੋਰ ਵੱਡਾ ਹੁਲਾਰਾ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਸਿਖਲਾਈ ਹਾਸਲ ਕਰਨ ਲਈ ਫਿਨਲੈਂਡ ਜਾ ਰਹੇ ਸਰਕਾਰੀ ਸਕੂਲਾਂ ਦੇ 72 ਅਧਿਆਪਕਾਂ ਦੇ ਸਭ ਤੋਂ ਵੱਡੇ ਬੈਚ ਨੂੰ ਰਵਾਨਾ ਕੀਤਾ। ਇਸ ਮੌਕੇ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਅਧਿਆਪਕਾਂ ਨੂੰ ਸਿਖਲਾਈ ਦੇਣ, ਆਧੁਨਿਕ ਕਲਾਸ ਰੂਮ ਅਤੇ ਵਿਦਿਅਕ ਸੁਧਾਰਾਂ ਨਾਲ ਪੰਜਾਬ ਦੇ ਸਿੱਖਿਆ ਖੇਤਰ ਵਿੱਚ ਵੱਡਾ ਬਦਲਾਅ ਆਇਆ ਹੈ ਜਿਸ ਨਾਲ ਦੇਸ਼ ਭਰ ਵਿੱਚੋਂ ਸੂਬਾ ਮੋਹਰੀ ਸੂਬਾ ਬਣ ਕੇ ਉੱਭਰਿਆ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪਿਛਲੀਆਂ ਸਰਕਾਰਾਂ ਨੇ ਸਰਕਾਰੀ ਸੰਸਥਾਵਾਂ ਵਿੱਚ ਸਿੱਖਿਆ ਨੂੰ ਦਹਾਕਿਆਂ ਤੱਕ ਨਕਾਰਿਆ ਜਦਕਿ ਹੁਣ ਪੰਜਾਬ ਦੇ ਸਰਕਾਰੀ ਸਕੂਲਾਂ ਨੇ ਬੋਰਡ ਦੀਆਂ ਪ੍ਰੀਖਿਆਵਾਂ ਦੇ ਨਤੀਜਿਆਂ ਵਿੱਚ ਪ੍ਰਾਈਵੇਟ ਸਕੂਲਾਂ ਨੂੰ ਪਛਾੜ ਦਿੱਤਾ ਹੈ। ਪਹਿਲੀ ਵਾਰ ਸਰਕਾਰੀ ਸਕੂਲਾਂ ਵਿੱਚ ਸ਼ੁਰੂ ਕੀਤੀ ਅਧਿਆਪਕ-ਮਾਪੇ ਮਿਲਣੀ ਵਿੱਚ ਲੱਖਾਂ ਮਾਪਿਆਂ ਨੇ ਖੁਦ ਵਧ-ਚੜ੍ਹ ਕੇ ਸ਼ਿਰਕਤ ਕੀਤੀ ਹੈ। ਉਨ੍ਹਾਂ ਕਿਹਾ ਕਿ ਵਿਸ਼ਵ ਪੱਧਰੀ ਸਿੱਖਿਆ ਪ੍ਰਣਾਲੀਆਂ ਕਲਾਸਰੂਮਾਂ ਦੇ ਅੰਦਰ ਇਨਕਲਾਬੀ ਤਬਦੀਲੀਆਂ ਲਿਆਉਣ ਵਿੱਚ ਮਦਦਗਾਰ ਸਾਬਤ ਹੋ ਰਹੀਆਂ ਹਨ ਅਤੇ ਸਰਕਾਰੀ ਸਕੂਲਾਂ ਨੂੰ ਮਾਪਿਆਂ ਦੀ ਪਹਿਲੀ ਪਸੰਦ ਬਣਾਉਣ ਦੇ ਪੰਜਾਬ ਸਰਕਾਰ ਦੇ ਮਿਸ਼ਨ ਨੂੰ ਮਜ਼ਬੂਤ ਕਰ ਰਿਹਾ ਹੈ। ਰਵਾਨਗੀ ਤੋਂ ਪਹਿਲਾਂ ਅਧਿਆਪਕਾਂ ਨੂੰ ਸੰਬੋਧਨ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਕੁੱਲ 72 ਸਰਕਾਰੀ ਸਕੂਲ ਅਧਿਆਪਕਾਂ ਨੂੰ ਫਿਨਲੈਂਡ ਦੀ ਵਿਸ਼ਵ ਪੱਧਰ 'ਤੇ ਪ੍ਰਸਿੱਧ ਯੂਨੀਵਰਸਿਟੀ ਆਫ਼ ਤੁਰਕੂ ਵਿਖੇ ਸਰਵੋਤਮ ਸਿੱਖਿਆ ਟ੍ਰੇਨਿੰਗ ਲਈ ਚੁਣਿਆ ਗਿਆ ਹੈ। ਇਹ ਅਧਿਆਪਕ 29 ਮਈ ਤੱਕ ਆਧੁਨਿਕ ਸਿੱਖਿਆ ਵਿਧੀਆਂ, ਨਵੀਨਤਾਕਾਰੀ ਕਲਾਸਰੂਮ ਅਭਿਆਸਾਂ, ਵਿਦਿਆਰਥੀ-ਕੇਂਦ੍ਰਿਤ ਸਿਖਲਾਈ ਮਾਡਲਾਂ ਅਤੇ ਵਿਸ਼ਵ ਪੱਧਰ 'ਤੇ ਸਥਾਪਤ ਸਿੱਖਿਆ ਪ੍ਰਣਾਲੀਆਂ ਦਾ ਡੂੰਘਾ ਅਨੁਭਵ ਪ੍ਰਾਪਤ ਕਰਨਗੇ। ਮੁੱਖ ਮੰਤਰੀ ਨੇ ਕਿਹਾ, "ਇਹ ਪਹਿਲਕਦਮੀ ਪੰਜਾਬ ਦੇ ਸਿੱਖਿਆ ਸੁਧਾਰ ਪ੍ਰੋਗਰਾਮ ਵਿੱਚ ਇੱਕ ਹੋਰ ਵੱਡਾ ਮੀਲ ਪੱਥਰ ਹੈ, ਜੋ ਦੇਸ਼ ਵਿੱਚ ਸਭ ਤੋਂ ਵੱਧ ਵੱਡੇ ਬਦਲਾਅ ਵਜੋਂ ਉਭਰਿਆ ਹੈ। ਅਧਿਆਪਕਾਂ ਨੂੰ 'ਸੱਚੇ ਰਾਸ਼ਟਰ ਨਿਰਮਾਤਾ' ਦੱਸਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਪੰਜਾਬ ਸਰਕਾਰ ਸਿਰਫ਼ ਬੁਨਿਆਦੀ ਢਾਂਚੇ ਵਿੱਚ ਨਿਵੇਸ਼ ਨਹੀਂ ਕਰ ਰਹੀ ਹੈ, ਸਗੋਂ ਬੁਨਿਆਦੀ ਪੱਧਰ ਤੋਂ ਵਿਦਿਅਕ ਮਾਹੌਲ ਦਾ ਪੁਨਰ ਨਿਰਮਾਣ ਕਰ ਰਹੀ ਹੈ। ਪੰਜਾਬ ਦੇ ਸਿੱਖਿਆ ਸੁਧਾਰ ਹੁਣ ਨੀਤੀਗਤ ਐਲਾਨਾਂ ਤੱਕ ਸੀਮਤ ਨਹੀਂ ਹਨ, ਸਗੋਂ ਹੁਣ ਰਾਸ਼ਟਰੀ ਪੱਧਰ 'ਤੇ ਮਾਨਤਾ ਪ੍ਰਾਪਤ ਨਤੀਜੇ ਪੈਦਾ ਕਰ ਰਹੇ ਹਨ। ਨੀਤੀ ਆਯੋਗ ਵੱਲੋਂ ਜਾਰੀ ਕੀਤੇ ਗਏ ਨਵੀਨਤਮ ਵਿਦਿਅਕ ਸੂਚਕਾਂ ਦਾ ਹਵਾਲਾ ਦਿੰਦੇ ਹੋਏ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਪੰਜਾਬ ਨੇ ਸਕੂਲ ਸਿੱਖਿਆ ਨਾਲ ਸਬੰਧਤ ਕਈ ਮਾਪਦੰਡਾਂ ਵਿੱਚ ਕੇਰਲਾ, ਮਹਾਰਾਸ਼ਟਰ ਅਤੇ ਹਰਿਆਣਾ ਸਮੇਤ ਰਵਾਇਤੀ ਤੌਰ 'ਤੇ ਮਜ਼ਬੂਤ ਵਿਦਿਅਕ ਸੂਬਿਆਂ ਨੂੰ ਪਛਾੜ ਦਿੱਤਾ ਹੈ। ਉਨ੍ਹਾਂ ਅੱਗੇ ਕਿਹਾ, "ਪੰਜਾਬ ਨੇ ਗਣਿਤ, ਵਿਗਿਆਨ ਅਤੇ ਭਾਸ਼ਾ ਦੀ ਮੁਹਾਰਤ ਵਿੱਚ ਸ਼ਾਨਦਾਰ ਪ੍ਰਦਰਸ਼ਨ ਦਰਜ ਕੀਤਾ ਹੈ, ਜਦੋਂ ਕਿ ਆਧੁਨਿਕ ਸਹੂਲਤਾਂ ਵਾਲੇ ਸਕੂਲ ਬੁਨਿਆਦੀ ਢਾਂਚੇ, ਡਿਜੀਟਲ ਸਿਖਲਾਈ ਸਹੂਲਤਾਂ ਅਤੇ ਕਲਾਸਰੂਮ ਪ੍ਰਬੰਧਨ ਮਿਆਰਾਂ ਵਿੱਚ ਇੱਕੋ ਸਮੇਂ ਮੋਹਰੀ ਵਜੋਂ ਉੱਭਰ ਰਿਹਾ ਹੈ। ਨਤੀਜੇ ਸਪੱਸ਼ਟ ਤੌਰ 'ਤੇ ਦਰਸਾਉਂਦੇ ਹਨ ਕਿ ਪੰਜਾਬ ਦੇ ਸਰਕਾਰੀ ਸਕੂਲ ਦਹਾਕਿਆਂ ਦੀ ਅਣਗਹਿਲੀ ਤੋਂ ਬਾਅਦ ਇਤਿਹਾਸਕ ਤਬਦੀਲੀ ਵਿੱਚੋਂ ਗੁਜ਼ਰ ਰਹੇ ਹਨ। ਫਿਨਲੈਂਡ ਸਿਖਲਾਈ ਪ੍ਰੋਗਰਾਮ ਦੀ ਮਹੱਤਤਾ ਦਾ ਜ਼ਿਕਰ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜ਼ੋਰ ਦੇ ਕੇ ਕਿਹਾ, "ਇਹ ਪਹਿਲਕਦਮੀ ਪੰਜਾਬ ਦੇ ਅਧਿਆਪਕਾਂ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਮੌਕੇ ਪ੍ਰਦਾਨ ਕਰਨ ਅਤੇ ਭਵਿੱਖ ਲਈ ਤਿਆਰ ਵਿਦਿਅਕ ਅਭਿਆਸਾਂ ਨਾਲ ਲੈਸ ਕਰਨ ਦੀ ਵਿਆਪਕ ਰਣਨੀਤੀ ਦਾ ਹਿੱਸਾ ਹੈ। ਇਹ ਸਿਰਫ਼ ਰਸਮੀ ਵਿਦੇਸ਼ੀ ਫੇਰੀ ਨਹੀਂ ਹੈ ਬਲਕਿ ਨਵਾਂ ਸਿੱਖਣ ਦਾ ਸ਼ਾਨਦਾਰ ਤਜਰਬਾ ਹੈ ਜਿਸ ਦਾ ਉਦੇਸ਼ ਸਿੱਧੇ ਤੌਰ 'ਤੇ ਪੰਜਾਬ ਦੇ ਕਲਾਸਰੂਮਾਂ ਵਿੱਚ ਵਿਹਾਰਕ ਨਵੀਨਤਾ ਲਿਆਉਣਾ ਹੈ। ਉਨ੍ਹਾਂ ਅੱਗੇ ਕਿਹਾ, "ਅਧਿਆਪਕ ਫਿਨਲੈਂਡ ਦੀ ਵਿਸ਼ਵ ਪੱਧਰ 'ਤੇ ਮਸ਼ਹੂਰ ਸਿੱਖਿਆ ਵਿਵਸਥਾ ਦਾ ਨੇੜਿਓਂ ਅਧਿਐਨ ਕਰਨਗੇ, ਜੋ ਕਿ ਸੰਕਲਪਿਕ ਸਿੱਖਿਆ, ਆਲੋਚਨਾਤਮਕ ਸੋਚ, ਵਿਦਿਆਰਥੀਆਂ ਦੀ ਭਾਵਨਾਤਮਕ ਭਲਾਈ ਅਤੇ ਘੱਟੋ-ਘੱਟ ਰੱਟੇ ਨਾਲ ਯਾਦ ਰੱਖਣ 'ਤੇ ਜ਼ੋਰ ਦੇਣ ਲਈ ਜਾਣੀ ਜਾਂਦੀ ਹੈ। ਇਹ ਸਿਖਲਾਈ ਸਹਿਯੋਗੀ ਅਧਿਆਪਨ ਤਕਨੀਕਾਂ, ਕਲਾਸਰੂਮ ਸ਼ਮੂਲੀਅਤ ਮਾਡਲਾਂ, ਮੁਲਾਂਕਣ ਸੁਧਾਰਾਂ ਅਤੇ ਸਿੱਖਿਆ ਵਿੱਚ ਤਕਨਾਲੋਜੀ ਦੇ ਏਕੀਕਰਨ 'ਤੇ ਵੀ ਕੇਂਦ੍ਰਿਤ ਹੋਵੇਗੀ। ਪਹਿਲਾਂ ਦੇ ਅੰਤਰਰਾਸ਼ਟਰੀ ਸਿਖਲਾਈ ਬੈਚਾਂ ਦੇ ਪ੍ਰਭਾਵ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜ਼ੋਰ ਦੇ ਕੇ ਕਿਹਾ, "ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਸਕਾਰਾਤਮਕ ਨਤੀਜੇ ਪਹਿਲਾਂ ਹੀ ਦਿਖਾਈ ਦੇ ਰਹੇ ਹਨ। ਸਿਖਲਾਈ ਪ੍ਰਾਪਤ ਅਧਿਆਪਕਾਂ ਨੇ ਆਪਸੀ ਸੰਵਾਦ ਰਾਹੀਂ ਸਿੱਖਣ ਦੇ ਵਾਤਾਵਰਣ, ਕਲਾਸਰੂਮ ਅਨੁਸ਼ਾਸਨ ਵਿੱਚ ਸੁਧਾਰ ਅਤੇ ਵਿਦਿਆਰਥੀ-ਅਨੁਕੂਲ ਪਹੁੰਚ ਅਪਣਾਏ ਹਨ ਜਿਸ ਨਾਲ ਅਕਾਦਮਿਕ ਕਾਰਗੁਜ਼ਾਰੀ ਵਿੱਚ ਕਾਫ਼ੀ ਵਾਧਾ ਹੋਇਆ ਹੈ।

# ਤੈਅ ਸਮੇਂ ਤੋਂ ਪਹਿਲਾਂ ਆਵੇਗਾ ਮਾਨਸੂਨ




ਜ਼ਿਕਰ ਪੰਜਾਬ
ਨਵੀਂ ਦਿੱਲੀ/ਬਿਊਰੋ

ਮੌਸਮ ਵਿਭਾਗ ਨੇ ਸ਼ਨੀਵਾਰ ਨੂੰ ਦੱਸਿਆ ਕਿ ਦੱਖਣ-ਪੱਛਮੀ ਮੌਨਸੂਨ ਨੇ ਦੱਖਣ-ਪੂਰਬੀ ਅਰਬ ਸਾਗਰ, ਦੱਖਣ-ਪੱਛਮ ਅਤੇ ਦੱਖਣ-ਪੂਰਬੀ ਬੰਗਾਲ ਦੀ ਖਾੜੀ, ਅੰਡੇਮਾਨ ਸਾਗਰ, ਪੂਰੇ ਨਿਕੋਬਾਰ ਟਾਪੂਆਂ ਅਤੇ ਅੰਡੇਮਾਨ ਦੀਪ ਸਮੂਹ ਦੇ ਵਿਜੇਪੁਰਮ ਸਮੇਤ ਕੁਝ ਹਿੱਸਿਆਂ ਵਿੱਚ ਪ੍ਰਵੇਸ਼ ਕਰ ਲਿਆ ਹੈ। ਆਈਐਮਡੀ ਨੇ ਅੱਗੇ ਕਿਹਾ ਕਿ ਅਗਲੇ ਤਿੰਨ ਤੋਂ ਚਾਰ ਦਿਨਾਂ ਵਿੱਚ ਮੌਨਸੂਨ ਦੇ ਦੱਖਣ-ਪੂਰਬੀ ਅਰਬ ਸਾਗਰ ਦੇ ਵਾਧੂ ਹਿੱਸਿਆਂ ਦੇ ਨਾਲ-ਨਾਲ ਦੱਖਣ-ਪੱਛਮ ਅਤੇ ਦੱਖਣ-ਪੂਰਬੀ ਬੰਗਾਲ ਦੀ ਖਾੜੀ ਵਿੱਚ ਅੱਗੇ ਵਧਣ ਲਈ ਹਾਲਾਤ ਅਨੁਕੂਲ ਹਨ। ਇਸ ਸਮੇਂ ਦੌਰਾਨ ਅੰਡੇਮਾਨ ਟਾਪੂਆਂ ਅਤੇ ਅੰਡੇਮਾਨ ਸਾਗਰ ਦੇ ਬਾਕੀ ਹਿੱਸਿਆਂ ਦੇ ਨਾਲ-ਨਾਲ ਪੂਰਬੀ-ਕੇਂਦਰੀ ਬੰਗਾਲ ਦੀ ਖਾੜੀ ਦੇ ਕੁਝ ਹਿੱਸਿਆਂ ਵਿੱਚ ਵੀ ਮਾਨਸੂਨ ਦੀ ਸ਼ੁਰੂਆਤ ਹੋਣ ਦੀ ਸੰਭਾਵਨਾ ਹੈ। ਇਸ ਤੋਂ ਪਹਿਲਾਂ ਸ਼ੁੱਕਰਵਾਰ ਨੂੰ ਆਈਐਮਡੀ ਨੇ ਕਿਹਾ ਸੀ ਕਿ ਦੱਖਣ-ਪੱਛਮੀ ਮਾਨਸੂਨ ਦੇ ਇਸ ਸਾਲ 26 ਮਈ ਨੂੰ ਕੇਰਲ ਪਹੁੰਚਣ ਦੀ ਉਮੀਦ ਹੈ। ਹਾਲਾਂਕਿ, ਆਮ ਤੌਰ ਉਤੇ ਮਾਨਸੂਨ ਕੇਰਲ ਵਿੱਚ 1 ਜੂਨ ਨੂੰ ਸ਼ੁਰੂ ਹੁੰਦਾ ਹੈ।

ਇਸ ਤੋਂ ਪਹਿਲਾਂ ਆਈਐਮਡੀ ਨੇ ਕਿਹਾ ਸੀ ਕਿ ਇਸ ਸਾਲ ਮਾਨਸੂਨ ਸੀਜ਼ਨ ਦੌਰਾਨ ਭਾਰਤ ਵਿੱਚ ਬਾਰਿਸ਼ ਆਮ ਨਾਲੋਂ ਘੱਟ ਹੋਣ ਦੀ ਸੰਭਾਵਨਾ ਹੈ। ਇਹ ਸਥਿਤੀ ਇਸ ਸੀਜ਼ਨ ਦੌਰਾਨ ਅਲ ਨੀਨੋ ਸਥਿਤੀਆਂ ਦੇ ਉਭਾਰ ਕਾਰਨ ਪੈਦਾ ਹੋ ਸਕਦੀ ਹੈ, ਜਿਸ ਕਾਰਨ ਆਮ ਤੌਰ 'ਤੇ ਦੇਸ਼ ਵਿੱਚ ਬਾਰਿਸ਼ ਘੱਟ ਹੁੰਦੀ ਹੈ। ਭਾਰਤੀ ਮੌਸਮ ਵਿਗਿਆਨ ਵਿਭਾਗ ਵੱਲੋਂ ਜਾਰੀ ਕੀਤੇ ਨਵੇਂ ਨਕਸ਼ੇ ਮੁਤਾਬਕ 20 ਜੂਨ ਨੂੰ ਮਾਨਸੂਨ ਹਿਮਾਚਲ ਪ੍ਰਦੇਸ਼ ਦੇ ਪੂਰਵੀ ਹਿੱਸਿਆਂ ਅਤੇ ਉੱਤਰਾਖੰਡ ਦੇ ਉੱਤਰ-ਪੂਰਬੀ ਇਲਾਕਿਆਂ ਨੂੰ ਛੂਹ ਲਵੇਗਾ। ਇਸ ਤੋਂ ਬਾਅਦ 30 ਜੂਨ ਤੱਕ ਪੰਜਾਬ ਅਤੇ ਹਰਿਆਣਾ ਦੇ ਪੂਰਬੀ ਹਿੱਸਿਆਂ ਵਿੱਚ ਮਾਨਸੂਨ ਦੇ ਅੱਗੇ ਵਧਣ ਦੀ ਉਮੀਦ ਹੈ, ਜਦੋਂਕਿ 5 ਜੁਲਾਈ ਤੱਕ ਇਹ ਪੂਰੇ ਖੇਤਰ ਨੂੰ ਆਪਣੇ ਘੇਰੇ ਵਿੱਚ ਲੈ ਲਵੇਗਾ। ਪਿਛਲੇ 26 ਸਾਲਾਂ ਦੇ ਇਤਿਹਾਸ ਉਤੇ ਨਜ਼ਰ ਮਾਰੀਏ ਤਾਂ ਸਦੀ ਦੀ ਸ਼ੁਰੂਆਤ ਤੋਂ ਬਾਅਦ ਅਜਿਹਾ ਸਿਰਫ਼ ਪੰਜ ਵਾਰ ਹੀ ਹੋਇਆ ਹੈ ਜਦੋਂ ਮੌਨਸੂਨ 20 ਜੂਨ ਤੋਂ ਪਹਿਲਾਂ ਇਸ ਖੇਤਰ ਵਿੱਚ ਪਹੁੰਚਿਆ ਹੋਵੇ। ਇਸ ਤੋਂ ਪਹਿਲਾਂ ਸਾਲ 2000 ਵਿੱਚ ਸਭ ਤੋਂ ਪਹਿਲਾਂ 6 ਜੁਲਾਈ ਨੂੰ ਮਾਨਸੂਨ ਆਇਆ ਸੀ, ਜਦੋਂਕਿ 2021, 2013, 2008 ਅਤੇ 2004 ਵਿੱਚ ਵੀ ਇਹ ਸਮੇਂ ਤੋਂ ਪਹਿਲਾਂ ਪਹੁੰਚਿਆ ਸੀ।

# ਗੁਰਦਾਸਪੁਰ ਵਿਖੇ ਗ੍ਰਨੇਡ ਸੁੱਟਣ ਦੇ ਮਾਮਲੇ 'ਚ ਤਿੰਨ ਮੁਲਜ਼ਮ ਗ੍ਰਿਫ਼ਤਾਰ; ਮੁਲਜ਼ਮਾਂ ਕੋਲੋਂ ਇੱਕ ਹੋਰ ਗ੍ਰਨੇਡ ਬਰਾਮਦ

ਜ਼ਿਕਰ ਪੰਜਾਬ

**ਗੁਰਦਾਸਪੁਰ:** ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਜਾਰੀ ਮੁਹਿੰਮ ਦਰਮਿਆਨ ਵੱਡੀ ਸਫ਼ਲਤਾ ਤਹਿਤ ਗੁਰਦਾਸਪੁਰ ਪੁਲਿਸ ਨੇ ਕਾਊਂਟਰ ਇੰਟੈਲੀਜੈਂਸ (ਸੀ.ਆਈ.) ਪੰਜਾਬ ਨਾਲ ਤਾਲਮੇਲ ਰਾਹੀਂ ਗੁਰਦਾਸਪੁਰ ਵਿਖੇ ਦੁਕਾਨ ਨੇੜੇ ਗ੍ਰਨੇਡ ਸੁੱਟਣ ਦੇ ਮਾਮਲੇ 'ਚ ਤਿੰਨ ਮੁਲਜ਼ਮਾਂ ਨੂੰ ਇੱਕ ਹੋਰ ਹੈਂਡ-ਗ੍ਰਨੇਡ ਸਮੇਤ ਗ੍ਰਿਫ਼ਤਾਰ ਕਰਕੇ ਕੇਸ ਨੂੰ ਸਫ਼ਲਤਾਪੂਰਵਕ ਸੁਲਝਾ ਲਿਆ ਹੈ। ਇਹ ਜਾਣਕਾਰੀ ਅੱਜ ਇਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਅਮਰਜੀਤ ਸਿੰਘ ਉਰਫ਼ ਬਿੱਲਾ ਵਾਸੀ ਰਾਮਾ ਮੰਡੀ, ਗਣੇਸ਼ ਨਗਰ,ਜਲੰਧਰ; ਕਰਨਜੀਤ ਸਿੰਘ ਉਰਫ਼ ਕਰਨ ਵਾਸੀ ਤਾਰਾਪੁਰ, ਅੰਮ੍ਰਿਤਸਰ; ਅਤੇ ਸਤਨਾਮ ਸਿੰਘ ਵਾਸੀ ਪਿੰਡ ਬੋਪਾਰਾਏ, ਅੰਮ੍ਰਿਤਸਰ ਵਜੋਂ ਹੋਈ ਹੈ। ਜਾਣਕਾਰੀ ਅਨੁਸਾਰ 27 ਅਪ੍ਰੈਲ, 2026 ਨੂੰ ਗੁਰਦਾਸਪੁਰ ਦੇ ਗੀਤਾ ਭਵਨ ਰੋਡ 'ਤੇ ਸਥਿਤ ਇੱਕ ਦੁਕਾਨ ਨੇੜੇ ਅਣ-ਚੱਲਿਆ ਹੈਂਡ ਗ੍ਰਨੇਡ ਮਿਲਿਆ ਸੀ। ਇਸ ਉਪਰੰਤ ਬੰਬ ਸਕੁਐਡ ਵੱਲੋਂ ਇਸਨੂੰ ਸਫਲਤਾਪੂਰਵਕ ਨਕਾਰਾ ਕੀਤੇ ਜਾਣ ਤੋਂ ਬਾਅਦ, ਪੁਲਿਸ ਨੇ ਇਹ ਗ੍ਰਨੇਡ ਆਪਣੇ ਕਬਜ਼ੇ ਵਿੱਚ ਲੈ ਲਿਆ। ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮਾਮਲੇ ਦੀ ਵਿਆਪਕ ਜਾਂਚ ਤੋਂ ਬਾਅਦ, ਪੁਲਿਸ ਨੇ ਦੁਕਾਨ ਨੇੜੇ ਹੈਂਡ ਗ੍ਰਨੇਡ ਸੁੱਟਣ 'ਚ ਸ਼ਾਮਲ ਦੋਸ਼ੀਆਂ ਦੀ ਪਛਾਣ ਕਰ ਲਈ। ਜਾਂਚ ਦੌਰਾਨ, ਗ੍ਰਿਫ਼ਤਾਰ ਮੁਲਜ਼ਮ ਅਮਰਜੀਤ ਸਿੰਘ ਉਰਫ਼ ਬਿੱਲਾ ਦੇ ਘਰ ਤੋਂ ਇੱਕ ਹੋਰ ਹੈਂਡ ਗ੍ਰਨੇਡ ਵੀ ਬਰਾਮਦ ਹੋਇਆ ਹੈ। ਡੀਜੀਪੀ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਮੁਲਜ਼ਮ ਇੱਕ ਵਿਦੇਸ਼ੀ ਹੈਂਡਲਰ ਦੇ ਨਿਰਦੇਸ਼ਾਂ 'ਤੇ ਕੰਮ ਕਰ ਰਹੇ ਸਨ ਅਤੇ ਆਪਣੇ ਹੈਂਡਲਰ ਜ਼ਰੀਏ ਉਨ੍ਹਾਂ ਨੂੰ ਦੋ ਹੈਂਡ ਗ੍ਰਨੇਡ ਪ੍ਰਾਪਤ ਹੋਏ ਸਨ।



ਆਪਰੇਸ਼ਨ ਦੇ ਵੇਰਵੇ ਸਾਂਝੇ ਕਰਦਿਆਂ ਸੀਨੀਅਰ ਸੁਪਰਡੈਂਟ ਆਫ਼ ਪੁਲਿਸ (ਐਸਐਸਪੀ) ਗੁਰਦਾਸਪੁਰ ਆਦਿੱਤਿਆ ਨੇ ਦੱਸਿਆ ਕਿ ਇਸ ਘਟਨਾ ਤੋਂ ਬਾਅਦ ਤੇਜ਼ੀ ਨਾਲ ਕਾਰਵਾਈ ਕਰਦਿਆਂ ਇਸ ਕੇਸ ਸਬੰਧੀ ਵੱਖ-ਵੱਖ ਟੀਮਾਂ ਦਾ ਗਠਨ ਕੀਤਾ ਗਿਆ। ਸੀਸੀਟੀਵੀ ਫੁਟੇਜ, ਖੁਫੀਆ ਜਾਣਕਾਰੀ ਅਤੇ ਤਕਨੀਕੀ ਵਿਸ਼ਲੇਸ਼ਣ ਦੀ ਮਦਦ ਨਾਲ ਪਤਾ ਚੱਲਿਆ ਕਿ ਪਲਸਰ ਮੋਟਰਸਾਈਕਲ 'ਤੇ ਸਵਾਰ ਦੋ ਸ਼ੱਕੀ ਵਿਅਕਤੀਆਂ ਵੱਲੋਂ ਅਸ਼ੋਕਾ ਚਿਪਸ ਨੇੜੇ ਗ੍ਰਨੇਡ ਸੁਟਿਆ ਗਿਆ ਸੀ, ਜਿਸ ਉਪਰੰਤ ਤਿੰਨ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਐਸਐਸਪੀ ਨੇ ਦੱਸਿਆ ਕਿ ਇਸ ਕੇਸ ਵਿੱਚ ਵਿਦੇਸ਼ੀ ਹੈਂਡਲਰਾਂ ਅਤੇ ਸਥਾਨਕ ਸਹਾਇਤਾ ਨੈਟਵਰਕਾਂ ਦੀ ਭੂਮਿਕਾ ਸਮੇਤ ਅਗਲੇ-ਪਿਛਲੇ ਸਬੰਧਾਂ ਦਾ ਪਤਾ ਲਗਾਉਣ ਲਈ ਅਗਲੇਰੀ ਜਾਂਚ ਜਾਰੀ ਹੈ। ਉਨ੍ਹਾਂ ਅੱਗੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਹੋਰ ਗ੍ਰਿਫ਼ਤਾਰੀਆਂ ਅਤੇ ਬਰਾਮਦਗੀਆਂ ਹੋਣ ਦੀ ਸੰਭਾਵਨਾ ਹੈ। ਇਸ ਸਬੰਧ ਵਿੱਚ ਪੁਲਿਸ ਥਾਣਾ ਸਿਟੀ ਗੁਰਦਾਸਪੁਰ ਵਿਖੇ ਵਿਸਫੋਟਕ ਪਦਾਰਥ ਐਕਟ ਦੀ ਧਾਰਾ 4 ਅਤੇ 5 ਤਹਿਤ ਐਫਆਈਆਰ ਨੰਬਰ 113 ਮਿਤੀ 27.04.2026 ਨੂੰ ਇੱਕ ਕੇਸ ਦਰਜ ਕੀਤਾ ਗਿਆ ਸੀ, ਜਿਸ ਵਿੱਚ ਬਾਅਦ 'ਚ ਗੈਰ-ਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ (ਯੂਏਪੀਏ) ਦੀਆਂ ਸਬੰਧਤ ਧਾਰਾਵਾਂ ਨੂੰ ਜੋੜਿਆ ਗਿਆ।

## ਜਨਮਦਿਨ ਮੁਬਾਰਕ



ਨਮਿਸ਼ ਅਰੋੜਾ ਅਤੇ ਨਾਯਰਾ ਅਰੋੜਾ




ਅਸ਼ਵਨੀ ਜੇਤਲੀ ਮਾਲਕ, ਐਡੀਟਰ/ਪ੍ਰਿੰਟਰ ਤੇ ਪਬਲਿਸ਼ਰ ਨੇ ਰੋਟਰੀ ਪ੍ਰਿੰਟਰਜ਼ ਤੋਂ ਛਪਵਾ ਕੇ ਦਫ਼ਤਰ ਜ਼ਿਕਰ ਪੰਜਾਬ (ਸਪਤਾਹਿਕ) 7, ਮਾਨਕ ਇਨਕਲੇਵ, ਧਾਂਦਰਾ ਰੋਡ, ਲੁਧਿਆਣਾ ਤੋਂ ਪ੍ਰਕਾਸ਼ਿਤ ਕੀਤਾ।
Published, Printed & Owned by Ashwani Jaitly Published at 7, Manak Enclave, Dhandra Road, Ludhiana, Punjab State Printed at Rotary Printers, Kot Almgir, Ludhiana, Punjab State Editor- Ashwani Jaitly